ਕੈਨੇਡਾ ਦਰਪਣ

ਅਪ੍ਰੈਲ 1, 1983

April 1, 1983

ਸੰਪਾਦਕ: ਦਰਸ਼ਨ ਗਿੱਲ

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਆਪਣੇ ਪਿਤਾ ਸ਼ਿਵਦੇਵ ਸਿੰਘ ਹੁੰਦਲ ਅਤੇ ਮਾਤਾ ਹਰਬੰਸ ਕੌਰ ਹੁੰਦਲ ਦੀ ਯਾਦ ਵਿੱਚ ਤਿਆਰ ਕੀਤੀ।

ਸ੍ਰੋਤ: ਕੈਨੇਡਾ ਦਰਪਣ ਦਾ ਇਹ ਅੰਕ ਸੁਖਵੰਤ ਹੁੰਦਲ ਦੀ ਨਿੱਜੀ ਲਾਇਬ੍ਰੇਰੀ ਤੋਂ ਪ੍ਰਾਪਤ ਹੋਇਆ।

25¢ Out Of Greater Vancouver 40¢

ਕੈਨੇਡਾ ਦਰਪਣ


ADDRESS:
P.O. BOX 67344 STN. 'O'
VANCOUVER, B.C. V5W 3T1
CANADA

Publisher: ASIA BOOK COMPANY LTD.
VOL. 2, NO. 7 April 1, 1983
PHONE: 324-6111

THE CANADA DARPAN
PUNJABI FORTNIGHTLY
Hon. Editor DARSHAN GILL

ਅੰਦਰ ਪੜ੍ਹੋ —

ਵਿਸਾਖੀ ਦੇ ਪੁਰਬ ਦੀ ਪਾਠਕਾਂ ਨੂੰ ਵਧਾਈ ਹੋਵੇ



ਗੁਰਦੁਆਰਾ ਸਾਹਿਬ ਐਬਟਸਫੋਰਡ ਦੇ 26 ਮਾਰਚ, ਦੇ ਨਗਰ ਕੀਰਤਨ ਦਾ ਇਕ ਦ੍ਰਿਸ਼



ਜੱਟਾ ਆਈ ਵਿਸਾਖੀ

ਇਮੀਗਰੇਸ਼ਨ ਦੇ ਵਜ਼ੀਰ ਐਕਸਵਰਦੀ ਵਲੋਂ ਥਾਪੇ ਗਏ ਵਕੀਲ ਦਾ ਬਾਈਕਾਟ ਕਰੋ—ਉਜੱਲ

ਕੈਨੇਡਾ ਦਾ ਇਤਿਹਾਸ ਗਵਾਹ ਹੈ ਕਿ ਜਦੋਂ ਭੀ ਆਰਥਿਕ ਮੰਦਵਾੜਾ ਆਇਆ ਹੈ ਤਾਂ ਸਾਡੇ ਵਰਗੇ ਘੱਟ ਗਿਣਤੀਆਂ ਦੇ ਲੋਕਾਂ ਨੂੰ ਕੁਰਬਾਨੀ ਦਾ ਬੱਕਰਾ ਬਣਾਇਆ ਜਾਂਦਾ ਰਿਹਾ ਹੈ। ਜਦੋਂ ਪਿਛੇ ਜਿਹੇ 1976-77 ਵਿਚ ਆਰਥਿਕ ਮੁਸ਼ਕਲਾਂ ਕੈਨੇਡਾ ਨੂੰ ਪੇਸ਼ ਆਈਆਂ ਤਾਂ ਸਰਕਾਰ ਨੇ ਆਰਥਿਕਤਾ ਉਪਰ ਗਰੀਨ ਪੇਪਰ ਪੇਸ਼ ਕਰਨ ਦੀ ਜਗ੍ਹਾ ਇਮੀਗਰੇਸ਼ਨ ਦੇ ਮਸਲੇ ਪੁਰ ਗਰੀਨ ਪੇਪਰ ਪੇਸ਼ ਕਰਕੇ ਨਸਲਪਰਸਤੀ ਨੂੰ ਹਵਾ ਦਿਤੀ। ਅਸੀਂ ਸਾਰਿਆਂ ਨੇ ਉਸ ਵੇਲੇ ਆਪਣੇ ਆਪਣੇ ਸੁਝਾਅ ਵਧ ਚੜ੍ਹ ਕੇ ਪੇਸ਼ ਕੀਤੇ। ਉਹਨਾਂ ਦਾ ਕੋਈ ਅਸਰ ਨਹੀਂ ਹੋਇਆ। ਗਰੀਨ ਪੇਪਰ ਦੀਆਂ ਸਾਰੀਆਂ ਸਕੀਮਾਂ ਕਾਨੂੰਨ ਦੀ ਸ਼ਕਲ ਵਿਚ ਪਾਸ ਹੋ ਗਈਆਂ। ਨਾਲ ਨਾਲ ਸਰਕਾਰ ਨੂੰ ਇਹ ਫਾਇਦਾ ਹੋ ਗਿਆ ਕਿ ਲੋਕਾਂ ਵਲੋਂ ਸਰਕਾਰ ਤੇ ਗੁੱਸਾ ਜ਼ਾਹਿਰ ਕਰਨ ਦੀ ਵਜਾਇ ਨਸਲਪਰਸਤਾਂ ਨੇ ਸਾਰਾ ਗੁੱਸਾ ਸਾਡੇ ਤੇ ਕੱਢ ਮਾਰਿਆ। ਇਸ ਨਾਲ ਸਰਕਾਰ ਨੂੰ ਜ਼ਰਾ ਸੌਖਾ ਸਾਹ ਲੈਣ ਦਾ ਮੌਕਾ ਮਿਲ ਗਿਆ।

ਹੁਣ ਭੀ ਕੈਨੇਡੀਅਨ ਇਮੀਗਰੇਸ਼ਨ ਮਹਿਕਮੇ ਵਲੋਂ ਥਾਪੀ ਹੋਈ ਕੌਂਸਲ ਨੇ ਇਹ ਸੁਝਾਅ ਪੇਸ਼ ਕੀਤੇ ਹਨ ਵਜ਼ੀਰ ਨੂੰ ਕਿ ਜਿੰਨੇ ਵੀ ਕੈਨੇਡਾ ਵਿਚ ਗੈਰ ਕਾਨੂੰਨੀ ਇਮੀਗਰੈਂਟ ਹਨ, ਉਹਨਾਂ ਨੂੰ ਇਥੇ ਰਹਿਣ ਦੀ ਜਨਰਲ ਐਮਨੈਸਟੀ (ਆਮ ਮੁਹਲਤ) ਦਿੱਤੀ ਜਾਵੇ। ਐਕਸਵਰਦੀ ਨੇ ਉਸ ਸੁਝਾਅ ਉਤੇ ਅਮਲ ਕਰਨ ਦੀ ਬਜਾਇ ਸਾਡੀਆਂ ਸੰਸਥਾਵਾਂ ਪਾਸੋਂ ਉਸ ਸੁਝਾਅ ਬਾਰੇ ਵਿਚਾਰ ਪੁੱਛੇ। ਅਸੀਂ ਮੇਰਾ ਖਿਆਲ ਸਾਰਿਆਂ ਨੇ ਇਹ ਵਿਚਾਰ ਪੇਸ਼ ਕੀਤਾ ਕਿ ਜਿੰਨੇ ਵੀ ਲੋਕ ਇਥੇ illegal ਤੌਰ ਪੁਰ ਰਹਿ ਰਹੇ ਹਨ ਉਹਨਾਂ ਨੂੰ ਇਥੇ ਕਾਨੂੰਨੀ ਤੌਰ ਤੇ ਰਹਿਣ ਦੀ ਮੋਹਲਤ ਦਿੱਤੀ ਜਾਵੇ। ਉਸਨੇ ਚਿੱਠੀਆਂ ਵਿਚ ਇਹ ਸਾਫ ਤੌਰ ਤੇ ਕਿਹਾ ਕਿ ਸਰਕਾਰ ਦੀ ਇਹ ਪਾਲਿਸੀ ਨਹੀਂ ਅਤੇ ਸਰਕਾਰ ਦਾ ਕੋਈ ਇਰਾਦਾ ਨਹੀਂ। ਅਡਵਾਈਜ਼ਰੀ ਕੌਂਸਲ ਦੇ ਸੁਝਾਵਾਂ ਉਪਰ ਅਮਲ ਕਰਨ ਦਾ। ਨਾਲ ਹੀ ਉਸ ਨੇ ਇਹ ਐਲਾਨ ਕੀਤਾ ਕਿ ਉਹ ਬੀ. ਸੀ. ਦੇ ਇਕ ਵਕੀਲ ਰੌਬਿਨਸਨ ਨੂੰ ਇਸ ਕੰਮ ਲਈ ਥਾਪ ਰਿਹਾ ਹੈ ਕਿ ਉਹ ਕੈਨੇਡਾ ਵਿਚ ਕੌਮੀ ਪੱਧਰ ਤੇ ਇਹ ਬਹਿਸ ਸ਼ੁਰੂ ਕਰਵਾਏ ਕਿ ਗੈਰ ਕਾਨੂੰਨੀ ਇਮੀਗਰੈਂਟਾ ਦੇ ਸਬੰਧ ਵਿਚ ਕੀ ਹੋਣਾ ਚਾਹੀਦਾ ਹੈ ? ਵਜ਼ੀਰ ਦੇ ਕਹਿਣ ਮੁਤਾਬਿਕ ਇਹ ਜ਼ਰੂਰੀ ਹੈ ਕਿ ਸਾਰੇ ਕੈਨੇਡੀਅਨ ਇਸ ਮਸਲੇ ਬਾਰੇ ਆਪਣੇ ਵਿਚਾਰ ਇਕ ਪਬਲਿਕ ਡੀਬੇਟ ਦੇ ਤੌਰ ਪੁਰ ਪੇਸ਼ ਕਰ ਸਕਣ ਜਿਸ ਤੋਂ ਉਪਰੰਤ ਰੌਬਿਨਸਨ ਆਪਣੀ ਰੀਪੋਰਟ ਦੇਵੇਗਾ।

ਐਕਸਵਰਦੀ ਵਲੋਂ ਇਹ ਸਾਡੇ ਘੱਟ-ਗਿਣਤੀ ਦੇ ਲੋਕਾਂ ਨਾਲ ਸਰਾਸਰ ਧੋਖਾ ਹੈ। ਜੇ ਉਸ ਨੇ ਮੁਹਲਤ ਨਹੀਂ ਦੇਣੀ ਗੈਰਕਾਨੂੰਨੀ ਇਮੀਗਰੈਂਟਾਂ ਨੂੰ ਨਾ ਦੇਵੇ। ਪਰ ਉਸਦੇ ਇਸ ਕਦਮ ਨਾਲ ਜੋ ਡੀਬੇਟ ਹੋਏਗੀ ਉਸ ਨਾਲ ਨਸਲਪਰਸਤਾਂ ਨੂੰ ਫਿਰ ਸਿਰ ਚੁਕਣ ਦਾ ਮੌਕਾ ਮਿਲੇਗਾ। ਇਹ ਗੱਲ ਐਕਸਵਰਦੀ ਕੋਲੋਂ ਗੁੱਝੀ ਨਹੀਂ। ਇਸ ਤੋਂ ਸਾਨੂੰ ਇਹ ਸਮਝਣਾ ਚਾਹੀਦਾ ਹੈ ਕਿ ਐਕਸਵਰਦੀ ਜਾਣ ਬੁਝ ਕੇ ਸਾਰਾ ਕੁਝ ਕਰ ਰਿਹਾ ਹੈ ਤਾਂ ਕਿ ਫਿਰ ਗਰੀਨ ਪੇਪਰ ਦੇ ਦੌਰ ਦੀ ਤਰਾਂ ਘੱਟ ਗਿਣਤੀ ਦੇ ਲੋਕਾਂ ਨੂੰ ਆਰਥਿਕ ਮੰਦਵਾੜੇ ਲਈ ਜ਼ਿੰਮੇਵਾਰ ਠਹਿਰਾ ਕੇ ਫਿਰ ਮੁਹਲਤ ਨਾ ਦੇਣ ਦਾ ਫੈਸਲਾ ਦਿਤਾ ਜਾਵੇ। ਜੇ ਇਹ ਐਕਸਵਰਦੀ ਦਾ ਇਰਾਦਾ ਨਹੀਂ ਤਾਂ ਚਾਹੀਦਾ ਹੈ ਕਿ ਐਕਸਵਰਦੀ ਇਸ ਨਿਯੁਕਤੀ ਨੂੰ ਵਾਪਸ ਲਏ। ਸਾਨੂੰ ਇਹ ਡੀਬੇਟ ਨਹੀਂ ਚਾਹੀਦੀ। ਸਾਡੇ ਲਈ ਇਹ ਬਹੁਤ ਹਾਨੀਕਾਰਕ ਹੋਵੇਗੀ। ਫੈਸਲੇ ਤਾਂ ਸਰਕਾਰ ਨੇ ਪਹਿਲਾਂ ਹੀ ਕੀਤੇ ਹੋਏ ਹੁੰਦੇ ਹਨ। ਸੋ ਮੁਹਲਤ ਮਿਲੇ ਜਾਂ ਨਾ ਡੀਬੇਟ ਇਕ ਫਰੇਬ ਦੀ ਤਰਾਂ ਹੈ।

ਕਿਉਂਕਿ ਇਹ ਡੀਬੇਟ ਸਾਡੇ ਵਾਕਾਰ ਲਈ ਸਮਾਜਿਕ ਤੌਰ ਤੇ ਹਾਨੀਕਾਰਕ ਹੋਵੇਗੀ। ਨਸਲੀ ਭਾਵਨਾਵਾਂ ਨੂੰ ਹੌਸਲਾ ਦੇਵੇਗੀ। ਇਸ ਕਰਕੇ ਸਾਨੂੰ ਇਸ ਡੀਬੇਟ ਦਾ ਬਾਈਕਾਟ ਕਰਨਾ ਚਾਹੀਦਾ ਹੈ। ਕਈ ਦਫਾ ਜਿੰਨਾ ਤਕੜਾ constitution ਅਸੀਂ ਬਾਈਕਾਟ ਕਰਕੇ ਪਾ ਸਕਦੇ ਹਾਂ ਉਨਾ ਹੀ ਹਿੱਸਾ ਲੈਣ ਨਾਲ ਨਹੀਂ ਪਾਇਆ ਜਾ ਸਕਦਾ। ਸਾਡੇ ਬਾਈਕਾਟ ਨਾਲ ਸਰਕਾਰ ਨੂੰ ਕੰਨ ਹੋ ਜਾਣਗੇ ਕਿ ਅਸੀਂ ਚੁੱਪ ਗੜੁਪ ਸਾਰਾ ਕੁਝ ਨਹੀਂ ਸਹਾਂਗੇ। ਬਾਈਕਾਟ ਬਾਰੇ ਸਾਨੂੰ ਪਰੈਸ ਨਾਲ ਤਾਲਮੇਲ ਕਰਨਾ ਚਾਹੀਦਾ ਹੈ ਤਾਂ ਕਿ ਬਾਈਕਾਟ ਦਾ ਲੋਕਾਂ ਨੂੰ ਪਤਾ ਲੱਗੇ। ਬਾਈਕਾਟ ਜ਼ਰੂਰੀ ਹੈ। ਇਹ ਕਹਿਣਾ ਕਿ ਉਸ (ਰੌਬਿਨਸ਼ਨ) ਨੇ ਰੀਪੋਰਟ ਤਾਂ ਦੇਣੀ ਹੀ ਹੈ ਕਿਉਂ ਨਾ ਅਸੀਂ ਹਿੱਸਾ ਲਈਏ ਡੀਬੇਟ ਵਿਚ ? ਕਿਉਂ ਨਾ ਆਪਣੇ ਵਿਚਾਰ ਦੇਈਏ ? ਇਹ ਸਾਰਾ ਕੁਝ ਅਸੀਂ ਬਾਈਕਾਟ ਕਰਦੇ ਹੋਏ ਚੰਗੀ ਤਰਾਂ ਕਰ ਸਕਦੇ ਹਾਂ ਅਤੇ ਨਾਲ ਨਾਲ ਸਰਕਾਰ ਦੀਆਂ ਚਾਲਾਂ ਨੂੰ ਨੰਗਿਆਂ ਕਰ ਸਕਦੇ ਹਾਂ। ਜੇ ਅਸੀਂ ਬਾਈਕਾਟ ਨਾ ਕੀਤਾ ਤਾਂ ਇਹ ਸਮਝਿਆ ਜਾਵੇਗਾ ਕਿ ਅਸੀਂ ਐਕਸਵਰਦੀ ਦੀਆਂ ਚਾਲਾਂ ਪੁਰ ਫੁੱਲ ਚੜਾਉਂਦੇ ਹਾਂ। ਸਾਨੂੰ ਤਕੜੇ ਹੋਣਾ ਚਾਹੀਦਾ ਹੈ। ਆਪਣੀ ਹੋਂਦ ਤੇ ਮਾਣ ਕਰਦੇ ਹੋਏ ਸਾਨੂੰ ਇਸ ਡੀਬੇਟ ਦਾ ਬਾਈਕਾਟ ਕਰਨਾ ਚਾਹੀਦਾ ਹੈ। ਨਾਲ ਹੀ ਸਰਕਾਰ ਨੂੰ ਚਾਹੀਦਾ ਹੈ ਆਰਥਿਕ ਮੰਦਵਾੜੇ ਉਪਰ ਡੀਬੇਟ ਕੀਤੀ ਜਾਵੇ ਤਾਂ ਕਿ ਮਜ਼ਦੂਰਾਂ ਨੂੰ ਇਹ ਮੌਕਾ ਮਿਲ ਸਕੇ ਕਿ ਉਹ ਸਿੱਧੇ ਤੌਰ ਤੇ ਸਰਕਾਰ ਪੁਰ ਆਪਣਾ ਗੁੱਸਾ ਜ਼ਾਹਿਰ ਕਰ ਸਕਣ। ਅਸੀਂ ਕੁਰਬਾਨੀ ਦੇ ਬੱਕਰੇ ਨਹੀਂ ਬਣਾਂਗੇ।

ਸੁਕਾਮਸ਼, ਬੀ. ਸੀ. ਵਿਖੇ ਨਵਾਂ ਗੁਰੂ ਘਰ

20 ਮਾਰਚ, 1983 ਨੂੰ ਗੁਰੂ ਘਰ ਦੀ ਅਪਾਰ ਬਖਸ਼ਸ਼ ਦੁਆਰਾ ਅਤੇ ਸੁਕਾਮਸ਼ ਦੀਆਂ ਸੰਗਤਾਂ ਦੇ ਉਦਮ ਨਾਲ ਨਵੇਂ ਗੁਰੂ ਘਰ ਦੀ ਇਮਾਰਤ ਮੁਕੰਮਲ ਹੋਈ ਹੈ। ਅਖੰਡ ਪਾਠ ਦੇ ਭੋਗ ਉਪਰੰਤ ਨਿਸ਼ਾਨ ਸਾਹਿਬ ਨੂੰ ਲਹਿਰਾਉਣ ਦੀ ਰਸਮ ਪੰਜਾਂ ਪਿਆਰਿਆਂ ਵਲੋਂ ਕੀਤੀ ਗਈ। ਬੀ. ਸੀ. ਦੀਆਂ ਸੁਸਾਇਟੀਆਂ ਵਲੋਂ ਇਹ ਸ਼ੁਭ ਅਵਸਰ ਤੇ ਨੁਮਾਇੰਦੇ ਭੇਜੇ ਗਏ, ਅਤੇ ਯਥਾ ਸ਼ਕਤ ਮਾਇਆ ਵੀ ਦਿਤੀ ਗਈ। ਬਾਹਰੋਂ ਆਈਆਂ ਸੁਸਾਇਟੀਆਂ ਦੇ ਨੁਮਾਇੰਦਿਆਂ ਨੇ ਸੁਕਾਮਸ਼ ਦੀਆਂ ਸੰਗਤਾਂ ਨੂੰ ਸ਼ੁਭ ਇਛਾਵਾਂ ਤੇ ਗੁਰੂ ਘਰ ਦੇ ਮੁਕੰਮਲ ਹੋਣ ਤੇ ਵਧਾਈ ਦਿਤੀ। ਸ਼ਹਿਰ ਦੇ ਲੋਕਲ ਪਤਵੰਤੇ ਮੈਂਬਰ ਆਫ ਪਾਰਲੀਮੈਂਟ, ਜੱਜ, ਮੇਅਰ ਅਤੇ ਹੋਰ ਸਜਣਾਂ ਨੇ ਵੀ ਇਸ ਅਵਸਰ ਤੇ ਪਹੁੰਚ ਕੇ ਵਧਾਈ ਦਿਤੀ। ਖਾਲਸਾ ਦੀਵਾਨ ਸੁਸਾਇਟੀ ਵੈਨਕੂਵਰ ਤੋਂ ਪਹੁੰਚੇ ਸਕੂਲ ਦੇ ਬੱਚਿਆਂ ਨੇ ਸ਼ਬਦ ਗਾਉਣ ਤੋਂ ਇਲਾਵਾ ਧਾਰਮਿਕ ਪ੍ਰੋਗਰਾਮ ਦੇ ਕਰ ਬਹੁਤ ਸੁੰਦਰ ਪ੍ਰਭਾਵ ਪਾਊ ਵਾਤਾਵਰਣ ਬਣਾ ਦਿਤਾ। ਸਭ ਬੱਚਿਆਂ ਨੇ ਕੇਸਰੀ ਰੰਗ ਦੇ ਬਾਣੇ ਪਹਿਨੇ ਹੋਏ ਸਨ। ਗੁਰੂ ਮਹਾਰਾਜ ਸਭ ਨੂੰ ਗੁਰੂ ਘਰਾਂ ਦੇ ਪ੍ਰਬੰਧ ਗੁਰਮਰਯਾਦਾ ਨਾਲ ਚਲਾਉਣ ਲਈ ਪ੍ਰਸਪਰ ਪਿਆਰ ਏਕਤਾ ਅਤੇ ਸਿੱਖੀ ਸ਼ਰਧਾ ਬਖਸ਼ੇ।

ਡਾਕਟਰ ਚੌਹਾਨ ਅਮਰੀਕਾ ਦੇ ਸ਼ਹਿਰ ਬਲੇਨ ਵਿਚ

ਨਗਰ ਕੀਰਤਨ ਸਮੇਂ ਪੰਜਾਬੀ ਮਾਰਕਿਟ ਵਿਚ ਰੌਣਕਾਂ

ਪੰਜਾਬੀ-ਇੰਡੀਆ ਮਾਰਕਿਟ ਐਸੋਸੀਏਸ਼ਨ ਦੇ ਸਕੱਤਰ ਮਹੇਸ਼ ਸਵਾਲੀ ਨੇ ਸਾਡੇ ਨੁਮਾਇੰਦੇ ਨੂੰ ਦਸਿਆ ਕਿ ਉਨ੍ਹਾਂ ਨੂੰ ਇਹ ਜਾਣਕੇ ਖੁਸ਼ੀ ਹੋਈ ਹੈ ਕਿ ਖਾਲਸਾ ਦੀਵਾਨ ਸੁਸਾਇਟੀ ਰੌਸ ਸਟਰੀਟ ਵਲੋਂ ਸਲਾਨਾ ਨਗਰ ਕੀਰਤਨ ਇਸ ਸਾਲ 2 ਅਪ੍ਰੈਲ 1983 ਨੂੰ ਕੀਤਾ ਜਾ ਰਿਹਾ ਹੈ। ਜਲੂਸ ਪਹਿਲੇ ਸਾਲਾਂ ਦੀ ਤਰਾਂ ਇਸ ਸਾਲ ਵੀ ਪੰਜਾਬੀ ਮਾਰਕਿਟ ਵਿਚ ਦੀ ਲੰਘੇਗਾ। ਐਸੋਸੀਏਸ਼ਨ ਵਲੋਂ ਉਸ ਦਿਨ ਜਲੂਸ ਦੇ ਸੁਆਗਤ ਲਈ ਪੰਜਾਬੀ ਮਾਰਕਿਟ ਨੂੰ ਪੂਰੀ ਤਰਾਂ ਸਜਾਇਆ ਜਾਵੇਗਾ। ਸਭ ਮੈਂਬਰ ਦੁਕਾਨਦਾਰ ਵੱਡੀਆਂ ਵੱਡੀਆਂ ਸੇਲਜ਼ ਦੀਆਂ ਤਿਆਰੀਆਂ ਕਰ ਰਹੇ ਹਨ। ਪੂਰਨ ਆਸ ਹੈ ਕਿ ਹਜ਼ਾਰਾਂ ਹੀ ਲੋਕ ਪੰਜਾਬੀ ਮਾਰਕਿਟ ਵਿਚ ਆ ਕੇ ਜਲੂਸ ਦੀ ਰੌਣਕ ਵਧਾਣਗੇ ਅਤੇ ਲੱਗੀਆਂ ਸੇਲਜ਼ ਦਾ ਲਾਭ ਉਠਾਣਗੇ।

ਆਸਾਮੀਆਂ ਵਲੋਂ ਅੰਦੋਲਨ ਮੁਲਤਵੀ

ਨਵੀਂ ਦਿੱਲੀ—ਆਸਾਮੀ ਗਰਮ ਧੜੇ ਦੇ ਲੀਡਰਾਂ ਵਲੋਂ ਆਵਾਸੀ-ਵਿਰੋਧੀ ਅੰਦੋਲਨ ਮੁਲਤਵੀ ਕਰ ਦਿਤਾ ਗਿਆ ਹੈ। ਹਿੰਸਾ ਵਿਚ ਹੁਣ ਤਕ 3000 ਤੋਂ ਵਧੀਕ ਬੰਦੇ ਮਰ ਚੁਕੇ ਹਨ ਤੇ ਦੋ ਲੱਖ ਪੰਜਾਹ ਹਜ਼ਾਰ ਬੇਘਰ ਹੋ ਗਏ ਹਨ।

ਐਤਵਾਰ ਨੂੰ ਗੋਹਾਟੀ ਵਿਚ ਆਲ-ਆਸਾਮ ਸਟੂਡੈਂਟਸ ਯੂਨੀਅਨ ਤੇ ਆਲ-ਆਸਾਮ ਗਨ ਸੰਗਰਾਮ ਪ੍ਰੀਸ਼ਦ ਨੇ ਆਪਣਾ ਅੰਦੋਲਨ ਬੰਦ ਕਰ ਦਿਤਾ ਹੈ। ਇਸਦਾ ਕਾਰਲ ਹਿੰਸਾਤਮਕ ਘਟਨਾਵਾਂ ਦਾ ਲਗਾਤਾਰ ਵਾਪਰਨਾ ਹੈ। ਦੋਵੇਂ ਜਥੇਬੰਦੀਆਂ ਹੁਣ ਸ਼ਾਂਤੀ ਲਈ ਕੰਮ ਕਰਨਗੀਆਂ।

ਪਰ ਉਨ੍ਹਾਂ ਕਿਹਾ ਕਿ ਉਹ ਸਰਕਾਰ ਨਾਲ ਮਿਲਵਰਤਣ ਨਹੀਂ ਕਰਲਗੇ ਕਿਉਂਕਿ ਸਰਕਾਰ ਆਵਾਸੀਆਂ ਦੀਆਂ ਵੋਟਾਂ ਨਾਲ ਚੁਣ ਗਈ ਹੈ

ਉਨ੍ਹਾਂ ਨੇ ਆਸਾਮ ਦੇ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਉਹ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀਆ ਪਬਲਿਕ ਰੈਲੀਆਂ ਦਾ ਬਾਈਕਾਟ ਕਰਨ। ਬੁੱਧਵਾਰ ਇੰਦਰਾ ਗਾਂਧੀ ਗੋਹਾਟੀ ਜਾ ਰਹੀ ਹੈ।

ਮਰਨ ਵਾਲਿਆਂ ਵਿਚ ਬਹੁਤੀ ਗਿਣਤੀ ਬੰਗਲਾ ਦੇਸ਼ ਤੋਂ ਆਸਾਮ ਵਿਚ ਆਏ ਆਵਾਸੀਆਂ ਦੀ ਹੈ।

ਕੋਈ ਤੁਹਾਡੀ ਪਿੱਠ ਤੇ ਸਵਾਰੀ ਨਹੀਂ ਕਰ ਸਕਦਾ, ਬਸ਼ਰਤੇ ਉਹ ਝੁਕੀ ਹੋਈ ਨਾ ਹੋਵੇ.


—ਮਾਰਟਿਨ ਲੂਥਰ ਕਿੰਗ

ਖਾਲਸੇ ਦੇ ਜਨਮ ਦਿਹਾੜੇ ਤੇ ਐਬਟਸਫੋਰਡ ਵਿਚ ਮਹਾਨ ਨਗਰ ਕੀਰਤਨ

ਐਬਟਸਫੋਰਡ—26 ਮਾਰਚ ਸ਼ਨਿਚਰਵਾਰ ਨੂੰ ਖਾਲਸਾ ਦੀਵਾਨ ਸੁਸਾਇਟੀ ਐਬਟਸਫੋਰਡ ਵਲੋਂ ਮਹਾਨ ਨਗਰ ਕੀਰਤਨ ਦਾ ਪ੍ਰਬੰਧ ਕੀਤਾ ਗਿਆ। ਜੈਕਾਰਿਆਂ ਨਾਲ ਅਸਮਾਨ ਗੂੰਜ ਰਿਹਾ ਸੀ। ਇਸ ਨਗਰ ਕੀਰਤਨ ਦਾ ਪਹਿਲੀ ਵਾਰ ਐਬਟਸਫੋਰਡ ਵਿਚ ਪ੍ਰਬੰਧ ਕੀਤਾ ਗਿਆ। ਐਬਟਸਫੋਰਡ ਕੈਨੇਡਾ ਦੇ ਮੁਢਲੇ ਗੁਰੂ ਘਰਾਂ ਵਿਚ ਹੈ ਜਿਸਦੀ ਪਹਿਲੀ ਇਮਾਰਤ 1911 ਵਿਚ ਤਾਮੀਰ ਕੀਤੀ ਗਈ। ਨਵੀਂ ਸ਼ਾਨਦਾਰ ਇਮਾਰਤ ਦਾ ਉਦਘਾਟਨ ਵੀ ਇਸੇ ਸਾਲ ਕੀਤਾ ਗਿਆ ਹੈ।

ਖਾਲਸੇ ਦੇ 285 ਵੇਂ ਜਨਮ ਦਿਹਾੜੇ ਤੇ ਨਗਰ ਕੀਰਤਨ 11 ਵਜੇ ਤੋਂ ਆਰੰਭ ਹੋਇਆ। ਗਤਕੇ ਵਾਲਿਆਂ ਦੇ ਕਰਤੱਵ ਵੇਖਣ ਯੋਗ ਸਨ। ਖੂਬ ਸੂਰਤ ਫਲੋਟਾਂ ਨੇ ਮਨਮੋਹਣਾ ਦ੍ਰਿਸ਼ ਪੇਸ਼ ਕੀਤਾ। ਹਜ਼ਾਰਾਂ ਦੀ ਹਾਜ਼ਰੀ ਵਿਚ ਸੰਗਤਾਂ ਸ਼ਾਮਲ ਸਨ।

ਫਲੋਟ ਗੁਰਦੁਆਰਾ ਨਾਨਕਸਰ, ਖਾਲਸਾ ਸਿੰਘ ਸੁਸਾਇਟੀ, ਗੁਰੂ ਨਾਨਕ ਸਿੰਘ ਟੈਂਪਲ ਸਰੀ-ਡੈਲਟਾ, ਗੁਰੂ ਨਾਨਕ ਪੰਜਾਬੀ ਸਕੂਲ, ਖਾਲਸਾ ਦੀਵਾਨ ਸੁਸਾਇਟੀ ਨਿਊਵੈਸਟ, ਖਾਲਸਾ ਦੀਵਾਨ ਸੁਸਾਇਟੀ ਵੈਨਕੂਵਰ, ਸਿੱਖ ਸੁਸਾਇਟੀ ਮੇਰਟ ਸਿੱਖ ਯੂਥ ਫੈਡਰੇਸ਼ਨ ਆਫ ਕੈਨੇਡਾ, ਸ਼੍ਰੋਮਣੀ ਸਿੱਖ ਸੇਵਕ ਦਲ, ਪੰਜਾਬੀ ਮਾਰਕਿਟ ਵੈਨਕੂਵਰ, ਦਸ਼ਮੇਸ਼ ਪੰਜਾਬੀ ਸਕੂਲ ਐਬਟਸਫੋਰਡ ਪੰਜਾਬੀ ਸਕੂਲ ਨਿਊਵੈਸਟ, ਪੰਜਾਬੀ ਸਕੂਲ ਵੈਨਕੂਵਰ ਆਦਿ ਸੰਸਥਾਵਾਂ ਵਲੋਂ ਬੜੇ ਸ਼ਾਨਦਾਰ ਢੰਗ ਨਾਲ ਸਜਾਏ ਗਏ।





ਤਸਵੀਰ ਵਿਚ ਸ੍ਰੀ ਮਾਨ ਗੁਰਦੇਵ ਸਿੰਘ ਧਾਲੀਵਾਲ ਹੈਡਮਾਸਟਰ ਸਰਕਾਰੀ ਸਕੂਲ ਸ਼ਕੂਰ (ਜ਼ਿਲਾ ਫੀਰੋਜ਼ਪੁਰ) ਜੋ ਅੱਜ ਕੱਲ੍ਹ ਪੰਜਾਬ ਸਰਕਾਰ ਵਲੋਂ ਛੁੱਟੀ ਤੇ ਹਨ, ਨਗਰ ਕੀਰਤਨ ਵਿਚ ਪੰਜਾਬੀ ਸਕੂਲ ਰੌਸ ਗੁਰਦੁਆਰਾ ਸਾਹਿਬ ਦੇ ਬੱਚਿਆਂ ਦੀ ਅਗਵਾਈ ਕਰਦੇ ਹੋਏ।

ਭਾਰਤੀ ਹਾਈ ਕਮਿਸ਼ਨਰ ਦੇ ਮਾਣ ਵਿਚ ਓਵਰਸੀਜ਼ ਕਾਂਗਰਸ ਵਲੋਂ ਪਾਰਟੀ

ਵੈਨਕੂਵਰ—29 ਮਾਰਚ, 1983 ਨੂੰ ਸ਼ਾਮ ਦੇ ਅੱਠ ਵਜੇ ਤਾਜ ਮਹੱਲ ਰੈਸਟੋਰੈਂਟ ਵਿਚ ਓਵਰਸੀਜ਼ ਕਾਂਗਰਸ ਵਲੋਂ ਕੈਨੇਡਾ ਵਿਚ ਭਾਰਤੀ ਹਾਈ ਕਮਿਸ਼ਨਰ ਸ੍ਰੀ ਐਮ. ਆਰ. ਸਿਵਾਰਾਮਾ ਕ੍ਰਿਸ਼ਨਨ ਦੇ ਮਾਣ ਵਿਚ ਪਾਰਟੀ ਦਿਤੀ ਗਈ ਜਿਸ ਵਿਚ ਹੋਰ ਜਥੇਬੰਦੀਆਂ ਦੇ ਨੁਮਾਇੰਦੇ ਵੀ ਸ਼ਾਮਲ ਸਨ।

ਸ੍ਰੀ ਸਿਵਰਾਮਾ ਕ੍ਰਿਸ਼ਨਨ ਤਾਮਿਲ ਬੋਲੀ ਦੇ ਕਵੀ ਹਨ ਤੇ ਹੰਢੇ ਹੋਏ ਪੱਤਰਕਾਰ ਹਨ।

ਓਵਰਸੀਜ਼ ਕਾਂਗਰਸ ਦੇ ਸਕੱਤਰ ਮੁਹਿੰਦਰ ਸਿੰਘ ਗਿੱਲ ਨੇ ਭਾਰਤੀ ਹਾਈ ਕਮਿਸ਼ਨਰ ਦੀ ਜਾਣ ਪਛਾਣ ਕਰਵਾਈ।

ਡਾਕਟਰ ਗੁਰਦੇਵ ਸਿੰਘ ਗਿੱਲ ਨੇ ਭਾਰਤੀ ਹਾਈ ਕਮਿਸ਼ਨਰ ਦਾ ਧਿਆਨ ਭਾਰਤੀਆਂ ਦੀ ਮੁਖ ਸਮੱਸਿਆ ਵਾਹੀਯੋਗ ਜ਼ਮੀਨਾਂ ਵੱਲ ਦਿਵਾਇਆ। ਡਾਕਟਰ ਗਿੱਲ ਨੇ ਕਿਹਾ ਕਿ ਇਸਦਾ ਨੁਕਸਾਨ ਭਾਰਤ ਸਰਾਕਰ ਨੂੰ ਵਧੇਰੇ ਹੋਵੇਗਾ ਤੇ ਨਾ ਹੀ ਇਸ ਐਕਟ ਦੀ ਪੂਰੀ ਤਰ੍ਹਾਂ ਬਾਹਰ ਵਸਦੇ ਭਾਰਤੀਆਂ ਨੂੰ ਜਾਣਕਾਰੀ ਦਿਤੀ ਗਈ ਹੈ।

ਸ੍ਰੀ ਸ਼ਿਵਾਰਾਮਾ ਕ੍ਰਿਸ਼ਨਨ ਨੇ ਆਪਣੇ ਪ੍ਰਧਾਨਗੀ ਭਾਸ਼ਨ ਵਿਚ ਕਿਹਾ ਕਿ ਇਹ ਐਕਟ ਪਾਰਲੀਮੈਂਟ ਨੇ ਪਾਸ ਕੀਤਾ ਹੈ ਤੇ ਪਾਰਲੀਮੈਂਟ ਨੂੰ ਹੀ ਇਹ ਅਧਿਕਾਰ ਹੈ ਕਿ ਉਹ ਇਸ ਵਿਚ ਤਬਦੀਲ ਕਰੇ। ਇਸ ਲਈ ਸਭ ਕੈਨੇਡਾ ਦੇ ਭਾਰਤੀਆਂ ਦੇ ਵਿਚਾਰ ਤੇ ਮਨੋਭਾਵ ਸਰਕਾਰ ਨੂੰ ਪੁਚਾ ਦਿਤੇ ਜਾਣਗੇ। ਉਨ੍ਹਾਂ ਭਰੋਸਾ ਦਿਤਾ ਕਿ ਇਸ ਬਾਰੇ ਅਹਿਮ ਕਦਮ ਪੁੱਟੇ ਜਾਣਗੇ।

ਗੈਰ ਕਾਨੂੰਨੀ ਇੰਮੀਗਰੈਂਟਾਂ ਬਾਰੇ ਬਲਦੇਵ ਢਿੱਲੋਂ ਕੇਸ ਦੀ ਕਾਰਵਾਈ ਐਡਮਿੰਟਨ ਵਿਚ ਸ਼ੁਰੂ

ਐਡਮਿੰਟਨ—ਬਲਦੇਵ ਸਿੰਘ ਢਿੱਲੋਂ ਤੇ ਚਲ ਰਹੇ ਕੇਸ ਦੀ ਹੋਰ ਕਾਰਵਾਈ ਦੀ ਸੂਚਨਾ ਮਿਲੀ ਹੈ।

ਬਲਦੇਵ ਢਿੱਲੋਂ ਤੇ ਕਥਿਤ ਦੋਸ਼ ਹੈ ਕਿ ਉਸਨੇ ਜਬਰੀ ਵਗਾਰ ਕਰਵਾਈ ਤੇ ਇਸ ਲਈ ਇੰਡੀਆਂ ਤੋਂ ਗੈਰ ਕਾਨੂੰਨੀ ਇੰਮੀਗਰੈਂਟ ਕੈਨੇਡਾ ਵਿਚ ਲਿਆਂਦੇ।

ਢਿਲੋਂ ਕੇਸ ਦੀਆਂ ਗਵਾਹੀਆਂ ਸ਼ੁਰੂ ਹੋ ਗਈਆਂ ਹਨ। ਬਲਦੇਵ ਸਿੰਘ ਢਿਲੋਂ 43 ਸਾਲਾਂ ਦਾ ਹੈ

ਅਮਰੀਕ ਸਿੰਘ ਸੰਧੂ ਨੇ ਕੋਰਟ ਨੂੰ ਦੱਸਿਆ ਕਿ ਢਿਲੋਂ ਨੇ ਉਸ ਨੂੰ ਨਵੀਂ ਦਿਲੀ ਕੰਮ ਤੇ ਰੱਖਿਆ ਅਤੇ ਵਾਅਦਾ ਕੀਤਾ ਕਿ ਉਸਨੂੰ ਕੈਨੇਡਾ ਵਿਚ ਕਾਰਪੈਂਟਰ ਦਾ ਕੰਮ ਕਰਵਾਇਆ ਜਾਵੇਗਾ।

ਸੰਧੂ ਨੇ ਕਿਹਾ ਕਿ ਏਥੇ ਪਹੁੰਚ ਕੇ ਢਿਲੋਂ ਨੇ ਉਸ ਤੋਂ ਪੈਸੇ ਵੀ ਲੈ ਲਏ ਤੇ ਰੀਟਰਨ ਟਿਕਟ ਵੀ ਲੈ ਲਿਆ। ਜਿਸ ਦਿਨ ਤੋਂ ਉਹ ਆਇਆ ਤੇ 17 ਫਰਵਰੀ 1982 ਤੱਕ(ਜਿਸ ਦਿਟ ਆਰੀ. ਸੀ. ਐਮ. ਪੀ. ਤੇ ਇੰਮੀਗਰੇਸ਼ਨ ਵਾਲਿਆਂ ਉਨ੍ਹਾਂ ਨੂੰ ਗ੍ਰਿਫਤਾਰ ਕੀਤਾ) ਢਿਲੋਂ ਉਸ ਤੋਂ 12 ਤੋਂ 13 ਘੰਟੇ ਕੰਮ ਲੈਂਦਾ ਰਿਹਾ ਅਤੇ ਉਸਨੂੰ ਕੇਵਲ 20 ਡਾਲਰ ਦਿਤੇ। ਸੰਧੂ ਨੇ ਕਿਹਾ ਕਿ ਏਨੇ ਸਮੇਂ ਵਿਚ 25 ਦਸੰਬਰ ਨੂੰ ਉਸਨੂੰ ਇਕ ਦਿਨ ਛੁੱਟੀ ਦਿਤੀ ਗਈ।

ਸੰਧੂ ਨੇ ਕਿਹਾ ਕਿ ਉਹ ਢਿਲੋਂ ਲਈ ਘਰ ਬਣਾਉਣ ਲੱਗਾ ਜਿਸ ਲਈ ਉਸਨੇ 300 ਡਾਲਰ ਮਹੀਨੇ ਦੇ ਦੇਣੇ ਸਨ ਪਰ ਉਸਨੇ ਨਹੀਂ ਦਿਤੇ। ਢਿਲੋਂ ਨੇ ਉਸਨੂੰ ਸੀ. ਐਸ. ਬਰਾੜ ਦੇ ਨਾਂ ਹੇਠ ਸੋਸ਼ਲ ਇੰਨਸ਼ੋਰੈਂਸ ਕਾਰਡ ਦਿਤਾ ਤਾਂ ਕਿ ਉਹ ਲੋਕਲ ਕੇਬਨਿਟ ਫਰਮ ਵਿਚ ਕੰਮ ਕਰ ਸਕੇ। ਪਰ ਉਸਨੇ ਉਨ੍ਹਾਂ ਨੂੰ ਗੈਰ ਕਾਨੂੰਨੀ ਹੋਣ ਬਾਰੇ ਦੱਸ ਦਿਤਾ ਤੇ ਉਨ੍ਹਾਂ ਨੇ ਸੰਧੂ ਨੂੰ ਕੰਮ ਤੋਂ ਹਟਾ ਦਿਤਾ

ਸੰਧੂ ਨੇ ਕਿਹਾ ਕਿ ਅਕਤੂਬਰ 1981 ਵਿਚ ਉਸਦਾ ਪਿਤਾ ਦੋ ਹਫਤੇ ਉਸ ਕੋਲ ਠਹਿਰਿਆ। ਠੰਡ ਕਾਰਨ ਉਹ ਠਹਿਰ ਨਾ ਸਕਿਆ।

"ਢਿਲੋਂ ਨੇ ਮੈਨੂੰ ਕਿਹਾ ਕਿ ਜੇ ਮੇਰਾ ਪਿਉਉਸ ਲਈ ਕੰਮ ਕਰੇਗਾ ਤਾਂ ਉਹ ਮੈਨੂੰ ਮਾਰ ਦੇਵੇਗਾ।" ਸੰਧੂ ਨੇ ਕਿਹਾ।

ਕੋਰਟ ਵਿਚ ਕਿਹਾ ਗਿਆ ਕਿ ਜਦ ਢਿਲੋਂ ਬਾਹਰ ਗਿਆ ਹੋਇਆ ਸੀ ਤਾਂ ਉਹ ਤੇ ਉਸਦਾ ਪਿਤਾ ਬਾਹਰ ਗਏ।

ਦੂਜੇ ਗਵਾਹ ਮੋਰੇਸ਼ਵਰ ਮਿਊਕ ਨੇ ਕੋਰਟ ਨੂੰ ਦੱਸਿਆ ਕਿ ਉਹ ਮੌਤ ਤੋਂ ਡਰਦਾ ਢਿਲੋਂ ਕੋਲ ਕੰਮ ਕਰਦਾ ਰਿਹਾ।

ਉਸਨੇ ਕਿਹਾ ਕਿ ਜਦ ਉਸਦਾ ਚਾਰ ਮਹੀਨੇ ਦਾ ਵਿਜ਼ਟਰ ਵੀਜ਼ਾ ਖਤਮ ਹੋਇਆ ਤਾਂ ਉਸਨੇ ਢਿਲੋਂ ਕੋਲ ਕੰਮ ਕਰਨ ਤੋਂ ਆਪਣਾ ਮਨ ਬਦਲ ਲਿਆ। ਪਰ ਢਿਲੋਂ ਨੇ ਕਿਹਾ, "ਜੇ ਤੂੰ ਮੇਰੇ ਕੋਲ ਕੰਮ ਨਹੀਂ ਕਰੇਗਾ ਤਾਂ ਮਾਰ ਦਿਆਂਗਾ।"

ਮਿਊਕ ਦਾ ਗੁਆਚਿਆਂ ਪਾਸਪੋਰਟ ਅਤੇ ਬਾਰਾਂ ਭਾਰਤੀ ਪਾਸਪੋਰਟ ਇਕ ਵੈਸਟੀਗੇਟਰਾਂ ਨੂੰ ਢਿਲੋਂ ਦੇ ਬੈਡਰੂਮ ਵਿਚੋਂ 17 ਫਰਵਰੀ 1982 ਨੂੰ ਲੱਭੇ ਸਨ।

ਮਿਊਕ ਨੇ ਦੱਸਿਆ ਕਿ ਉਹ ਢਿਲੋਂ ਹੋਰਾਂ ਦੇ ਪਸ਼ੂ ਸੰਭਾਲਿਆ ਕਰਦਾ ਸੀ ਤੇ ਢਿਲੋਂ ਨੇ ਹੀ ਉਸਦਾ ਜਹਾਜ਼ ਦਾ ਕਿਰਾਇਆ ਲਾਇਆ ਸੀ।

ਉਸਨੇ ਦੱਸਿਆ ਕਿ ਉਹ 18 ਅਕਤੂਬਰ 1979 ਨੂੰ ਆਇਆ ਸੀ ਤੇ ਫੇਰ 12 ਘੰਟੇ ਹਰ ਰੋਜ਼ ਕੰਮ ਕਰਦਾ ਰਿਹਾ। ਢਿਲੋਂ ਨੇ ਮਹੀਨੇ ਦੇ 600 ਰੁਪਏ ਦੇਣੇ ਉਸ ਨਾਲ ਕੀਤੇ ਸਨ।

ਮੁਕੱਦਮੇ ਦੀ ਕਾਰਵਾਈ ਜਾਰੀ ਹੈ।



ਡੇਵ ਬੈਰਟ ਵਲੋਂ ਵਿਸਾਖੀ ਦੀ ਵਧਾਈ

March 23, 1983

Dear Friends:

As we approach the annual Baisakhi Festival, it is my fervent wish that your observances of this sacred event will be meaningful and rewarding to all who participate.

It is vital that at a time so much trouble in this world, we embrace the spiritual essence of humanity. It is a tribute to your community that it retains its strength and rich cultural and religious heritage.

You are an example to all of us. Together we can make this a more living, caring and sharing society that is proud and invigorated by our unique contributions from many sources.

As Leader of the New Democratic Party which always has fought for social and religious tolerance, it is my privilege to extend the greetings of all New Democrats to all Sikhs in our community who observe the Baisakhi Festival.

Sincerely yours,
David Barrett, M.L.A.
Leader of the Opposition



ਨਵਵਿਆਹੀ ਦਾ ਕਤਲ

ਸੰਗਰੂਰ, —

ਇਥੋਂ ਲਗਪਗ 15 ਕਿਲੋਮੀਟਰ ਦੂਰ ਵਾਲਿਦ ਖੁਰਦ ਪਿੰਡ ਦੇ ਨੇੜੇ ਇਕ ਵਿਅਕਤੀ ਬਚਨ ਸਿੰਘ ਨੂੰ ਅਣਪਛਾਤੇ ਵਿਅਕਤੀਆਂ ਨੇ ਤੇਜ਼ ਧਾਰ ਹਥਿਆਰਾਂ ਨਾਲ ਹਮਲਾ ਕਰਕੇ ਕਤਲ ਕਰ ਦਿਤਾ।

'ਗਾਂਧੀ' ਨੇ ਨਵੇਂ ਐਵਾਰਡ ਜਿੱਤੇ

ਲੰਡਨ—ਸਰ ਰਿਚਰਡ ਐਟਾਂਨਬਰਾ ਦੀ ਫਿਲਮ 'ਗਾਂਧੀ' ਨੇ ਬ੍ਰਿਟਿਸ਼ ਅਕੈਡਮੀ ਦੇ ਪੰਜ ਐਵਾਰਡ ਜਿੱਤ ਲਏ ਹਨ।

'ਗਾਂਧੀ' ਨੇ 1982 ਦੀ ਵਧੀਆ ਫਿਲਮ ਦਾ ਐਵਾਰਡ ਜਿਤਿਆ ਹੈ।

ਅਟਾਂਨਬਰਾ ਨੂੰ ਵਧੀਆ ਡਾਇਰੈਕਟਰ ਦਾ ਐਵਾਰਡ ਦਿਤਾ ਗਿਆ ਹੈ। ਬ੍ਰਿਟਿਸ਼ ਅਕੈਡਮੀ ਫਿਲਮ ਤੇ ਟੈਲੀਵੀਜ਼ਨ ਦਾ ਫ਼ੈਲੋਸ਼ਿਪ ਐਵਾਰਡ ਵੀ ਦਿਤਾ ਗਿਆ ਹੈ।

ਰੋਹਿਨੀ ਹਟਾਂਗੜੀ ਨੂੰ ਵਧੀਆ ਸਪੋਰਟਿੰਗ ਐਕਟਰਿਸ ਦਾ ਅਤੇ ਬੇਨ ਕਿਗੰਜ਼ਲੇ ਨੂੰ ਵਧੀਆ ਐਕਟਰ ਤੇ ਫਿਲਮਾਂ ਵਿਚ ਸਭ ਤੋਂ ਵਧੀਆ ਨਵਾਂ ਐਕਟਰ ਦਾ ਐਵਾਰਡ ਦਿਤਾ ਗਿਆ।

THE CANADA DARPAN FORTNIGHTLY
P.O.BOX 67344 STN 'O'
Vancouver, B.C.
Hon. Editor : Darshan Gill
Advertising Manager : H. Deol

ਸੰਪਾਦਕੀ :

ਬੀ. ਸੀ. ਸਰਕਾਰ ਬਨਾਮ ਭਾਰਤੀ ਕਮਿਊਨਿਟੀ

ਬੀ. ਸੀ. ਦੀ ਸੋਕਰਡ ਸਰਕਾਰ ਕੋਲ ਬੇਸ਼ੱਕ ਅਜੇ 14 ਮਹੀਨੇ ਬਾਕੀ ਹਨ ਜਿਨ੍ਹਾਂ ਵਿਚ ਉਹ ਚੋਣਾਂ ਕਰਵਾ ਸਕਦੀ ਹੈ ਪਰ ਪਿਛਲੇ ਕੁਝ ਦਿਨਾਂ ਤੋਂ ਜਿਸ ਢੰਗ ਨਾਲ ਬੀ. ਸੀ. ਦੀ ਸੋਕਰਡ ਸਰਕਾਰ ਕੰਮ ਕਰ ਰਹੀ ਹੈ ਜਾਪਦਾ ਹੈ ਕਿ ਉਹ ਅਜਿਹੀ ਕੁੜਿਕੀ ਵਿਚ ਫਸੀ ਹੈ ਜਿਸ ਵਿਚੋਂ ਨਿਕਲਣ ਲਈ ਉਸ ਨੂੰ ਰਾਹ ਨਹੀਂ ਲੱਭ ਰਿਹਾ । ਸਰਕਾਰ ਦੀਆਂ ਆਰਥਿਕ ਪਾਲਸੀਆਂ ਦਾ ਦੀਵਾਲੀਆਪਣ ਸਾਫ਼ ਨਜ਼ਰ ਆ ਰਿਹਾ ਹੈ । ਨਵਾਂ ਬਜਟ 31 ਮਾਰਚ ਤੱਕ ਤਿਆਰ ਹੋ ਜਾਣਾ ਚਾਹੀਦਾ ਸੀ ਪਰ ਸਰਕਾਰ ਦੀ ਹਾਲਤ ਏਨੀ ਡਾਵਾਂਡੋਲ ਹੈ ਕਿ ਨਾ ਉਹ ਅਸੈਂਬਲੀ ਸੈਸ਼ਨ ਸੱਦਣ ਲਈ ਤਿਆਰ ਹੈ ਤੇ ਨਾ ਅਜੇ ਚੋਣ ਦਾ ਐਲਾਨ ਕਰ ਰਹੀ ਹੈ । ਬਿੱਲ ਬੈਨਿਟ ਛੋਟੇ ਛੋਟੇ ਸਮਾਗਮਾਂ ਰਾਹੀਂ ਕਿਸੇ ਨਾ ਕਿਸੇ ਢੰਗ ਨਾਲ ਚੋਣ ਪਰਚਾਰ ਵਿਚ ਰੁੱਝਾ ਹੋਇਆ ਹੈ । ਵਿਦਿਅਕ ਢਾਂਚਾ ਖੇਰੂੰ ਖੇਰੂੰ ਹੋ ਗਿਆ ਹੈ । ਪ੍ਰੀਮੀਅਰ ਇਕ ਗੱਲ ਕਹਿੰਦਾ ਹੈ ਤੇ ਵਜ਼ੀਰ ਉਸਤੋਂ ਵਿਰੋਧੀ । ਇਹ ਵਿਰੋਧਤਾਈਆਂ ਦਾ ਮੁੱਖ ਕਾਰਨ ਇਹ ਹੈ ਕਿ ਸਰਕਾਰ ਕੋਲ ਕੋਈ ਸਥਿਰ ਨੀਤੀ ਨਹੀਂ ।

ਇਹ ਗੱਲ ਉਘੜ ਕੇ ਪਿਛਲੇ ਕਈ ਦਿਨਾਂ ਤੋਂ ਸਾਹਮਣੇ ਆ ਰਹੀ ਹੈ । ਉਹ ਹੈ ਕਿ ਫ਼ਾਰਮਰ ਤੇ ਫ਼ਾਰਮ ਕਾਮਿਆਂ ਵਿਚਾਕਰ ਖਿਚੋਤਾਣ ਪੈਦਾ ਕਰਨ ਦੇ ਜਤਨ ਕੀਤੇ ਜਾ ਰਹੇ ਹਨ । ਬੌਧ ਮੈਕਲੈਂਡ ਇਸ ਗੱਲ ਵਿਚ ਰੁਝਿਆ ਹੋਇਆ ਹੈ ਕਿ ਫ਼ਾਰਮਰਾਂ ਨੂੰ ਖੁਸ਼ ਕਰਕੇ ਸੋਕਰਡਾਂ ਲਈ ਵੋਟ ਹਥਿਆਈ ਜਾ ਸਕੇ । ਵਰਕਰਜ਼ ਕੰਪਨਜ਼ੇਸ਼ਨ ਬੋਰਡ ਨੇ ਸਾਰੇ ਫਾਰਮ ਕਾਮਿਆਂ ਨੂੰ ਪਹਿਲੀ ਅਪ੍ਰੈਲ ਤੋਂ ਆਪਣੀ ਜ਼ਦ ਵਿਚ ਲੈ ਆਉਣਾ ਸੀ ਪਰ ਬੀ. ਸੀ. ਦੀ ਸੋਕਰਡ ਸਰਕਾਰ ਨੇ ਦਖਲ ਅੰਦਾਜ਼ੀ ਕਰਕੇ ਸੇਫ਼ਟੀ ਏਜੰਸੀ ਹੋਂਦ ਵਿਚ ਲਿਆਉਣ ਲਈ ਸਿਰਤੋੜ ਜਤਨ ਕੀਤੇ ਹਨ । ਇਸ ਵਿਚ ਸ਼ੱਕ ਦੀ ਕੋਈ ਗੁੰਜਾਇਸ਼ ਨਹੀਂ ਕਿ ਸੋਕਰਡ ਸਰਕਾਰ ਕਦੇ ਵੀ ਮਜ਼ਦੂਰ ਜਮਾਤ ਦੀ ਪ੍ਰਤੀਨਿਧ ਨਹੀਂ ਸਗੋਂ ਵੱਡੇ ਵੱਡੇ ਧਨਾਢਾਂ ਦੀ ਜਥੇਬੰਦੀ ਹੈ । ਤੇ ਇਸ ਵਿਚ ਵੀ ਕੋਈ ਸ਼ੱਕ ਨਹੀਂ ਕਿ ਧਨਾਢਾਂ ਤੇ ਮਜ਼ਦੂਰਾਂ ਦੇ ਹਿਤ ਸਦਾ ਇਕ ਦੂਜੇ ਨਾਲ ਟਕਰਾਉਂਦੇ ਹਨ ।

ਇਹ ਸੋਕਰਡ ਸਰਕਾਰ ਬੀ. ਸੀ. ਦੇ ਡੇਢ ਤੋਂ ਦੋ ਲੱਖ ਮਜ਼ਦੂਰਾਂ ਨੂੰ ਰੁਜ਼ਗਾਰ ਦੇਣ ਤੋਂ ਅਸਮਰੱਥ ਰਹੀ ਹੈ । ਪੋਰਟ ਅਲਬਰਨੀ, ਟੈਰੇਸ ਆਦਿ ਥਾਵਾਂ ਤੇ ਜਿਥੋਂ ਐਨ. ਡੀ. ਪੀ. ਦੇ ਉਮੀਦਵਾਰ ਜਿੱਤੇ ਸਨ ਉਨ੍ਹਾਂ ਸ਼ਹਿਰਾਂ ਵਿਚ ਮਿੱਲਾਂ ਬੰਦ ਕਰਵਾ ਕੇ ਉਨ੍ਹਾਂ ਲੋਕਾਂ ਨੂੰ ਸਬਕ ਸਿਖਾਉਣ ਦੇ ਜਤਨ ਕੀਤੇ ਗਏ ਕਿ ਉਹ ਅੱਗੇ ਲਈ ਸੋਚ ਸਮਝ ਕੇ ਵੋਟ ਪਾਉਣ । ਇਹ ਥਾਵਾਂ ਅਜਿਹੀਆਂ ਹਨ ਜਿਥੇ ਭਾਰਤੀ ਕਮਿਊਨਿਟੀ ਦੀ ਵੀ ਕਾਫ਼ੀ ਵੋਟ ਹੈ । ਕਈਆਂ ਨੂੰ ਘਰਾਂ ਤੋਂ ਹੱਥ ਧੋਣੇ ਪਏ ਹਨ । ਕਈਆਂ ਤੋਂ ਕਿਸ਼ਤਾਂ ਨਹੀਂ ਦਿਤੀਆਂ ਜਾ ਰਹੀਆਂ ਤੇ ਕਈ ਵੈਲਫੇਅਰ ਤੇ ਜਾਣ ਲਈ ਮਜ਼ਬੂਰ ਹੋਏ । ਅਜਿਹੀ ਸਥਿਤੀ ਬਰਦਾਸ਼ਤ ਨਹੀਂ ਕੀਤੀ ਜਾ ਸਕਦੀ । ਕੁਲ ਕੰਮ ਕਰਨ ਵਾਲਿਆਂ ਵਿਚੋਂ 12 ਫੀਸਦੀ ਲੋਕ ਕੰਮਾਂ ਤੋਂ ਵਿਹਲੇ ਹਨ । ਮੁੱਖ ਮਸਲਾ ਰੁਜ਼ਗਾਰ ਦਾ ਹੈ ਤੇ ਇਹ ਸੋਕਰਡ ਸਰਕਾਰ ਇਸ ਕਾਬਲ ਨਹੀਂ ਕਿ ਇਹ ਇਸ ਮਸਲੇ ਨੂੰ ਸੁਲਝਾ ਸਕੇ । ਇਸ ਲਈ ਮੁੱਖ ਤੌਰ ਤੇ ਸਾਡੀ ਕਮਿਊਨਿਟੀ ਨੂੰ ਇਹ ਸੋਚਣਾ ਪੈਣਾ ਹੈ ਕਿ ਅਸੀਂ ਅਜਿਹੀ ਸਰਕਾਰ ਬਣਾਉਣ ਵਿਚ ਸਹਾਈ ਹੋਈਏ ਜੋ ਸਾਨੂੰ ਰੁਜ਼ਗਾਰ ਮੁਹੱਈਆ ਕਰ ਸਕੇ । ਸਾਡੇ ਹਿੱਤਾਂ ਦੀ ਰਾਖੀ ਕਰ ਸਕੇ । ਸਾਡੇ ਘਰਾਂ ਦੀ ਹਿਫ਼ਾਜ਼ਤ ਕਰ ਸਕੇ । ਪਿਛੇ ਜਿਹੇ ਬਿੱਲ ਬੈਨਿਟ ਨੇ ਐਥਨਿਕ ਪਰੈਸ ਦੀ ਕਾਨਫਰੰਸ ਸੱਦੀ ਤੇ ਸ਼ਰਮ ਵਾਲੀ ਗੱਲ ਹੈ ਕਿ ਪੰਜਾਬੀ ਦੇ ਇਕ ਅਖਬਾਰ ਦੇ ਸੰਪਾਦਕ ਨੇ ਲੋਕਾਂ ਦੇ ਮਸਲੇ ਬਿੱਲ ਬੈਨਿਟ ਦੇ ਸਾਹਮਣੇ ਲਿਆਉਣ ਦੀ ਥਾਂ ਆਪਣੇ ਅਖਬਾਰ ਲਈ ਇਸ਼ਤਿਹਾਰ ਹੋਰ ਲੈਣ ਲਈ ਲੇਲ੍ਹੜੀਆਂ ਕੱਢੀਆਂ ।

ਅਖਬਾਰ ਜ਼ਾਤੀ ਗਰਜ਼ਾਂ ਪੂਰੀਆਂ ਕਰਨ ਲਈ ਨਹੀਂ ਹੁੰਦੇ । ਲੋਕਾਂ ਦੀਆਂ ਲੋੜਾਂ, ਇਛਾਵਾਂ ਤੇ ਅਹਿਸਾਸਾਂ ਨੂੰ ਜ਼ੁਬਾਨ ਦੇਣ ਲਈ ਹੁੰਦੇ ਹਨ ਚੋਣਾਂ ਦਾ ਐਲਾਨ ਕਿਸੇ ਦਿਨ ਵੀ ਹੋ ਸਕਦਾ ਹੈ । ਸਾਡੀ ਕਮਿਊਨਿਟੀ ਦੀ ਖੁਸ਼ਕਿਸਮਤੀ ਹੈ ਕਿ ਸ੍ਰੀ ਉਜੱਲ ਦੁਸਾਂਝ ਹੋਰਾਂ ਨੂੰ ਸਾਊਥ ਵੈਨਕੂਵਰ ਤੋਂ ਐਨ. ਡੀ. ਪੀ. ਨੇ ਨਾਮਜ਼ਦ ਕੀਤਾ ਹੈ ਤੇ ਉਹ ਭਾਰਤੀ ਕਮਿਊਨਿਟੀ ਦੇ ਪ੍ਰਤੀਨਿਧ ਵਜੋਂ ਚੁਣੇ ਜਾ ਕੇ ਸਾਰੀ ਭਾਰਤੀ ਕਮਿਊਨਿਟੀ ਦਾ ਮਾਣ ਵਧਾ ਸਕਣ ਦੇ ਸਮਰੱਥ ਹਨ । ਉਹ ਕਾਫੀ ਅਰਸੇ ਤੋਂ ਰਾਜਨੀਤਕ ਪਿੜ ਵਿਚ ਜਾਣੇ ਪਛਾਣੇ ਵਿਅਕਤੀ ਹਨ । ਉਹ ਅਗਾਂਹ ਵਧੂ ਵਿਚਾਰਾਂ ਵਾਲੇ ਤੇ ਕਮਿਊਨਿਟੀ ਦੇ ਹਿੱਤਾਂ ਨੂੰ ਪਛਾਨਣ ਵਾਲੇ ਹਨ । ਇਸ ਲਈ ਸਾਡਾ ਸਭ ਦਾ ਫ਼ਰਜ਼ ਬਣਦਾ ਹੈ ਕਿ ਅਸੀਂ ਆ ਰਹੀਆਂ ਬੀ. ਸੀ. ਦੀਆਂ ਚੋਣਾਂ ਵਿਚ ਉਨ੍ਹਾਂ ਲਈ ਮੁਕੰਮਲ ਤਨਦੇਹੀ ਨਾਲ ਜੁਟ ਕੇ ਜਿੱਤ ਵਿਚ ਭਾਈਵਾਲ ਬਣੀਏ। ਕੁਝ ਅਖਬਾਰਾਂ ਵਲੋਂ ਸੰਸਥਾਵਾਂ ਨੂੰ ਨੀਵੇਂ ਦਿਖਾਉਣ ਦੇ ਕੋਝੇ ਯਤਨ ਹਮੇਸ਼ਾਂ ਜਾਰੀ ਰਹਿੰਦੇ ਹਨ, ਕਿਉਂਕਿ ਇਹ ਅਖਬਾਰਾਂ ਦਾ ਧੰਦਾ ਉਨ੍ਹਾਂ ਲਈ ਇਸ ਕਿਸਮ ਦਾ ਧੰਦਾ ਬਣ ਚੁੱਕਿਆ ਹੈ ਕਿ ਸੰਸਥਾਵਾਂ ਨੂੰ ਇਕ ਦੂਜੇ ਵਿਰੁਧ ਚੁਕ ਕੇ ਉਹ ਆਪਣੀ ਹਉਮੇ ਨੂੰ ਪੱਠੇ ਪਾ ਸਕਣ । ਇਹ ਖੁਸ਼ੀ ਦੀ ਗੱਲ ਹੈ ਕਿ ਹੁਣ ਸਭ ਸੰਸਥਾਵਾਂ ਵਾਲੇ ਅਜਿਹੇ ਅਖਬਾਰਾਂ ਦੇ ਕਿਰਦਾਰ ਨੂੰ ਪਛਾਣ ਗਏ ਹਨ। ਅਸੀਂ ਆਸ ਕਰਦੇ ਹਾਂ ਕਿ ਇਨ੍ਹਾਂ ਫੱਕੜ-ਤੋਲ ਅਖਬਾਰਾਂ ਦੀ ਚਿੱਕੜ ਉਛਾਲੀ ਤੋਂ ਭਾਰਤੀ ਕਮਿਊਨਿਟੀ ਬਚ ਸਕੇ ਤੇ ਕੈਨੇਡੀਅਨ ਬਹੁ-ਸਭਿਆਚਾਰਕ ਸਮਾਜ ਵਿਚ ਭਾਰਤੀ ਕਮਿਊਨਿਟੀ ਆਪਣਾ ਯਥਾਯੋਗ ਸਥਾਨ ਪ੍ਰਾਪਤ ਕਰ ਸਕੇ । ਸ੍ਰੀ ਉਜੱਲ ਦੁਸਾਂਝ ਦੀ ਜਿੱਤ ਭਾਰਤੀ ਕਮਿਊਨਿਟੀ ਦੀ ਜਿੱਤ ਹੋਵੇਗੀ ਤੇ ਪਹਿਲੀ ਵਾਰ ਅਸੀਂ ਵੀ ਮਾਣ ਨਾਲ ਆਪਣਾ ਸਿਰ ਉਚਾ ਚੁਕ ਸਕਾਂਗੇ ।

ਇੱਕ ਆਦਮੀ ਦੀ ਆਜ਼ਾਦੀ ਉੱਥੇ ਖ਼ਤਮ ਹੋ ਜਾਂਦੀ ਹੈ ਜਿੱਥੋਂ ਦੂਜੇ ਆਦਮੀ ਦੀ ਆਜ਼ਾਦੀ ਦਾ ਆਗਾਜ਼ ਹੁੰਦਾ ਹੈ.

—ਅਗਿਆਤ

ਵੈਸਾਖੀ—ਖੁਸ਼ੀਆਂ ਭਰੀ ਅਤੇ ਗਮੀਆਂ ਭਰੀ



(ਪ੍ਰਿੰ: ਦਲੀਪ ਸਿੰਘ ਉੱਪਲ ਸਰੀ, ਬੀ. ਸੀ.)

ਰਾਤੀ ਰੁਤੀ ਥਿਤੀ ਵਾਰ ॥ ਪਵਣ ਪਾਣੀ ਅਗਨੀ ਪਾਤਾਲ ॥
ਤਿਸ ਵਿਚਿ ਧਰਤੀ ਥਾਪ ਰਖੀ ਧਰਮਸਾਲ ॥
(ਜਪੁਜੀ ਸਾਹਿਬ)

ਸੱਚੇ ਦਰਬਾਰ ਦੇ ਸਚਿਆਰੇ ਸੁਆਮੀ ਪ੍ਰਭੂ ਦੀ ਲੀਲਾ ਅਦਭੁਤ ਹੈ । ਉਸ ਨੇ ਸ੍ਰਿਸ਼ਟੀ ਰਚੀ, ਤੇ ਰਾਤਾਂ ਰਚੀਆਂ । ਥਿਤੀਆਂ ਤੇ ਵਾਰ ਹੋਂਦ ਵਿਚ ਆਏ । ਪਾਣੀ, ਹਵਾ, ਅੱਗ, ਪਾਤਾਲ ਆਦਿ ਜਹੂਰ ਵਿਚ ਆਏ । ਪਰ ਇਹਨਾਂ ਵਿਚੋਂ ਸ਼੍ਰੋਮਣੀ ਰਚਨਾ ਧਰਤੀ ਦੀ ਰਚਨਾ ਸੀ । ਜਿਸਦੇ ਤਲ ਤੇ ਬਰਫ਼ਾਂ ਲੱਦੇ ਪਹਾੜ, ਬ੍ਰਿਛਾਂ ਲੱਦੇ ਜੰਗਲ, ਚੌਰੇੜੇ ਚੌਰੇੜੇ ਮੈਦਾਨ ਰੂਪ ਮਾਨ ਹੋਏ ਸਨ । ਉਪਰ ਨੀਲਾਨੀ ਅੰਬਰ ਸੀ, ਸੂਰਜ ਸੀ, ਚੰਦ ਸੀ ਤੇ ਤਾਰੇ ਸਨ ਤੇ ਧਰਤੀ ਦੀ ਹਿੱਕ ਤੇ ਨਦੀ, ਨਾਲੇ, ਦਰਿਆ ਲਿਟੇ ਹੋਏ ਸਨ । ਸਾਗਰਾਂ ਦੀ ਵਿਸ਼ਾਲਤਾ ਹੈਰਾਨ ਕੁਨ ਸੀ ।

ਵਿਸ਼ਏ ਚਸਿਆ ਘੜੀਆਂ ਥਿਤੀ ਵਾਰੀ ਮਾਹੁ ਹੋਆ ॥
ਸੂਰਜ ਏਕੋ ਰੁਤਿ ਅਨੇਕ ॥
ਨਾਨਕ ਕਰਤੇ ਕੇ ਕੇਤੇ ਵੇਸ ॥
(ਰਾਗ ਆਸਾ ਮਹੱਲਾ ੬ : ਸੋਹਿਲਾ)

ਕਾਦਰ ਦੀ ਕੁਦਰਤ ਦਾ ਪਸਾਰਾ ਬੇਅੰਤ ਸੀ । ਇਹ ਵੱਖ ਵੱਖ ਸਮਿਆਂ ਤੇ ਵੱਖ ਵੱਖ ਵੇਸ ਵਟਾਂਦੀ—ਕਦੀ ਸਰਦੀ ਦੇ ਰੂਪ ਵਿਚ, ਕਦੀ ਗਰਮੀ ਦੇ ਦੀ ਸ਼ਕਲ ਵਿਚ, ਕਦੀ ਪਤਝੜ ਦੀ ਕਰੂਪ ਮੂਰਤ ਵਿਚ, ਤੇ ਕਦੀ ਬਸੰਤ ਰੁੱਤ ਦੀ ਸੁਮੂਰਤ ਵਿਚ ।

ਬਸੰਤ ਰੂਪ ਦੀ ਆਮਦ ਹੋਈ । ਸਾਰੀ ਕੁਦਰਤ ਹੀ ਨਿਖਾਰ ਵਿਚ ਆ ਗਈ । ਵਸਤਰ ਹੀਣ ਬ੍ਰਿਛਾਂ ਨੇ ਹਰੇ ਹਰੇ ਜਾਮੇ ਪਹਿਨ ਲਏ । ਟਾਹਲੀ ਦੇ ਰੁੱਖ ਪੱਟ ਜਿਹੇ ਪੀਲੇ ਹਰੇ ਪੱਤਿਆਂ ਨਾਲ ਲੱਦੇ ਗਏ । ਸਰ੍ਹੋਂ ਦੇ ਪੀਲੇ ਪੀਲੇ ਖੇਤ ਇਉਂ ਭਾਸਣ ਜਿਵੇਂ ਸੋਨੇ ਦਾ ਸਮੁੰਦਰ ਹੋਵੇ । ਕਚਨਾਰ ਦੀਆਂ ਪੱਤਿਆਂ ਰਹਿਤ ਸਾਂਵਲੀਆਂ ਡਾਲੀਆਂ ਗੁਲਾਬੀ, ਸਫੈਦ, ਅਹਰਾਵਾਨੀ ਫੁੱਲਾਂ ਨਾਲ ਭਰ ਗਈਆਂ । ਅੰਬ ਦੇ ਬੇਰੌਣਕ ਬੂਟਿਆਂ ਵਿਚ ਜਾਨ ਪੈ ਗਈ । ਉਹ ਫੁੱਲਾਂ ਨਾਲ ਲੱਦੇ ਗਏ । ਕੋਇਲ ਲਈ ਇਹਨਾਂ ਫੁੱਲਾਂ ਦੀ ਮਹਿਕਾਰ ਖਿਚ ਦਾ ਕਾਰਨ ਬਣੀ ਹੈ । ਉਹ ਆਪਣੇ ਹਿਰਦੇ-ਵੇਦਕ, ਧੂਹ ਪਾਊ, ਆਤਮਾ-ਟੁੰਬਾਊ ਨਗ਼ਮੇ ਅਲਾਪਣ ਲੱਗ ਪਈ । ਉਸਦੀ 'ਕੂਕ' ਨੇ ਪਰੇਮੀ ਜਨਾਂ ਨੂੰ ਤੜਪਾ ਕੇ ਰੱਖ ਦਿਤਾ । ਇਉਂ ਜਾਪਿਆ ਜਿਵੇਂ ਉਹ ਨਿਰਾਸ਼ੇ ਪਰੇਮੀ ਨੂੰ ਵਾਜਾਂ ਮਾਰ ਰਹੀ ਹੋਵੇ । ਪਰੇਮੀ ਤੜਪਾ ਉਠਿਆ ਤੇ ਆਖਣ ਲੱਗਿਆ :

ਯਹਾਂ ਇਕ ਕੋਇਲ ਕੀ ਕੂ ਵੀ ਹੈ
ਜੋ ਮੁਝੇ ਵਾਪਸ ਬੁਲਾ ਰਹੀ ਹੈ ।

ਫੁੱਲਾਂ ਦੀ ਮਹਿਕਾਰ, ਤੇ ਮਧੂ-ਮੱਖੀਆਂ ਦੀ ਭਿਣਕਾਰ ਨੇ ਆਲਾ ਦੁਆਲਾ ਕੀਲਕੇ ਰੱਖ ਦਿਤਾ । ਹਸੂੰ ਹਸੂੰ ਕਰਦੀਆਂ ਕਲੀਆਂ ਇਉਂ ਜਾਪਣ ਜਿਵੇਂ ਜੋਬਨ ਮੱਤੀਆਂ ਕਚੰਨ ਕੰਨਿਆਵਾਂ ਮੁਸਕਾਨਾਂ ਲਟਾ ਰਹੀਆਂ ਹੋਣ। ਖੇੜੇ ਵਿਚ ਆਏ ਫੁੱਲ ਕਿਸੇ ਰੱਬਾਨੀ ਰਿਸ਼ੀ ਦੇ ਮੱਥੇ ਦੀ ਲਟ ਲਟ ਕਰਦੀ ਜੋਤ ਵਾਂਗ ਖੁਸ਼ੀਆਂ ਵੰਡ ਰਹੇ ਸਨ, ਸ਼ਾਂਤੀ ਵੰਡ ਰਹੇ ਸਨ । ਗੁਲਾਬ ਦਾ ਫੁੱਲ ਇਉਂ ਕਹਿੰਦਾ ਜਾਪੇ :

ਖਿੜਣ, ਖਿੜਾਵਣ ਬਾਝੋਂ ਸਾਨੂੰ ਹੋਰ ਸੁਰਤ ਨ ਕਾਈ ।
(ਭਾਈ ਵੀਰ ਸਿੰਘ ਜੀ)

ਠਠਰੇ ਦੀ ਟਹਿਣੀਆਂ ਉਤੇ ਲਾਟਾਂ ਵਰਗੇ ਗੁਲਾਨਾਰੀ ਫੁੱਲ ਅੱਗ ਦੇ ਸੂਹੇ ਸੂਹੇ ਅੰਗਿਆਰਿਆਂ ਵਾਂਗੂ ਲਟ ਲਟ ਕਰ ਉਠੇ । ਮਰੂਏ ਦੀਆਂ ਜੰਗਾਲ ਰੰਗੀਆਂ ਪੱਤੀਆਂ ਸੋਨੇ ਮੜ੍ਹੀਆਂ ਜਾਪਣ ਲੱਗ ਪਈਆਂ । ਗੁਲਮੁਹਰ ਨੇ ਕਿਰਮਚੀ ਚੋਗੇ ਪਾ ਲਏ । ਕੈਂਥ ਦੇ ਬੂਟੇ ਫੁੱਲਾਂ ਨਾਲ ਲੱਦੇ ਗਏ ਤੇ ਇਕ ਗੁੰਬਦ ਦਾ ਰੂਪ ਧਾਰਨ ਕਰ ਗਏ । ਮਾਨੋ ਫਿਰ ਕਹਿ ਰਹੇ ਹੋਣ "ਅਸੀਂ ਸਰਿਸਟੀ ਦੇ ਸਵਛ ਗੀਤ ਹਾਂ ।" ਧਰਤੀ ਆਪਣੇ ਵੰਨ ਸਵੰਨੇ ਭੰਡਾਰਿਆਲ ਨੂੰ ਪਾ ਕੇ ਅਮੀਰ ਹੋ ਗਈ । ਅਕਾਸ਼ ਨੀਲੇ ਸਮੁੰਦਰ ਵਾਂਗ ਸਾਫ ਸੀ ਤੇ ਇਸ ਵਿਚ ਚੰਦ ਸੂਰਜ ਦੇ ਵੱਡੇ ਫੁੱਲਾਂ ਵਾਂਗ ਤਰਦੇ ਵਿਖਾਈ ਦਿੰਦੇ ਸਨ । ਮਾਨੋ ਕੁਦਰਤ ਵਜਦ ਵਿਚ ਆ ਗਈ ਸੀ ਤੇ ਨੱਚ ਉਠੀ ਸੀ । ਇਹ ਸੀ ਵੈਸਾਖੀ ਦੀ ਆਮਦ ਤੇ ਬਸੰਤ ਰੁੱਤ ਦੀ ਹੁਸਨਾ ਭਰੀ,ਅਸਚਰਜਾਂ ਭਰੀ ਤੇ ਸਵਛਤਾ ਭਰੀ ਤਸਵੀਰ।

ਇਸੇ ਰੁੱਤ ਵਿਚ ਭਾਰਤ ਨੱਚ ਉਠਿਆ । ਉਹਨਾ ਅੱਗੇ ਉਜਲੇ ਭਵਿਖ ਦੀ ਉਜਲੀ ਤਸਵੀਰ ਸਾਕਾਰ ਵਿਖਾਈ ਦਿੰਦੀ ਸੀ । ਕਣਕਾਂ ਦੇ ਅੰਬਾਰ, ਛੋਲਿਆਂ ਦੇ ਭੰਡਾਰ, ਸਰੋਂ ਦੇ ਢੇਰ - ਇਹ ਸਭ ਉਸਰੇ ਪਏ ਸਨ । ਖੁਸ਼ਹਾਲੀ ਦੀ ਸ਼ੁਭ ਸਵੇਰ ਨਾਜ਼ਲ ਹੋਣ ਵਾਲੀ ਸੀ । ਖੂਨ ਪਸੀਨੇ ਦੀ ਕਮਾਈ ਫਲੀਭੂਤ ਹੋਣ ਵਾਲੀ ਸੀ । ਇਹ ਅਜ਼ੀਮ ਉਤਸ਼ਾਹ ਸੀ । ਇਕ ਅਸੀਮ ਉਮਾਹ ਸੀ । ਇਹ ਉਤਸ਼ਾਹ ਤੇ ਉਮਾਹ ਉਹਨਾਂ ਦੇ ਹਿਰਦਿਆਂ ਨੂੰ ਖੇੜੇ ਨਾਲ ਓਤਪੋਤ ਕਰ ਗਿਆ ਸੀ । ਕੁਦਰਤ ਨੱਚ ਉਠੀ ਸੀ । ਵਣਤਿਣ ਨੱਚ ਉਠਿਆ ਸੀ । ਕਣ ਕਣ ਨੱਚ ਉਠਿਆ ਸੀ । ਇਕ ਵਜਦ ਦੀ ਸੂਰਤ ਤਾਰੀ ਹੋ ਗਈ ਸੀ ।

ਲੋਕਾਈ ਪਵਿਤਰ ਸਥਾਨਾਂ ਤੇ ਇਕੱਤਰ ਹੋਈ ਤੇ ਇਸ ਵੈਸਾਖੀ ਦੇ ਤਿਉਹਾਰ ਤੇ ਦੀਵਾਨ ਸਜੇ, ਸਿਆਸੀ ਕਾਨਫਰੰਸ ਹੋਈਆਂ, ਟੂਰਨਾਮੈਂਟ ਹੋਏ ਸ੍ਰੀਦਰਬਾਰ ਸਾਹਿਬ ਅੰਮ੍ਰਿਤਸਰ ਜੀ, ਸ੍ਰੀਦਮਦਮਾ ਸਾਹਿਬ, ਸ੍ਰੀ ਨਾਨਕ ਸਰ ਵਿਖੇ ਪੰਜਾਬ ਦੇ ਨਰ ਨਾਰੀ ਜੁੜੇ, ਇਸ਼ਨਾਨ ਕੀਤੇ ਤੇ ਵੰਨ ਸਵੰਨੀਆਂ ਸੁਗਾਤਾਂ ਲੈ ਕੇ ਘਰਾਂ ਨੂੰ ਪਰਤੇ । ਅਜੇਹੇ ਇਕ ਸ਼ੁਭ ਦਿਹਾੜੇ ਦਸ਼ਮੇਸ਼ ਪਿਤਾ ਜੀ ਨੇ 'ਖਾਲਸੇ' ਦੀ ਸਾਜਨਾ ਕੀਤੀ ਸੀ । ਭਾਰਤ ਦਾ ਇਤਿਹਾਸ ਵਿਸ਼ੇਸ਼ ਤੌਰ ਤੇ ਸਿਖ ਇਤਿਹਾਸ ਹੋਣੀਆਂ ਭਰਿਆ ਹੈ । ਇਸਦੇ ਪੰਨੇ ਲਾਲੋ ਲਾਲ ਹਨ, ਇਸਦੀਆਂ ਸੁਰਖੀਆਂ ਸੂਹੀਆਂ ਸੂਹੀਆਂ ਹਨ ਤੇ ਇਸਦੀਆਂ ਘਟਨਾਵਾਂ ਲਹੂ ਨਾਲ ਸੁਰਖ ਹਨ । ਕਿਤੇ ਇਸ ਵਿਚ ਪੰਚਮ ਗੁਰੂ ਅਰਜਨ ਦੇਵ ਜੀ ਦੀ ਅਜ਼ੀਮ ਸੁਗਾਤ ਹੈ, ਕਿਤੇ ਭਾਈ ਮਤੀ ਦਾਸ ਜੀ, ਸਤੀ ਦਾਸ ਜੀ ਤੇ ਭਾਈ ਦਿਆਲਾ ਜੀ ਦੀ ਹੈਰਾਨ ਕੁਨ ਤੇ ਕੰਬਾਊ ਸ਼ਹੀਦੀ ਹੈ ਅਤੇ ਕਿਤੇ ਕਿਤੇ ਨਰਮ ਗੁਰੂ ਤੇਗ ਬਹਾਦਰ ਜੀ ਦਾ ਮਹਾਨ ਬਲੀਦਾਨ ਹੈ ਤੇ ਲਿਖਿਆ ਹੈ :

ਗੁਰ ਤੇਗ ਬਹਾਦਰ ਬੋਲਿਆ,
ਧਰ (ਭਾਵ ਧਰਤੀ) ਪਈਏ,
ਧਰਮ ਨ ਛੋਡੀਏ ।
ਆ ਨਾ ਮਨ ਬਾਸ਼ਮ ਕਿ ਹੋ ਜੇ ਜੰਗ ਬੀਨੀ ਪੁਸ਼ਤੇ ਮਨ ।
(ਮੈਂ ਉਹ ਨਹੀਂ ਕਿ ਯੁੱਧ ਦੇ ਦਿਨ ਤੂੰ ਮੇਰੀ ਕੰਡ ਵੇਖੇਂ)
ਆ ਮਨਮ ਕਿ ਖਾਕੇ ਖੂਨ ਬੀਨੀ ਸਰੇ ।
(ਮੈਂ ਉਹ ਹਾਂ ਕਿ ਤੂੰ ਮੇਰੇ ਸਿਰ ਨੂੰ ਮਿਟੀ ਨਾਲ ਲੱਥ ਪੱਥ ਹੋਇਆ ਤੱਕੇਗਾ, ਲਹੂ ਨਾਲ ਲਿਬੜਿਆ ਹੋਇਆ ਤੱਕੇਗਾ)

ਕਿਤੇ ਸਾਹਿਬਜ਼ਾਦੇ ਯੁੱਧ ਦੇ ਮੈਦਾਨ ਅੰਦਰ ਜੂਝ ਰਹੇ ਹਨ ਤੇ ਸ਼ਹਾਦਤ ਦਾ ਜਾਮ ਕੋਸ਼ ਕਰ ਰਹੇ ਹਨ । ਤੇ ਕਿਤੇ ਸਾਹਿਬਜ਼ਾਦੇ ਨੀਹਾਂ ਵਿਚ ਚਿਣੇ ਜਾ ਰਹੇ ਹਨ । ਫਿਰ ਸਭ ਉਸ ਮਹਾਨ (ਗੁਰੂ ਨਾਨਕ ਦੇਵ ਜੀ) ਦਾ ਉਲੀਕਿਆ ਹੋਇਆ 'ਖੰਨਿਉ ਤਿੱਖਾ' ਤੇ 'ਵਾਲਹੁ ਨਿੱਕਾ' ਮਾਰਗ ਸੀ । ਉਹ ਸੀ :

ਜਉ ਤਉ ਪ੍ਰੇਮ ਖੇਲਣ ਕਾ ਚਾਉ ॥
ਸਿਰੁ ਧਰਿ ਤਲੀ ਗਲੀ ਮੇਰੀ ਆਉ ॥
ਇਤੁ ਮਾਰਗਿ ਪੈਰੁ ਧਰੀਜੈ ॥
ਸਿਰੁ ਦੀਜੈ ਕਾਣਿ ਨਾ ਕੀਜੈ ॥
(ਸਲੋਕ ਵਾਰਾਂ ਦੇ ਵਧੀਕ ਮਹਲਾ ੧)

ਅਜੇਹੇ ਕਰਾਂਤੀਕਾਰੀ ਸ਼ੁਭ ਦਿਹਾੜੇ ਤੇ ਹੀ ਦਸਮ ਪਾਤਸ਼ਾਹ ਜੀ ਨੇ ਇਕ ਅਜ਼ੀਮ ਕੌਮ ਨੂੰ ਸਾਜਿਆ ਸੀ । ਪਵਿਤਰ ਅੰਮ੍ਰਿਤ (ਅ-2 ਮ੍ਰਿਤ—ਮੌਤ) ਤਿਆਰ ਕੀਤਾ ਸੀ । ਖੰਡੇ ਦੀ ਧਾਰ ਤੋਂ ਪੰਜ ਪਿਆਰੇ ਸਾਜੇ ਸਨ । ਖਾਲਸੇ ਦੇ ਜ਼ਹੂਰ ਵਿਚ ਆਉਣ ਦਾ ਦਿਵਸ ਸੀ । ਸ੍ਰੀ ਆਨੰਦਪੁਰ ਸਾਹਿਬ ਦੇ ਪਵਿਤਰ ਸਥਾਨ ਨੂੰ ਨਿਵਾਜਿਆ ਗਿਆ ਸੀ । ਹੁਣ ਸਿਖ ਸਿੰਘ ਬਣ ਗਏ ਸਨ ਤੇ ਸਿਖਣੀਆਂ ਸਿੰਘਣੀਆਂ । ਬਬਰ ਸ਼ੇਰ ਤੇ ਬਬਰ ਸ਼ੇਰਨੀ ਹੋਂਦ ਵਿਚ ਆ ਗਏ ਸਨ ਤੇ ਸਿੰਘ ਬੁਕੇ ਮ੍ਰਿਗਵਾਲੀ ਭੰਨੀ ਜਾਏ, ਨਾ ਧੀਰ ਧਰੋਆ (ਸ਼ੇਰ ਭਵਭਰਿਆ ਸੀ ਤੇ ਗਿੱਦੜ ਹਤਿਆਰੇ ਮੁਗਲ ਨੱਸ ਗਏ ਸਨ । ਉਹਨਾ ਪੰਜ ਧਾਰਮਕ ਚਿੰਨ ਧਾਰਨ ਕਰਨੇ ਸਨ — ਇਹਨਾਂ ਨੂੰ ਪੰਚ ਕੁਕਾਰ ਕਿਹਾ ਜਾਂਦਾ ਸੀ ।

ਕ—ਕਿਰਪਾਨ, ਕੱਕਾ—ਕਛਹਿਰਾ, ਕੇ—ਕੇਸ, ਕ—ਕੜਾ, ਕ—ਕੰਘਾ । ਇਸ 'ਖਾਲਸੇ' ਅਰਥਾਤ 'ਸ਼ੁੱਧਤਾ ਦੇ ਪੁੰਜ' ਦੀ ਬਣਤਰ ਤੇ ਉਸਦਾ ਖਾਨਾ ਇਹ ਸੀ —

ਜਾਗਤ ਜੋਤਿ ਜਪੈ ਨਿਸ ਬਾਸਰ
ਏਕ ਬਿਨਾ ਮਨ ਨੈਪ ਨ ਆਨੈ ॥
ਪੂਰਨ ਪ੍ਰੇਮ ਪ੍ਰਤੀਤ ਸਜੈ, ਬਰਤ
ਗੋਰ ਮੜ੍ਹੀ ਮੱਠ ਭੂਲ ਨ ਮਾਨੈ ॥
ਤੀਰਥ ਦਾਨ ਦਇਆ ਤਪ ਸੰਜਮ
ਏਕ ਬਿਨਾਂ ਨਹਿ ਟੇਕ ਪਛਾਨੈ ।
ਪੂਰਨ ਜੋਤ ਜਗੈ ਘਟ ਮੈਂ ਤਬ
ਖਾਲਸਾ ਤਾਹਿ ਨਿਖਾਲਸ ਜਾਨੈ ।
(ਪਾਤਸ਼ਾਹੀ ਦਸਵੀਂ)

ਖਾਲਸਾ ਦਿਨ ਰਾਤ ਜਗਦੀ ਜੋਤ ਦੇ ਸੁਆਮੀ ਅਕਾਲ ਪੁਰਖ ਨੂੰ ਜਪਦਾ ਹੈ । ਇਕ ਪ੍ਰਭੂ ਤੋਂ ਬਿਨਾਂ ਕਿਸੇ ਹੋਰ ਤੇ ਮਨ ਨਹੀਂ ਲਾਉਂਦਾ ਹੈ, ਉਹ ਪੂਰੇ ਪਰੇਮ ਨਾਲ ਤੇ ਪੂਰੇ ਵਿਸ਼ਵਾਸ਼ ਨਾਲ ਪ੍ਰਭੂ ਦਾ ਸਿਮਰਨ ਕਰਦਾ ਹੈ । ਉਹ ਕਬਰ, ਸਿਵੇ, ਮੱਠ ਨਹੀਂ ਪੂਜਦਾ । ਦਾਨ ਦਇਆ, ਤਪਸਿਆ ਤੇ ਸੰਜਮ ਕਰਦਾ ਹੈ । ਜਦੋਂ ਪੂਰੇ ਪ੍ਰਭੂ ਦੀ ਲਟ ਲਟ ਕਰਦੀ ਜੋਤ (ਪ੍ਰਕਾਸ਼) ਉਸਦੇ ਮਨ ਵਿਚ ਪ੍ਰਜ੍ਵਲਤ ਹੁੰਦੀ ਹੈ ਤਾਂ ਉਹ ਸ਼ੁੱਧ ਖਾਲਸਾ ਮੰਨਿਆ ਜਾਂਦਾ ਹੈ ।

ਇਹਨਾਂ ਸੂਰਬੀਰਾਂ ਨੇ ਭਾਰਤ ਦਾ ਨਕਸ਼ਾ ਹੀ ਬਦਲਕੇ ਰੱਖ ਦਿਤਾ । ਕਾਇਰਤਾ ਕਾਫੂਰ ਹੋ ਗਈ ਤੇ ਸੂਰਬੀਰਤਾ ਜਹੂਰ ਪਜੀਹ ਹੋਈ । ਜ਼ਾਲਮ ਜਾਬਰ ਮੁਗਲਈ ਰਾਜ ਦੀਆਂ ਨੀਹਾਂ ਲਰਜ਼ ਉਠੀਆਂ ਤੇ ਔਰੰਗਜ਼ੇਬ ਦੇ ਭਾਰਤ ਨੂੰ 'ਚਾਰ-ਉਲ - ਇਸਲਾਮ' ਬਣਾਉਣ ਦਾ ਸੁਪਨਾਤਰੀ ਮਹਿਲ ਢਹਿ ਢੇਰੀ ਹੋ ਗਿਆ । ਇਹ ਸੀ ਵੈਸਾਖੀ ਦਾ ਅਜੀਮ ਦਿਹਾੜਾ ਅਤੇ ਇਹ ਸੀ 'ਖਾਲਸੇ' ਦਾ ਜਨਮ ਦਿਹਾੜਾ ।

ਇਸੇ ਦਿਨ ਹੀ ਗੁਰੂ ਹਰਿ ਗੋਬਿੰਦ ਜੀ ਨੇ 52 ਰਾਜਿਆਂ ਨੂੰ ਗਵਾਲੀਅਰ ਦੇ ਕਿਲ੍ਹੇ ਦੀ ਕੈਦ ਤੋਂ ਛੁਡਾਇਆ ਸੀ ਤੇ 'ਬੰਦੀ ਛੋੜ' ਦਾ ਲਕਬ ਧਾਰਨ ਕੀਤਾ ਸੀ ।

ਇਸੇ ਦਿਨ ਹੀ ਸੰਨ 1918 ਵਿਚ ਸ੍ਰੀ ਅੰਮ੍ਰਿਸਰ ਜੀ ਵਿਖੇ 'ਜ਼ਲਿਆਂ ਵਾਲੇ ਬਾਗ' ਦਾ ਖੂਨੀ ਸਾਕਾ ਰੂਨੁਮਾ ਹੋਇਆ ਸੀ । ਇਸ ਸਥਾਨ ਤੇ ਹਰ ਮਜ਼ਹਬੋ ਖਿਲਤ ਦੇ ਲੋਕ ਇਕੱਠੇ ਹੋਏ ਸਨ । ਉਹਨਾਂ ਨੇ ਹੱਕਾਂ ਦੀ ਮੰਗ ਕੀਤੀ ਸੀ ਤੇ ਉਹਨਾਂ ਨੂੰ ਜਨਰਲ ਡਾਇਰ ਦੇ ਹੁਕਮ ਨਾਲ ਗੋਲੀਆਂ ਨਾਲ ਭੁੰਨਿਆ ਗਿਆ ਸੀ । ਸੈਂਕੜਿਆਂ ਦੀ ਸੰਖਿਆਂ ਵਿਚ ਬੱਚੇ, ਬੁੱਢੇ, ਗਭਰੂ, ਮੁਟਿਆਰਾਂ ਸ਼ਹੀਦ ਹੋਈਆਂ ਸਨ । ਖੂਨ ਦੀ ਹੋਲੀ ਖੇਡੀ ਗਈ ਸੀ ਫਰੰਗੀ ਵਲੋਂ ਉਹ ਕੋਹੇ ਗਏ ਸਨ, ਤੜਪਾਏ ਗਏ ਸਨ, ਸੰਗੀਨਾ ਨਾਲ ਪਰੋਏ ਗਏ ਸਨ, ਗੋਲੀਆਂ ਨਾਲ ਭੁੰਨੇ ਗਏ ਸਨ । ਪਰ

ਬਾਤਲ ਸੇ ਡਰਨੇ ਵਾਲੇ ਐ ਆਸਮਾਨ ਨਹੀਂ ਹਮ,
ਸੌ ਬਾਰ ਕਰ ਚੁਕਾ ਹੈ ਤੂੰ ਇਮਤਹਾਨ ਹਮਾਰਾ
(ਤਰਾਨਾ ਏ ਮਿਲੀ : ਇਕਬਾਲ)

ਹਮ ਮਰਦੇ ਤੁਵਾਨਾ ਹੈਂ, ਕੁਛ ਹੀਜ਼ ਹੀਜੜੇ ਨਹੀਂ ਹੈ
ਸਿਲ ਪੱਥਰ ਸੇ ਪਿਸ ਜਾਏਂ ਵੁਹ ਕਸ਼ਨੀਜ਼ (ਬਣੀਆਂ) ਨਹੀਂ ਹੈ ।

ਉਹਨਾਂ ਨੇ ਅਮਰ ਜਯੋਤੀ ਜਗਾਈ ਸੀ ਜਿਹੜੀ ਹੁਣ ਵੀ ਉਥੇ ਜਗਾ ਮਗਾ ਰਹੀ ਹੈ । ਉਹ ਸੀ ਅਮਰ ਜੋਤੀ, ਅਬੁੱਝ ਜੋਤੀ ।

ਹੁਣ ਵੀ ਸਾਡੇ ਦੇਸ਼ ਵਿਚ ਅਸ਼ਾਂਤੀ ਹੈ । ਪੰਜਾਬ ਵਿਚ ਤੇ ਕੀ ਆਸਾਮ ਵਿਚ । ਆਸਾਮ ਵਿਚ ਧਰਮ ਦੇ ਨਾਉਂ ਹੇਠਾਂ ਬੱਚੇ ਮਾਰ ਦਿਤੇ ਗਏ, ਬੁੱਢੇ ਮਾਰ ਦਿਤੇ ਗਏ, ਗਭਰੂ ਮਾਰ ਦਿਤੇ ਗਏ । ਮੁਟਿਆਰਾਂ ਦੀਆਂ ਲਾਸ਼ਾਂ ਤੜਪ ਰਹੀਆਂ ਸਨ, ਬੁੱਢੀਆਂ ਦੀਆਂ ਲੋਥਾਂ ਤੜਪ ਰਹੀਆਂ ਸੀ । ਆਹ ! ਇਨਸਾਨ ! ਖੁਦਗਰਜ਼ ਇਨਸਾਨ ! ਤੇ ਬੇਕਿਰਕਾ ਹੈ !!! ਪੱਥਰ ਦਿਲ ਹੈ !!!! ਤੂੰ ਜ਼ਾਲਮ ਹੈ । ਜਾਬਰ ਹੈ !! ਹੈਵਾਨ ਹੈ !!! ਸੋ ਵੈਸਾਖੀ ਜਿਥੇ ਸੁਖਾਂਤਾ ਦੀ ਪੈਗੰਬਰ ਹੈ ਉਥੇ ਦੁਖਾਤਾਂ ਦੀ ਵੀ ਦੈਂਤ ਹੈ । ਪ੍ਰਭੂ ਕਰੇ । ਮਨੁੱਖ ਮਨੁੱਖ ਬਣ ਜਾਵੇ । ਪਸ਼ੂ ਨ ਬਣੇ । ਅਮੀਨ !

ਸਮਸਿਆ ਦੀ ਜੜ੍ਹ ਅਕਾਲੀ-ਨਿਰੰਕਾਰੀ ਝਗੜਾ--ਸ਼ਰਮਾ

ਫਗਵਾੜਾ—ਪੰਜਾਬ ਇੰਕਾ ਦੇ ਪ੍ਰਧਾਨ ਹੰਸ ਰਾਜ ਸ਼ਰਮਾ ਨੇ ਕਿਹਾ ਹੈ ਕਿ ਪੰਜਾਬ ਦੀ ਮੌਜੂਦਾ ਸਮਸਿਆ ਦੀ ਜੜ੍ਹ ਅਕਾਲੀ-ਨਿਰੰਕਾਰੀ ਝਗੜਾ ਹੈ ਤੇ ਇਸ ਨੂੰ ਹਲ ਕਰਨ ਲਈ ਪਹਿਲਾਂ ਕੋਸ਼ਿਸ਼ਾਂ ਕੀਤੀਆਂ ਜਾਣੀਆਂ ਚਾਹੀਦੀਆਂ ਹਨ। ਉਹ ਪੱਤਰਕਾਰਾਂ ਨਾਲ ਗੱਲਬਾਤ ਕਰ ਰਹੇ ਸੀ।

ਬੰਬ ਧਮਾਕੇ 'ਚ ਦੋ ਮੌਤਾਂ

ਫਗਵਾੜਾ—ਬੀਤੀ ਸ਼ਾਮ ਇਥੋਂ 35 ਕਿਲੋਮੀਟਰ ਦੂਰ ਪਿੰਡ ਗੜਵਾਲ ਵਿਚ ਇਕ ਬੰਬ ਧਮਾਕੇ ਵਿਚ ਦੋ ਮੌਤਾਂ ਹੋਣ ਦੀ ਖਬਰ ਹੈ। ਮਿਲੀ ਜਾਣਕਾਰੀ ਮੁਤਾਬਕ ਉਹ ਇਕ ਹੱਥ ਗੋਲੇ ਵਿਚੋਂ ਪਿੱਤਲ ਕੱਢ ਰਹੇ ਸਨ।

ਗੁਟਨਿਰਲੇਪ ਸੰਮੇਲਨ ਵਲੋਂ ਮੈਂਬਰ ਦੇਸ਼ਾਂ ਨੂੰ ਸੱਦਾ
ਜੰਗੀ ਗੱਠਜੋੜਾਂ ਤੋਂ ਪਰ੍ਹੇ ਰਹੋ

ਨਵੀਂ ਦਿੱਲੀ—ਇਥੇ ਸਮਾਪਤ ਹੋਏ ਸੱਤਵੇਂ ਗੁਟ ਨਿਰਲੇਪ ਸਿਖਰ ਸੰਮੇਲਨ ਨੇ ਮੈਂਬਰ ਦੇਸਾਂ ਨੂੰ ਲਹਿਰ ਦੀ ਮੈਂਬਰਸ਼ਿਪ ਲਈ ਕਸਵੱਟੀ ਦਾ ਸਖਤੀ ਨਾਲ ਪਾਲਣ ਕਰਨ ਲਈ ਕਿਹਾ ਹੈ ਜੋ ਕਿ ਸਾਡੇ ਉਤੇ ਫੌਜੀ ਗੱਠਜੋੜਾਂ ਵਿਚ ਸ਼ਾਮਲ ਹੋਣ ਅਤੇ ਬਦੇਸ਼ੀ ਤਾਕਤਾਂ ਨੂੰ ਫੌਜੀ ਅੱਡੇ ਜਾਂ ਇਹਨਾਂ ਅਡਿਆਂ ਲਈ ਸਹੂਲਤਾਂ ਦੇਣ ਉਤੇ ਪਾਬੰਦੀ ਲਾਉਂਦੀ ਹੈ।

ਸੰਮੇਲਨ ਵਲੋਂ ਅੰਤਿਮ ਸ਼ੈਸ਼ਨ ਵਿਚ ਪਰਵਾਨ ਕੀਤੇ ਗਏ ਰਾਜਨੀਤਕ ਐਲਾਨਨਾਮੇ ਵਿਚ ਇਹ ਗਲ ਦੁਹਰਾਈ ਗਈ ਹੈ ਕਿ ਅਸੀਂ ਲਹਿਰ ਦੇ ਅਸੂਲਾਂ ਅਤੇ ਉਦੇਸ਼ਾਂ ਲਈ ਸਖਤੀ ਨਾਲ ਵਚਨਬਧ ਹਾਂ।

ਇਹ ਐਲਾਨਨਾਮਾ ਜ਼ੋਰ ਦਿੰਦਾ ਹੈ ਕਿ ਕਿਸੇ ਵੀ ਦੇਸ ਵਲੋਂ ਇਹਨਾਂ ਅਸੂਲਾਂ ਦੀ ਉਲੰਘਣਾ ਕਿਸੇ ਵੀ ਹਾਲਤ ਵਿਚ ਜਵਾਬ ਨਹੀਂ ਅਤੇ ਇਹ ਉਲੰਘਣਾ ਮੁਕੰਮਲ ਤੌਰ ਉਤੇ ਅਪਰਵਾਨ ਹੈ। ਇਸ ਸਬੰਧ ਵਿਚ ਐਲਾਨਨਾਮਾ ਆਖਦਾ ਹੈ ਕਿ ਗੁਟਨਿਰਲੇਪ ਲਹਿਰ ਦੇ ਮੈਂਬਰ ਦੇਸ਼ ਅਜਿਹੀ ਕਿਸੇ ਵੀ ਕਾਰਵਾਈ ਵਿਚ ਕੋਈ ਧਿਰ ਬਣਨ ਜਾਂ ਅਜਿਹੀ ਕਾਰਵਾਈ ਕਰਨ ਤੋਂ ਗੁਰੇਜ ਕਰਨ ਜੋ ਕਿ ਫੌਜੀ ਟਕਰਾਉ ਪੈਦਾ ਕਰਦੀ ਹੋਵੇ ਅਤੇ ਫੌਜੀ ਗਠਜੋੜਾਂ ਨੂੰ ਮਜ਼ਬੂਤ ਕਰੇ।

ਪੰਜਾਬੀ ਲੰਮੀ ਲੜਾਈ ਲਈ ਤਿਆਰ ਰਹਿਣ—ਲੌਂਗੋਵਾਲ

ਅੰਮ੍ਰਿਤਸਰ—ਅਕਾਲੀ ਦਲ ਦੇ ਪ੍ਰਧਾਨ ਸੰਤ ਹਰਚੰਦ ਸਿੰਘ ਲੌਂਗੋਵਾਲ ਨੇ ਪੰਜਾਬ ਦੇ ਲੋਕਾਂ ਨੂੰ ਸੱਦਾ ਦਿਤਾ ਕਿ ਉਹ ਆਪਣੀਆਂ ਲੰਮੇ ਸਮੇਂ ਤੋਂ ਲਟਕਦੀਆਂ ਆ ਰਹੀਆਂ ਮੰਗਾਂ ਮਨਵਾਉਣ ਲਈ ਲੰਮੀ ਤੇ ਫੈਸਲਾਕੁਨ ਲੜਾਈ ਲਈ ਤਿਆਰ ਰਹਿਣ। ਅਜ ਇਥੋਂ ਜਾਰੀ ਕੀਤੇ ਇਕ ਬਿਆਨ ਵਿਚ ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਜਾਣ ਬੁਝ ਕੇ ਮੰਗਾਂ ਨਹੀਂ ਮੰਨ ਰਹੀ। ਉਹਨਾਂ ਚਿਤਾਵਨੀ ਦਿਤੀ ਕਿ ਆਮ ਕਰਕੇ ਪੰਜਾਬੀਆਂ ਤੇ ਖਾਸ ਕਰਕੇ ਸਿੱਖਾਂ ਕੋਲ ਫੈਸਲਾਕੁਨ ਲੜਾਈ ਤੋਂ ਸਿਵਾ ਹੋਰ ਕੋਈ ਚਾਰਾ ਨਹੀਂ ਰਹਿ ਗਿਆ। ਉਹਨਾਂ ਅਕਾਲੀ ਐਮ. ਪੀਜ਼. ਤੇ ਵਿਧਾਇਕਾਂ ਵਾਂਗ ਦੂਜੀਆਂ ਪਾਰਟੀਆਂ ਦੇ ਮੈਂਬਰਾਂ ਨੂੰ ਵੀ ਅਸਤੀਫੇ ਦੇਣ ਲਈ ਕਿਹਾ ਹੈ ਕਿ ਅਸਤੀਫੇ ਨਾ ਦੇਣਾ ਪੰਜਾਬ ਦੇ ਹਿਤਾਂ ਨਾਲ ਗਦਾਰੀ ਹੈ।

ਅੱਜ ਤੋਂ ਭਾਰਤ ਲਈ ਮਾਰਕਸਵਾਦ ਬਹੁਤ ਉਪਯੋਗੀ--ਨੰਬੂਦਰੀਪਾਦ

ਤ੍ਰੀਵੇਂਦਰਮ —ਮਾਰਕਸੀ ਪਾਰਟੀ ਦੇ ਜਨਰਲ ਸਕੱਤਰ ਈ. ਐਮ. ਐਸ. ਨੰਬੂਦਰੀਪਾਦ ਨੇ ਕੱਲ੍ਹ ਇਥੇ ਕਿਹਾ ਕਿ ਕਾਰਲ ਮਾਰਕਸ ਨੂੰ ਆਪਣੇ ਸਮੇਂ ਵਿਚ ਭਾਰਤੀ ਸਮਸਿਆਵਾਂ ਦਾ ਗੂੜ੍ਹ ਗਿਆਨ ਸੀ ਅਤੇ ਅੱਜ ਦੇ ਭਾਰਤੀ ਸੰਦਰਭ ਵਿਚ ਮਾਰਕਸਵਾਦ ਦੀ ਉਪਯੋਗਤਾ ਬਹੁਤ ਵੱਧ ਹੈ।

ਇਥੇ ਕਾਰਲ ਮਾਰਕਸ ਦੀ ਸ਼ਤਾਬਦੀ ਬਰਸੀ ਦੇ ਸਬੰਧ ਵਿਚ ਕਰਾਈ ਗਈ ਇਕ ਗੋਸ਼ਟੀ ਵਿਚ 'ਮਾਰਕਸ ਤੋਂ 100 ਸਾਲ ਬਾਦ ਮਾਰਕਸਵਾਦ' ਉਪਰ ਆਪਣਾ ਪਰਚਾ ਪੇਸ਼ ਕਰਦੇ ਹੋਏ ਸ੍ਰੀ ਨੰਬੂਦਰੀਪਾਦ ਨੇ ਕਿਹਾ ਕਿ ਭਾਰਤ ਦੀ ਸਥਿਤੀ ਬਾਰੇ ਮਾਰਕਸ ਵਲੋਂ ਉਠਾਏ ਗਏ ਸਵਾਲ ਅਤੇ ਉਹਨਾਂ ਵਲੋਂ ਦਿਤੇ ਗਏ ਜਵਾਬ ਅਜੇ ਵੀ ਪੂਰੀ ਤਰ੍ਹਾਂ ਉਪਯੋਗਤਾ ਰਖਦੇ ਹਨ। ਜਿਵੇਂ ਕਿ ਇਤਿਹਾਸਕ ਹਾਲਤਾਂ ਜਿਨ੍ਹਾਂ ਕਾਰਨ ਅੰਗਰੇਜ਼ ਭਾਰਤ ਤੇ ਆਪਣਾ ਸਾਮਰਾਜ ਕਾਇਮ ਕਰਨ ਦੇ ਸਮਰਥ ਹੋਏ ਅਤੇ ਜਿਸ ਵੱਲ ਉਹਨਾਂ ਧਿਆਨ ਖਿਚਿਆ ਉਹ ਸੀ ਮੁਸਲਮਾਨਾਂ ਅਤੇ ਹਿੰਦੂਆਂ ਵਿਚ ਵੰਡ, ਕਬੀਲੇ ਅਤੇ ਕਬੀਲੇ ਵਿਚ ਵੰਡ ਅਤੇ ਜ਼ਾਤ ਅਤੇ ਜ਼ਾਤ ਵਿਚ ਵੰਡ ਅਜੇ ਵੀ ਜਾਰੀ ਹੈ।

ਸ੍ਰੀ ਨੰਬੂਦਰੀਪਾਦ ਨੇ ਕਿਹਾ ਕਿ ਮਾਰਕਸ ਦੀ ਸ਼ਤਾਬਦੀ ਬਰਸੀ ਸਕਾਲਰਾਂ, ਟਿਪਣੀਕਾਰਾਂ ਅਤੇ ਨਾਗਰਕਿ ਵਿਗਿਆਨੀਆਂ ਨੂੰ ਮਾਰਕਸਵਾਦ ਦਾ ਅਰਥ ਸਮਝਣ ਅਤੇ ਪਿਛਲੇ 100 ਸਾਲ ਦੇ ਤਜਰਬੇ ਦੀ ਰੋਸ਼ਨੀ ਵਿਚ ਇਸ ਦੀ ਮੰਨਣ ਯੋਗਤਾ ਦਾ ਮੁਲਅੰਕਣ ਕਰਨ ਦਾ ਮੌਕਾ ਮੁਹਈਆ ਕਰੇਗੀ।

ਸੁਭਾਸ਼ ਬਾਰੇ ਮਾਈਕਰੋ ਫ਼ਿਲਮਾਂ

ਨਵੀਂ ਦਿੱਲੀ—ਰਾਸ਼ਟਰੀ ਅਜਾਇਬ ਘਰ ਨੇ ਇੰਡੀਆ ਆਫਿਸ ਲਾਇਬਰੇਰੀ ਐਂਡ ਰੀਕਾਰਡਜ਼ ਲੰਡਨ ਤੋਂ ਨੇਤਾ ਜੀ ਸੁਭਾਸ਼ ਚੰਦਰ ਦੀਆਂ 1939 ਤੋਂ 1941 ਦੀਆਂ ਸਰਗਰਮੀਆਂ ਸਬੰਧੀ ਦਸਤਾਵੇਜ਼ਾਂ ਤੇ ਆਧਾਰਿਤ ਕੁਝ ਮਾਈਕਰੋ ਫ਼ਿਲਮਾਂ ਪ੍ਰਾਪਤ ਕੀਤਆਂ ਹਨ, ਜਿਨ੍ਹਾਂ ਵਿਚ ਦੋ—ਮਹਾਤਮਾ ਗਾਂਧੀ ਅਤੇ ਸੁਭਾਸ਼ ਚੰਦਰ ਬੋਸ ਵਿਚਾਲੇ ਲਿਖੇ ਗਏ ਖਤ ਹਨ ਜੋ ਦੋਨਾਂ ਨੇਤਾਵਾਂ ਵਿਚ ਪਾਏ ਜਾਣ ਵਾਲੇ ਮਤ ਭੇਦਾਂ ਤੇ ਚਾਨਣਾ ਪਾਉਂਦੇ ਹਨ।

ਗਿਆਨਾ 'ਚ ਭਾਰਤੀ ਡਾਕਟਰਾਂ ਦੇ ਕੰਮ ਦੀ ਸ਼ਲਾਘਾ

ਨਵੀਂ ਦਿੱਲੀ—ਗਿਆਨਾ ਦੇ ਸਿਹਤ ਮੰਤਰੀ ਸ੍ਰੀ ਰਿਚਰਡ ਵਾਨ ਵੈਸਟ ਚਾਰਲਸ ਪਿਛਲੇ ਦਿਨੀਂ ਕੇਂਦਰੀ ਸਿਹਤ ਅਤੇ ਪਰਵਾਰ ਭਲਾਈ ਮੰਤਰੀ ਸ੍ਰੀ ਸ਼ੰਕਰਾਨੰਦ ਨੂੰ ਮਿਲੇ। ਉਨ੍ਹਾਂ ਨੇ ਗਿਆਨਾ ਵਿਚ ਅੱਖਾਂ ਦੀਆਂ ਬੀਮਾਰੀਆਂ ਦੇ ਇਲਾਜ ਸਬੰਧੀ ਭਾਰਤੀ ਡਾਕਟਰਾਂ ਦੇ ਸ਼ਾਨਦਾਰ ਕੰਮ ਦੀ ਸ਼ਲਾਘਾ ਕੀਤੀ। ਉਨ੍ਹਾਂ ਕਿਹਾ ਕਿ ਉਨ੍ਹਾਂ ਦਾ ਦੇਸ਼ ਰਡੀਓ ਥਰਾਪੀ, ਬੀਮਾਰੀਆਂ ਦੇ ਨੁਕਸ ਅਤੇ ਖੂਨ ਦੀਆਂ ਬੀਮਰੀਆਂ ਦੇ ਖੇਤਰ ਵਿਚ ਭਾਰਤ ਦੀ ਸਹਾਇਤਾ ਦਾ ਸੁਆਗਤ ਕਰੇਗਾ।

ਸ੍ਰੀ ਚਾਰਲਸ ਨੇ ਕਿਹਾ ਕਿ ਉਨ੍ਹਾਂ ਦਾ ਦੇਸ਼ ਭਾਰਤ ਤੋਂ ਹਸਪਤਾਲ ਦਾ ਸਾਜ਼-ਸਾਮਾਨ ਖਰੀਦਣ ਦੀਆਂ ਸੰਭਾਵਨਾਵਾਂ ਦਾ ਜਾਇਜ਼ਾ ਲਵੇਗਾ।

ਸ੍ਰੀ ਸ਼ੰਕਰਾਨੰਦ ਨੇ ਗਿਆਨਾ ਦੇ ਸਿਹਤ ਮੰਤਰੀ ਨੂੰ ਦੱਸਿਆ ਕਿ ਭਾਰਤ ਵਿਚ ਹਸਪਤਾਲਾਂ ਬਾਰੇ ਪ੍ਰਬੰਧਕੀ ਨਿਗਮ ਸਥਾਪਿਤ ਕੀਤੀ ਗਈ ਹੈ ਜਿਹੜੀ ਦੂਜੇ ਦੇਸ਼ਾਂ ਦੇ ਪ੍ਰਾਜੈਕਟਾਂ ਦੇ ਕੰਮ ਹੱਥ ਵਿਚ ਲੈ ਸਕਦੀ ਹੈ।

14 ਲੱਖ ਦੀ ਹੈਰੋਇਨ ਫੜੀ

ਭਿਖੀਵਿੰਡ—ਪਾਕਿਸਤਾਨ ਦੇ ਸਾਹਿਰ ਡੇਰਾ ਗਾਜੀ ਖਾਨ ਨੇੜੇ ਪਾਂਕਿ ਕਸਟਮ ਵਿਭਾਗ ਨੇ ਇਕ ਕਾਰ ਵਿਚੋਂ 14 ਕਿਲੋ ਹੈਰੋਇਨ ਜਿਸਦੀ ਕੀਮਤ 14 ਲਖ ਦੇ ਕਰੀਬ ਹੈ ਫੜੀ ਹੈ ਤੇ ਇਸਤੋਂ ਇਲਾਵਾ ਦੋ ਕਵਿੰਟਲ 20 ਕਿਲੋ ਅਫੀਮ ਵੀ ਫੜੀ ਹੈ ਜੋ ਕਿ ਬਾਹਰਲੇ ਦੇਸ਼ਾਂ ਨੂੰ ਸਮਗਲਿਗ ਹੋਣ ਵਾਸਤੇ ਜਾ ਰਹੀ ਸੀ। ਇਸ ਸਬੰਧੀ ਕਸਟਮ ਵਾਲਿਆਂ ਨੇ ਕਾਰ ਤੇ ਉਸ ਵਿਚ ਸਵਾਰ ਤਿੰਨ ਸਮਗਲਰ ਜੋ ਕਿ ਪਾਕਿ ਦੇ ਵੱਡੇ ਗੈਂਗ ਨਾਲ ਸਬੰਧਤ ਹਨ, ਨੂੰ ਹਿਰਾਸਤ ਵਿਚ ਲੈ ਲਿਆ ਹੈ।

"ਇੰਦਰਾ ਗਾਂਧੀ ਮੇਰੀ ਭੈਣ ਹੈ"

- ਯਾਸਰ ਅਰਾਫਤ

ਨਵੀਂ ਦਿੱਲੀ—ਪੀ. ਐਲ. ਓ. ਦੇ ਆਗੂ ਯਾਸਰ ਅਰਾਫਤ ਨੇ ਇਥੇ ਕਿਹਾ ਕਿ "ਭਾਰਤ ਵਿਚ ਮੇਰੀ ਇਕ ਭੈਣ ਹੈ ਪਰ ਅਹੁਦੇ ਅਨੁਸਾਰ ਮੈਨੂੰ ਉਹਨਾਂ ਨੂੰ ਮੈਡਮ ਪ੍ਰਧਾਨ ਮੰਤਰੀ ਸ੍ਰੀਮਤੀ ਇੰਦਰਾ ਗਾਂਧੀ ਕਹਿ ਕੇ ਸਦਣਾ ਪਏਗਾ।"

ਪੀ. ਐਲ. ਓ. ਦੇ ਆਗੂ ਨੇ ਅਜਿਹਾ ਉਸ ਵੇਲੇ ਕਿਹਾ ਜਦੋਂ ਉਹ ਇਥੇ ਸਪਰੀਮ ਕੋਰਟ ਦੇ ਅਹਾਤੇ ਵਿਚ ਵਕੀਲਾਂ ਨੂੰ ਸੰਬੋਧਨ ਕਰ ਰਹੇ ਸਨ।

ਸ੍ਰੀ ਅਰਾਫਤ ਜੋ ਬਗੈਰ ਕਿਸੇ ਪ੍ਰੋਗਰਾਮ ਦੇ ਅਦਾਲਤ ਦੇਖਣ ਗਏ, ਭਾਰਤ ਦੇ ਚੀਫ ਜਸਟਿਸ ਸ੍ਰੀ ਵਾਈ. ਵੀ. ਚੰਦਰਾਚੂਡ ਦੀ ਅਦਾਲਤ ਵਿਚ ਵੀ ਥੋਹੜੇ ਚਿਰ ਲਈ ਗਏ। "ਨਮਸਤੇ" ਕਹਿਣ ਲਈ ਉਹਨਾਂ ਨੇ ਆਪਣੇ ਦੋਨੋਂ ਹੱਥ ਜੋੜੇ ਹੋਏ ਸਨ।

ਅਦਾਲਤ ਨੇ ਕੰਮ ਕਾਜ ਨੂੰ ਰੋਕਦੇ ਹੋਏ ਚੀਫ ਜਸਟਿਸ ਨੇ ਪੀ. ਐਲ. ਓ. ਦੇ ਆਗੂ ਦਾ ਸੁਆਗਤ ਕੀਤਾ। ਸ੍ਰੀ ਅਰਾਫਤ ਚੀਫ ਜਸਟਿਸ ਦੇ ਅਦਾਲਤੀ ਕਮਰੇ ਵਿਚ ਲਗਪਗ 5 ਮਿੰਟ ਰਹੇ।

ਵਕੀਲ ਨੂੰ ਸੰਬੋਧਨ ਕਰਦਿਆਂ ਸ੍ਰੀ ਅਰਾਫਤ ਨੇ ਕਿਹਾ ਕਿ ਭਾਰਤ ਇਨਸਾਫ ਦਾ ਰਾਖਾ ਹੈ ਤੇ ਇਸ ਦੀ ਹਮਾਇਤ ਨਾਲ ਫਲਸਤੀਨੀ ਜਦੋਜਹਿਦ ਆਪਣੀ ਜਿਤ ਹਾਸਲ ਕਰੇਗੀ।

ਨਕਲ ਲਈ ਕੈਦ ਮਿਲੇਗੀ

ਬੰਬਈ—ਬੰਬਈ ਯੂਨੀਵਰਸਿਟੀ ਨੇ ਪ੍ਰੀਖਿਆਵਾਂ ਵਿਚ ਨਕਲ ਘਟਾਉਣ ਲਈ ਇਕ ਵਿਸਥਾਰਤ ਯੋਜਨਾ ਤਿਆਰ ਕੀਤੀ ਹੈ। ਯੂਨੀਵਰਸਿਟੀ ਨੇ ਪਿਛਲੀਆਂ ਪ੍ਰੀਖਿਆਵਾਂ ਵਿਚ ਨਕਲ ਮਾਰਦੇ ਫੜੇ ਗਏ ਵਿਦਿਆਰਥੀਆਂ ਦੇ ਕੇਸਾਂ ਦੇ ਫੈਸਲੇ ਕਰਨ ਵਿਚ ਤੇਜੀ ਲਿਆਂਦੀ ਹੈ ਅਤੇ ਕੇਂਦਰੀ ਈਵੈਲਯੂਏਸ਼ਨ ਦੀ ਸਕੀਮ ਤਿਆਰ ਕੀਤੀ ਹੈ।

ਬੰਬਈ ਯੂਨੀਵਰਸਿਟੀ ਨੇ ਹੁਣ ਨਕਲ ਮਾਰਨ ਵਾਲੇ ਵਿਦਿਆਰਥੀ ਨੂੰ ਪੰਜ ਸਾਲ ਤਕ ਕੱਢੇ ਜਾਣ ਦਾ ਅਧਿਕਾਰ ਪ੍ਰਾਪਤ ਕਰ ਲਿਆ ਹੈ ਅਤੇ ਇਸਦੇ ਨਾਲ ਹੀ ਨਕਲ ਮਾਰਨ ਵਾਲੇ ਨੂੰ 6 ਮਹੀਨੇ ਦੀ ਕੈਦ ਅਤੇ 500 ਰੁਪਏ ਤਕ ਜ਼ੁਰਮਾਨਾ ਕਰਨ ਦਾ ਪਰਬੰਧ ਵੀ ਕੀਤਾ ਹੈ।

ਪ੍ਰੀਖਿਆ ਤੋਂ ਪਹਿਲਾਂ ਜੇ ਪੈਣ ਵਾਲਾ ਪਰਚਾ ਕਿਸੇ ਪਾਸੋਂ ਫੜਿਆ ਜਾਂਦਾ ਹੈ ਤਾਂ ਉਸਨੂੰ ਇਕ ਸਾਲ ਦੀ ਕੈਦ ਅਤੇ 1000 ਰੁਪਏ ਤਕ ਜ਼ੁਰਮਾਨਾ ਕਰਨ ਦਾ ਪ੍ਰਬੰਧ ਵੀ ਕੀਤਾ ਗਿਆ ਹੈ। ਇਸ ਸਬੰਧ ਵਿਚ ਬੰਬਈ ਦੇ ਰਾਜਪਾਲ ਨੇ ਯੂਨੀਵਰਸਿਟੀ ਦੇ ਚਾਂਸਲਰ ਹੋਣ ਦੀ ਹੈਸੀਅਤ ਵਿਚ ਇਕ ਆਰਡੀਨੈਂਸ ਜਾਰੀ ਕੀਤਾ ਹੈ।

ਮਾਲਕਾਂ ਨੇ ਬੱਸਾਂ ਘੇਰ ਕੇ ਸਵਾਰੀਆਂ ਨੂੰ ਭਜਾ ਦਿਤਾ

ਪਬਲਿਕ ਰੋਡ ਵੇਜ਼ ਕੰਪਨੀ ਦੇ ਮਾਲਕ ਹੋਛੇ ਹਥਿਆਰਾਂ ਤੇ

ਹੁਸ਼ਿਆਰਪੁਰ—ਉਸ ਵੇਲੇ ਪਬਲਿਕ ਰੋਡਵੇਜ਼ ਮੁਲਾਜ਼ਮਾਂ ਵਿਚ ਹੈਰਾਨੀ ਪੈਦਾ ਹੋ ਗਈ ਜਦੋਂ ਪਬਲਿਕ ਰੋਡਵੇਜ ਦੀ ਮੈਨੇਜਮੈਂਟ ਤੇ ਮਾਲਕਾਂ ਨੇ ਸ੍ਰੀ ਝਿਕਾ ਦੀ ਅਗਵਾਈ ਵਿਚ ਆਪਣੇ ਗੁੰਡਿਆਂ ਸਮੇਤ ਹਥਿਆਰਾਂ ਦੀ ਨੋਕ ਨਾਲ ਦੋ ਬੱਸਾਂ ਜਲੰਧਰ ਪੈਟਰੋਲ ਪੰਪ ਨਜ਼ਦੀਕ ਘੇਰ ਲਈਆਂ। ਤੇ ਸੁਆਰੀਆਂ ਨੂੰ ਉਥੋਂ ਚਲੇ ਜਾਣ ਦੀ ਚਿਤਾਵਨੀ ਦਿਤੀ। ਬੱਸ ਡਰਾਈਵਰ ਨੂੰ ਉਤਾਰ ਦਿਤਾ ਤੇ ਬੱਸਾਂ ਭਜਾ ਕੇ ਲੈ ਗਏ ਤੇ ਟਾਇਰ ਲਾ ਦਿਤੇ ਅਤੇ ਕੰਨਡਕਟਰਾਂ ਤੋਂ ਕੈਸ਼ ਤੇ ਟਿਕਟਾਂ ਖੋਹ ਲਈਆਂ।

ਤੀਸਰੀ ਬੱਸ ਨੂੰ ਉਹਨਾਂ ਫਿਲੌਰ ਨਜ਼ਦੀਕ ਇਸ ਤਰਾਂ ਘੇਰ ਕੇ ਕਬਜ਼ਾ ਕੀਤਾ। ਮੁਲਾਜ਼ਮਾਂ ਨੇ ਰੋਸ ਵਜੋਂ ਬਾਕੀ ਰਹਿੰਦੀਆਂ ਬੱਸਾਂ ਰੋਕ ਲਈਆਂ। ਵਾਪਰੀ ਘਟਨਾ ਬਾਰੇ ਯੂਨੀਅਨ ਦੇ ਆਗੂ ਸਾ: ਬਲਵਿੰਦਰ ਸਿੰਘ ਪ੍ਰਧਾਨ ਤੇ ਸ੍ਰੀ ਆਤਮਾ ਸਿੰਘ ਜਨਰਲ ਸਕੱਤਰ ਨੇ ਇਕ ਬਿਆਨ ਵਿਚ ਕਿਹਾ ਹੈ ਕਿ ਮੁਲਾਜ਼ਮ ਕਾਫੀ ਦੇਰ ਤੋਂ ਮੰਗ ਕਰ ਰਹੇ ਸਨ ਕਿ ਕੱਚੇ ਮੁਲਾਜ਼ਮ ਪੱਕੇ ਕਰੋ ਅਤੇ ਸੋਧੇ ਗਰੇਡ ਦਿਉ, ਪ੍ਰਾਈਵੇਟ ਫੰਡ ਦੇ ਹਿਸਾਬ ਤੇ ਮੁਲਾਜ਼ਮਾਂ ਨੂੰ ਰਸੀਦਾਂ ਰਾਹੀਂ ਜਾਣੂ ਕਰਾਉ, ਪਰ ਮੈਨੇਜਮੈਂਟ ਨੇ ਵਿਸ਼ਵਾਸ਼ ਦੁਆਉਣ ਦੇ ਬਾਵਜੂਦ ਮੁਲਾਜ਼ਮ ਨੌਕਰੀਆਂ ਤੋਂ ਕੱਢ ਦਿਤੇ। ਸਿੱਟੇ ਵਜੋਂ ਮੁਲਾਜ਼ਮਾਂ ਵਰਕ-ਟੂ-ਰੂਲ ਕਰਦਿਆਂ ਬਿਨਾਂ ਪਰਮਿਟ ਤੇ ਬਿਨਾਂ ਟੈਕਸ ਅਦਾ ਕੀਤਿਆਂ ਬਰਾਤਾਂ ਢੋਣ ਤੋਂ ਇਨਕਾਰ ਕਰ ਦਿਤਾ ਜਿਸ ਕਾਰਨ ਮੈਨੇਜਮੈਂਟ ਹੋਛੇ ਹਥਿਆਰਾਂ ਤੇ ਉਤਰ ਆਈ।

ਸੰਤ ਲੌਂਗੋਵਾਲ ਨੇ ਲੋਕਾਂ ਨੂੰ ਸ਼ਾਤ ਰਹਿਣ ਲਈ ਕਿਹਾ

ਅੰਮ੍ਰਿਤਸਰ—ਸੰਤ ਹਰਚੰਦ ਸਿੰਘ ਲੌਂਗੋਵਾਲ ਪ੍ਰਧਾਨ ਅਕਾਲੀ ਦਲ ਨੇ ਪੰਜਾਬ ਵਿਚ ਵਧ ਰਹੇ ਪੁਲੀਸ ਜਬਰ ਅਤੇ ਨਿਰਦੋਸ਼ ਲੋਕਾਂ ਦੇ ਹੋ ਰਹੇ ਕਤਲਾਂ ਦੀ ਜ਼ੋਰਦਾਰ ਨਿਖੇਧੀ ਕੀਤੀ ਹੈ। ਸੰਤ ਜੀ ਨੇ ਕਿਹਾ ਕਿ ਸਰਕਾਰ ਸਿੱਖ ਦੁਸ਼ਮਣੀ ਅਧੀਨ ਪਿਛਲੇ ਲੰਮੇ ਸਮੇਂ ਤੋਂ ਅੰਮ੍ਰਿਤ ਧਾਰੀ ਸਿੰਘਾਂ ਨੂੰ ਝੂਠੇ ਮੁਕਾਬਲਿਆਂ ਵਿਚ ਕਤਲ ਕਰ ਰਹੀ ਹੈ। ਉਹਨਾਂ ਨੇ ਸਿੱਖ ਸੰਗਤਾਂ ਨੂੰ ਬੇਨਤੀ ਕੀਤੀ ਕਿ ਉਹ ਸ਼ਾਂਤ ਰਹਿਣ।

ਪੰਜਾਬੀ ਫਿਲਮੀ ਮੇਲੇ ਤੋਂ ਫਿਲਮ ਸਾਜ਼ਾਂ ਨੂੰ ਆਸ ਘੱਟ

ਜਲੰਧਰ—ਪੰਜਾਬੀ ਫਿਲਮ ਖੇਤਰਾਂ ਵਿਚ ਇਹ ਪਰਚਾ ਬਹੁਤ ਜ਼ੋਰਾਂ ਤੇ ਹੈ ਕਿ 3 ਅਪ੍ਰੈਲ ਨੂੰ ਚੰਡੀਗੜ੍ਹ ਵਿਚ ਹੋਣ ਵਾਲੇ ਪੰਜਾਬੀ ਫਿਲਮੀ ਮੇਲੇ ਵਿਚ ਪੰਜਾਬ ਸਰਕਾਰ ਵਲੋਂ ਐਲਾਨੀ ਜਾਣ ਵਾਲੀ ਨੀਤੀ ਵਿਚ ਕੋਈ ਨਵੀਂ ਅਤੇ ਠੋਸ ਗੱਲ ਨਹੀਂ ਕੀਤੀ ਜਾਵੇਗੀ। ਕਿਹਾ ਜਾਂਦਾ ਹੈ ਕਿ ਸਰਕਾਰ ਵਲੋਂ 50 ਫੀ ਸਦੀ ਟੈਕਸ ਤਾਂ ਸਿਰਫ ਫਿਲਮੀ ਦੇ ਪੰਜਾਬੀ ਹੋਣ ਕਾਰਨ ਹੀ ਮੁਆਫ ਕਰ ਦਿਤਾ ਜਾਏਗਾ ਅਤੇ ਇਸ ਤੋਂ ਵੱਧ ਟੈਕਸ ਮੁਆਫ ਕਰਵਾਉਣ ਲਈ ਨਿਰਮਾਤਾਵਾਂ ਨੂੰ ਆਪਣੀ ਫਿਲਮ ਅਧਿਕਾਰੀਆਂ ਨੂੰ ਦਿਖਾਉਣੀ ਪਵੇਗੀ ਅਤੇ ਸਾਬਤ ਕਰਨਾ ਪਏਗਾ ਕਿ ਉਹਨਾਂ ਦੀ ਫਿਲਮ ਵਿਚ ਕੁਝ ਖਾਸ ਗੱਲ ਹੈ। ਪੰਜਾਬੀ ਫਿਲਮ ਸਾਜ਼ਾਂ ਵਿਚ ਇਸ ਪੱਖੋਂ ਵੀ ਨਿਰਾਸ਼ਾ ਪਾਈ ਜਾ ਰਹੀ ਹੈ ਕਿ ਜੇ ਸਾਰੀਆਂ ਪੰਜਾਬੀ ਫਿਲਮਾਂ ਨੂੰ ਬਰਾਬਰ ਦੀ ਟੈਕਸ ਛੋਟ ਦੇ ਦਿਤੀ ਗਈ ਤਾਂ ਇਸ ਦਾ ਫਾਇਦਾ ਉਹ ਲੋਕ ਵੀ ਉਠਾ ਲੈਣਗੇ ਜੋ ਕਿ ਅਸ਼ਲੀਲ ਜਾਂ ਦੋਹਰੇ ਅਰਥਾਂ ਵਾਲੀਆਂ ਫਿਲਮਾਂ ਬਣਾਉਂਦੇ ਹਨ। ਚੰਗੀਆਂ ਉਚ ਪੱਧਰ ਦੀਆਂ ਫਿਲਮਾਂ ਬਣਾਉਣ ਵਾਲਿਆਂ ਦਾ ਕਹਿਣਾ ਹੈ ਕਿ ਜੇ ਇਹ ਨੀਤੀ ਲਾਗੂ ਹੋ ਗਈ ਤਾਂ ਘੋੜਾ ਅਤੇ ਗਧਾ ਇਕੋ ਹੀ ਕਿਲੇ ਨਾਲ ਬੰਨਣ ਵਾਲੀ ਗੱਲ ਹੋ ਜਾਵੇਗੀ।

ਅਮਰੀਕਾ ਭਾਰਤ ਦੇ ਕਰਜ਼ਾ ਲੈਣ ਤੋਂ ਵੀ ਦੁਖੀ

ਵਾਸ਼ਿੰਗਟਨ—ਅਮਰੀਕਾ ਦੇ ਖਜ਼ਾਨਾ ਮੰਤਰੀ ਡੋਨੈਲਡ ਰੀਗਨ ਨੇ ਸੈਨਟ ਦੀ ਅਪਰੋਪਰੀਏਸ਼ਨ ਸਬ ਕਮੇਟੀ ਨੂੰ ਦਸਿਆ ਕਿ ਅਮਰੀਕਾ ਏਸ਼ੀਅਨ ਡੀਵੈਲਪਮੈਂਟ ਬੈਂਕ ਵਲੋਂ ਭਾਰਤ ਨੂੰ ਕਰਜਾ ਦਿਤੇ ਜਾਣ ਦਾ ਵਿਰੋਧ ਕਰ ਰਿਹਾ ਹੈ।

ਸਬ-ਕਮੇਟੀ ਦੇ ਸੈਨੇਟਰ ਕਾਂਸਟਨ ਨੇ ਉਹਨਾਂ ਨੂੰ ਯਕੀਨ ਦਿਵਾਇਆ ਕਿ ਪ੍ਰਸਾਸ਼ਨ ਵਲੋਂ ਲਏ ਗਏ ਇਸ ਫੈਸਲੇ ਦੀ ਕਾਂਗਰਸ ਨਾ ਸਿਰਫ ਹਮਾਇਤ ਹੀ ਕਰੇਗੀ ਬਲਕਿ ਪ੍ਰਸਾਸ਼ਨ ਤੇ ਦਬਾਅ ਵੀ ਪਾਏਗੀ ਕਿ ਉਹ ਆਪਣੇ ਸਟੈਂਡ ਤੇ ਸਥਿਰ ਰਹੇ।

ਖਜ਼ਾਨਾ ਮੰਤਰੀ ਨੂੰ ਇਸ ਗੱਲ ਦਾ ਖਦਸ਼ਾ ਹੈ ਕਿ ਕਾਂਗਰਸ ਵਿਚ ਅਮਰੀਕਾ ਵਲੋਂ ਅਪਨਾਈ ਨੀਤੀ ਦਾ ਕਾਫੀ ਵਿਰੋਧ ਹੋਵੇਗਾ। ਕਿਉਂਕਿ ਆਈ. ਡੀ. ਏ. ਨੂੰ ਫੰਡ ਦੇਣ ਸਬੰਧੀ ਇਕ ਮੈਂਬਰ ਨੇ ਟਿੱਪਣੀ ਕੀਤੀ ਸੀ ਕਿ ਅਮਰੀਕਾ ਆਈ. ਡੀ. ਏ. ਦੀਆਂ ਯੋਜਨਾਵਾਂ ਨੂੰ ਫੰਡਾਂ ਵਿਚ ਕਟੌਤੀ ਕਰਕੇ ਤਬਾਹੀ ਦੇ ਕੰਢੇ ਨਹੀਂ ਲੈ ਜਾਵੇਗਾ। ਇਹਨਾ ਹਾਲਤਾਂ ਵਿਜ ਸੰਸਾਰ ਬੈਂਕ ਦੇ ਪ੍ਰਧਾਨ ਕਲਾਜਨ ਦੇ ਆਸਾਂ ਭਰੇ ਬਿਆਨ ਕਿ "ਸਾਨੂੰ ਵਿਸ਼ਵਾਸ਼ ਹੈ ਕਿ ਇਸ ਵਾਰ ਅਮਰੀਕਾ ਆਈ. ਡੀ. ਏ. ਵਿਚ ਫੰਡ ਦੇਣ ਲਗਿਆ ਕੋਈ ਦੇਰੀ ਨਹੀਂ ਕਰੇਗਾ ਹਨੇਰੇ ਵਿਚ ਸੀਟੀਆਂ ਮਾਰਨ ਦਾ ਪੁਰਾਣਾ ਹੀ ਕੇਸ ਲਗਦਾ ਹੈ।

ਏ. ਡੀ. ਬੀ. ਦੇ ਚੀਨ ਨੂੰ ਮੈਂਬਰ ਬਣਾਏ ਜਾਣ ਦੀਆਂ ਸੰਭਾਵਨਾਵਾਂ ਬਾਰੇ ਵੀ ਅਮਰੀਕੀ ਕੁਝ ਹੋਰ ਤਰਾਂ ਸੋਚਦੇ ਹਨ। ਚੀਨ ਨੇ ਭਾਵੇਂ ਅਜੇ ਇਸਦੀ ਮੈਂਬਰਸ਼ਿਪ ਲਈ ਮੁਢਲੇ ਤੌਰ ਤੇ ਦਰਖਾਸਤ ਨਹੀਂ ਦਿਤੀ ਕਿਉਂਕਿ ਜੇ ਚੀਨ ਨੂੰ ਇਸਦਾ ਮੈਂਬਰ ਬਣਾਇਆ ਜਾਂਦਾ ਹੈ ਤਾਂ ਤਾਇਵਾਨ ਨੂੰ ਇਸਦੀ ਮੈਂਬਰੀ ਛਡਣੀ ਪੈਂਦੀ ਹੈ ਪਰ ਇਸ ਬਾਰੇ ਅਮਰੀਕੀ ਖਜ਼ਾਨਾ ਮੰਤਰੀ ਦਾ ਵਿਚਾਰ ਹੈ ਕਿ ਰੀਗਨ ਪ੍ਰਸਾਸ਼ਨ ਇਸਦਾ ਹਮਾਇਤੀ ਨਹੀਂ। ਇਸਦੇ ਉਲਟ ਅਮਰੀਕਾ ਅਜਿਹ ਸਥਿਤੀ ਪੈਦਾ ਕਰਨ ਲਈ ਸੰਸਾਰ ਬੈਂਕ ਦੇ ਅਧਿਕਾਰੀਆਂ ਤੇ ਦਬਾਅ ਪਾਏਗੀ ਕਿ ਤਾਇਵਾਨ ਦੀ ਮੈਂਬਰੀ ਖੋਏ ਬਿਨਾਂ ਚੀਨ ਨੂੰ ਇਸਦਾ ਮੈਂਬਰ ਬਣਾ ਲਿਆ ਜਾਵੇ।

ਭਾਰਤ ਜਦੋਂ ਤੋਂ ਆਈ. ਡੀ. ਬੀ. ਦਾ ਮੈਂਬਰ ਬਣਿਆ ਹੈ ਇਸ ਨੇ ਪਿਛਲੇ ਸਾਲ ਪਹਿਲੀ ਵਾਰ ਬੈਂਕ ਤੋਂ 2 ਅਰਬ ਡਾਲਰ ਦਾ ਕਰਜ਼ਾ ਅਗਲੇ ਪੰਜ ਸਾਲ ਲਈ ਲੈਣ ਦੀ ਇਛਾ ਪਰਗਟ ਕੀਤੀ ਸੀ। ਅਮਰੀਕਾ ਭਾਰਤ ਵਲੋਂ ਇਸ ਸੰਸਥਾ ਪਾਸੋਂ ਕਰਜ਼ਾ ਲਏ ਜਾਣ ਦਾ ਵਿਰੋਧ ਇਸ ਲਈ ਕਰ ਰਿਹਾ ਹੈ ਕਿ ਭਾਰਤ ਦੀ ਏਡੀ ਵੱਡੀ ਰਕਮ ਨਾਲ ਦੂਜੇ ਕਰਜ਼ਦਾਰਾਂ ਦਿਆਂ ਕਰਜ਼ਿਆਂ ਤੇ ਅਸਰ ਪਏਗਾ। ਅਤੇ ਨਾਲੇ ਅਮਰੀਕਾ ਦਾ ਵਿਚਾਰ ਹੈ ਕਿ ਭਾਰਤ ਹੁਣ ਏਨੀ ਸਮਰਥਾ ਰਖਦਾ ਹੈ ਕਿ ਉਹ ਹੁਣ ਵਪਾਰਕ ਸੋਮਿਆਂ ਤੋਂ ਕਰਜ਼ੇ ਹਾਸਲ ਕਰ ਸਕਦਾ ਹੈ। ਅਮਰੀਕਾ ਦਾ ਅਨੁਮਾਨ ਹੈ ਕਿ ਭਾਰਤੀ ਕਰਜ਼ੇ ਨਾਲ ਏ. ਡੀ. ਬੀ. ਦੇ 25 ਫੀਸਦੀ ਸੋਮੇ ਖਪਤ ਹੋ ਜਾਣਗੇ।

ਉਸਦਾ ਕਹਿਣਾ ਸੀ ਕਿ ਜੇ ਚੀਨ ਵੀ ਇਸ ਦਾ ਮੈਂਬਰ ਬਣ ਗਿਆ ਤਾਂ ਉਹ ਵੀ ਇਸ ਪਾਸੋਂ ਏਡੀਆਂ ਮੋਟੀਆਂ ਰਕਮਾਂ ਦੀ ਮੰਗ ਕਰੇਗਾ ਤੇ ਇਹਨਾ ਹਾਲਤਾਂ ਵਿਚ ਪਾਕਿਸਤਾਨ ਬੰਗਲਾ ਦੇਸ਼ ਅਤੇ ਸ੍ਰੀ ਲੰਕਾ ਵਰਗੇ ਛੋਟੇ ਦੇਸ਼ਾਂ ਦਾ ਕੀ ਬਣੇਗਾ ਜਿਹਨਾਂ ਨੂੰ ਅਜਿਹੇ ਕਰਜਿਆਂ ਦੀ 'ਅਸਲ' ਜ਼ਰੂਰਤ ਹੈ।

ਚਿੱਠੀ 'ਤੇ ਟਿਕਟ ਦੀ ਥਾਂ ਮੰਤਰੀ ਦੀ ਫ਼ੋਟੋ!

ਇੰਦੌਰ—ਇਥੋਂ ਦੇ ਇਕ ਵਿਅਕਤੀ ਨੇ ਪਰੈਸ ਨੂੰ ਇਕ ਅਜਿਹੀ ਚਿੱਠੀ ਰੀਲੀਜ਼ ਕੀਤੀ ਹੈ ਕਿ ਜਿਸ ਉਪਰ ਉਚਿਤ ਡਾਕ ਟਿਕਟ ਲੱਗੇ ਹੋਣ ਦੀ ਬਜਾਏ ਮਧ ਪ੍ਰਦੇਸ਼ ਦੇ ਮੁਖ ਮੰਤਰੀ ਦੀ ਤਸਵੀਰ ਲੱਗੀ ਹੋਈ ਹੈ।

ਮਜ਼ੇ ਦੀ ਗੱਲ ਹੈ ਕਿ ਡਾਕ ਵਿਭਾਗ ਨੇ ਆਪਣੀ ਮੋਹਰ ਲਗਾਕੇ ਇਸ ਨੂੰ ਤੁਰੰਤ ਨਿਸਚਤ ਸਥਾਨ ਉਪਰ ਪਹੁੰਚਾ ਦਿਤਾ। ਡਾਕ ਵਿਭਾਗ ਵਲੋਂ ਮੁਖ ਮੰਤਰੀ ਦੀ ਤਸਵੀਰ ਉਪਰ 16 ਫਰਵਰੀ, 1983 ਦੀ ਮੋਹਰ ਲਗੀ ਹੋਈ ਹੈ।

ਲੁਧਿਆਣੇ ਸ਼ਹਿਰ 'ਚ ਪੋਸਟਮੈਨ ਦਿਨ ਦਿਹਾੜੇ ਲੁਟਿਆ ਗਿਆ

ਲੁਧਿਆਣਾ—ਏਥੇ ਚੌਕੀ ਡਵੀਜ਼ਨ ਨੰਬਰ 3 ਵਿਚ ਮਨੀਆਰਡਰ ਵੰਡ ਰਹੇ ਇਕ ਪੋਸਟਮੈਨ ਨੂੰ ਕੁਝ ਧਾੜਵੀਆਂ ਨੇ ਘੇਰ ਲਿਆ ਤੇ ਉਸ ਕੋਲੋਂ 3 ਹਜ਼ਾਰ ਰੁਪਏ ਖੋਹ ਕੇ ਭਜ ਗਏ।

ਜਦੋਂ ਧਾੜਵੀਂ ਪੋਸਟਮੈਨ ਤੋਂ ਰੁਪਏ ਖੋਹ ਰਹੇ ਸਨ ਤਾਂ ਉਸ ਨੇ ਬਹੁਤ ਰੌਲਾ ਪਾਇਆ ਪਰ ਕਿਸੇ ਨੂੰ ਧਾੜਵੀਆਂ ਦੇ ਨੇੜੇ ਜਾਣ ਦਾ ਹੀਆ ਨਾ ਪਿਆ ਪੁਲਸ ਨੇ ਜੇਬ ਤਰਾਸ਼ੀ ਦਾ ਕੇਸ ਦਰਜ ਕਰਕੇ ਦੋਸ਼ੀਆ ਦੀ ਭਾਲ ਸ਼ੁਰੂ ਕਰ ਦਿਤੀ ਹੈ।

ਨਵੀਂ ਦਿੱਲੀ — ਭਾਰਤ ਦੇ ਬਿਹਾਰ ਪ੍ਰਾਂਤ ਵਿਚ ਵਰਤਮਾਨ ਮਹਿੰਗਾਈ ਦੇ ਦੌਰ ਵਿਚ ਵੀ ਖੇਤ ਮਜ਼ਦੂਰਾਂ ਨੂੰ ਦਿਹਾੜੀ ਦਾ ਇਕ ਆਨਾ ਯਾਨੀ ਕਿ 5 ਨਵੇਂ ਪੈਸੇ ਮਿਲਦੇ ਹਨ।

(ਪੰਨਾ 10 ਦੀ ਬਾਕੀ)

ਵੋਟਾਂ ਵਾਲੇ ਦਿਨ ਤਕ ਮੈਂਬਰਾਂ ਵਿਚ ਘੁਸਰ ਮੁਸਰ ਹੁੰਦੀ ਰਹੀ ਕਿ ਕਿਸ ਦਾ ਨਾਮ ਪ੍ਰਧਾਨ ਤੇ ਕਿਸਦਾ ਨਾਮ ਸਕੱਤਰ ਆਦਿ ਲਈ ਲਿਖਣਾ ਹੈ। ਮੈਂਬਰ ਆਪੋ ਆਪਣੀ ਪਸੰਦ ਆਪਣੇ ਮਨਾਂ ਵਿਚ ਬਿਠਾਈ ਬੈਠੇ ਸਨ। ਵੋਟਾਂ ਸੱਤ ਵਜੇ ਪੈਣੀਆਂ ਸਨ। ਕੋਈ ਇਕ ਕੁ ਵਜੇ ਦੇ ਲਗਪਗ ਕੁਝ ਮੈਂਬਰਾਂ ਵਲੋਂ ਉਮੀਦਵਾਰਾਂ ਦੀ ਇਕ ਲਿਸਟ ਮੈਂਬਰਾਂ ਵਿਚ ਵੰਡੀ ਗਈ ਅਤੇ ਹਰ ਇਕ ਮੈਂਬਰ ਨੂੰ ਕਿਹਾ ਕਿ ਪੰਜਾਬੀ ਮਾਰਕਿਟ ਵਿਚੋਂ ਸਾਲ 1983 ਦੀ ਕਮੇਟੀ ਲਈ ਇਹ ਹੀ ਯੋਗ ਉਮੀਦਵਾਰ ਹਨ। ਸਭ ਮੈਂਬਰ ਹੈਰਾਨ ਸਨ ਕਿ ਅਹੁਦੇਦਾਰ ਤਾਂ ਮੈਂਬਰਾਂ ਨੇ ਚੁਣਣੇ ਸਨ ਨਾ ਕਿ ਇਨਾਂ ਦੋ ਚਾਰ ਬੰਦਿਆਂ ਨੇ ਸਲੇਟ ਤਿਆਰ ਕਰਨੀ ਸੀ। ਥੋੜੇ ਹੀ ਸਮੇਂ ਅੰਦਰ ਪੰਜਾਬੀ ਮਾਰਕਿਟ ਵਿਚ 'ਕਿੱਸਾ ਕੁਰਸੀ ਦਾ' ਦੀ ਖਬਰ ਫੈਲ ਗਈ ਸੀ। ਜਿਹੜੇ ਬਹੁ ਸੰਮਤੀ ਮੈਂਬਰਾਂ ਨੂੰ ਪਹਿਲੀ ਸਲੇਟ ਬਣਾਉਣ ਲਈ ਨਹੀਂ ਪੁਛਿਆ ਗਿਆ ਸੀ ਉਨ੍ਹਾਂ ਵਿਚ ਹੋਰ ਸਲੇਟ ਤਿਆਰ ਕਰ ਦਿਤੀ ਗਈ ਜਿਸ ਵਿਚ ਪ੍ਰਧਾਨਗੀ ਲਈ ਮੇਰਾ ਨਾਮ ਦੇ ਦਿਤਾ ਗਿਆ। ਗੁਪਤ ਵੋਟ ਹਮੇਸ਼ਾਂ ਉਸ ਉਮੀਦਵਾਰ ਨੂੰ ਮਿਲਦੀ ਹੈ ਜਿਸ ਨੇ ਮੈਂਬਰਾਂ ਦੇ ਦਿਲਾਂ ਵਿਚ ਆਪਣੀ ਕਹਿਣੀ ਤੇ ਕਰਨੀ ਦਾ ਵਿਸ਼ਵਾਸ਼ ਭਰਿਆ ਹੋਇਆ ਹੋਵੇ। ਵੋਟਾਂ ਦੀ ਨਤੀਜਾ ਇਹ ਹੋਇਆ ਕਿ ਮੇਰੇ ਹਮਦਰਦੀਆਂ ਵਲੋਂ ਤਿਆਰ ਕੀਤੀ ਹੋਈ ਸਾਰੀ ਦੀ ਸਾਰੀ ਸਲੇਟ ਜਿੱਤ ਗਈ।

ਪੰਜਾਬੀ ਮਾਰਕਿਟ ਦਾ ਸਥਾਨ

ਇਹ ਵੈਨਕੂਵਰ ਦੀ ਪੰਜਾਬੀ ਮਾਰਕਿਟ ਦਿਨ ਦੂਗਣੀ ਰਾਤ ਚੌਗੁਣੀ ਤਰੱਕੀ ਕਰ ਰਹੀ ਹੈ। ਇਕ ਹੀ ਦਹਾਕੇ ਵਿਚ ਇਸ ਮਾਰਕਿਟ ਨੇ ਜੋ ਤਰੱਕੀ ਕੀਤੀ ਹੈ ਉਸਦੀ ਕਿਤੇ ਮਿਸਾਲ ਨਹੀਂ ਮਿਲਦੀ। (ਪੰਜਾਬੀ ਮਾਰਕਿਟ ਦੀ ਹੋਂਦ ਤੇ ਇਸਦੀ ਪ੍ਰਫੁਲਤਾ ਬਾਰੇ ਜਾਣਕਾਰੀ ਲਈ ਦੇਖੋ 'ਇੰਡੋ-ਕਨੇਡੀਅਨ ਟਾਮਈਮਜ਼'-ਅੰਕ 15-ਮਿਤੀ 17 ਜੁਲਾਈ, 1981) ਜਾਂ ਅੰਗਰੇਜ਼ੀ ਅਖਬਾਰ 'ਲਿੰਕ'-ਅੰਕ 17 ਮਿਤੀ ਪਹਿਲੀ ਸਤੰਬਰ 1981) ਕੈਨੇਡਾ ਦੇ ਇਤਿਹਾਸ ਵਿਚ 1982 ਦਾ ਸਾਲ ਵਿਉਪਾਰਕ ਧੰਦਿਆਂ ਲਈ ਬਹੁਤ ਘਟੀਆ ਸਾਲ ਸੀ। ਹਜ਼ਾਰਾਂ ਹੀ ਛੋਟੇ ਛੋਟੇ ਵਿਉਪਾਰ ਬੰਦ ਹੋ ਗਏ ਸਨ। ਪਰ ਪੰਜਾਬੀ ਮਾਰਕਿਟ ਵਿਚ ਕਾਫੀ ਵਾਧਾ ਹੋਇਆ। ਜਿਵੇਂ ਕਿ ਕੂਨਰ ਗਰੌਸਰੀ, ਮੋਤੀ ਮਹਿਲ ਰੈਸਟੋਰੈਂਟ, ਸ਼ਾਂਤੀ ਜਿਊਲਰ, ਹਰੀ ਓਮ ਜਿਊਲਰ, ਪਟੇਲ ਡਰਾਫਟਿੰਗ, ਪਰਬੀਨ ਅਕਾਊਂਟ ਸਰਵਿਸ, ਇੰਡੀਆ ਫੈਸ਼ਨ ਸੈਂਟਰ. 3 ਐਮ ਜਿਊਲਰ, ਲੌਇਲ ਫਰਨੀਚਰ ਦੀ ਬਰਾਂਚ, ਸ਼ਿੰਗਾਰ ਇੰਪੋਰੀਅਮ, ਮਾਨ ਮਿਊਜ਼ਕ, ਫਲਾਇੰਗ ਫੈਸ਼ਨਜ਼, ਏਸ਼ੀਆ ਬੁੱਕ ਸ਼ਾਪ, ਇੰਡੀਆ ਪੈਲਸ ਰੈਸਟੋਰੈਂਟ, ਪਾਬਲਾ ਕਲਾਥ ਹਾਊਸ ਅਤੇ ਆਲ ਇੰਡੀਆ ਫੂਡ ਅਤੇ ਭਿੰਡੀ ਫੀਜੀ ਜਿਊਲਰ ਆਦਿ ਨਾਮ ਦੇ ਸਭ ਸਟੋਰ 1982 ਵਿਚ ਹੀ ਪੰਜਾਬੀ ਮਾਰਕਿਟ ਅੰਦਰ ਪਰਵੇਸ਼ ਹੋਏ ਅਤੇ ਪੰਜਾਬੀ ਇੰਡੀਆ ਮਾਰਕਿਟ ਐਸੋਸੀਏਸ਼ਨ ਦੇ ਮੈਂਬਰ ਬਣੇ। ਸੋ ਕਿਹਾ ਜਾ ਸਕਦਾ ਹੈ ਕਿ ਪੰਜਾਬੀ ਮਾਰਕਿਟ ਅੱਜ ਦੇ ਮੰਦੇ ਵਿਚ ਵੀ ਵਿਉਪਾਰੀਆਂ ਨੂੰ ਆਪਣੇ ਵੱਲ ਖਿਚ ਰਹੀ ਹੈ।

ਇਥੇ ਹੀ ਬੱਸ ਨਹੀਂ ਇਸ ਨੇ ਵੈਨਕੂਵਰ ਦੇ ਕਈ ਲਿਖਾਰੀਆਂ ਅਤੇ ਟੀ. ਵੀ. ਵਾਲਿਆਂ ਦਾ ਧਿਆਨ ਆਪਣੇ ਵੱਲ ਖਿਚਿਆ ਹੈ। ਅਕਤੂਰ ਦੇ ਆਖਰ ਵਿਚ ਇਕ ਲਿਖਾਰਨ ਐਬ ਪੈਟਰੀ ਨੇ ਵੈਨਕੂਵਰ ਦੇ ਆਵਾਸੀਆਂ ਬਾਰੇ ਇਕ ਕਿਤਾਬ ਲਿਖੀ ਸੀ। ਜਿਸ ਵਿਚ ਉਸ ਨੇ ਆਵਾਸੀਆਂ ਦੇ ਰਹਿਣ ਸਹਿਣ, ਖਾਣ ਪੀਣ ਤੇ ਵਿਉਪਾਰਕ ਕੇਂਦਰਾਂ ਦਾ ਜ਼ਿਕਰ ਕੀਤਾ ਹੈ। ਉਸ ਨੇ ਜਪਾਨ ਟਾਊਨ, ਚਾਈਨਾ ਟਾਊਨ, ਇਟਲੀ ਟਾਊਨ, ਗਰੀਕ ਸ਼ਾਪਿੰਗ ਸੈਂਟਰ ਅਤੇ ਪੰਜਾਬੀ ਮਾਰਕਿਟ ਦਾ ਆਪਣੀ ਕਿਤਾਬ ਵਿਚ ਵਿਸਥਾਰ ਦਿਤਾ ਹੈ। ਇਸ ਕਿਤਾਬ ਦੇ ਵਿਸ਼ੇ ਨੂੰ ਲੈ ਕੇ ਸੀ. ਬੀ. ਸੀ. ਵਾਲਿਆਂ ਨੇ ਹਰ ਏਰੀਏ ਤੇ ਇਕ ਇਕ ਫਿਲਮ ਬਣਾਈ ਸੀ, ਜੋ ਫਿਲਮ ਪੰਜਾਬੀ ਮਾਰਕਿਟ ਦੇ ਸਬੰਧ ਵਿਚ ਬਣਾਈ ਗਈ ਸੀ। ਉਹ ਸੀ. ਬੀ. ਸੀ. ਦੇ ਚੈਨਲ ਤਿੰਨ ਤੋਂ 23 ਦਸੰਬਰ ਨੂੰ ਦਿਖਾਈ ਗਈ ਸੀ। ਸਾਨੂੰ ਸਾਰਿਆਂ ਨੂੰ ਇਸ ਗੱਲ ਦਾ ਮਾਣ ਹੋਣਾ ਚਾਹੀਦਾ ਹੈ ਕਿ ਅੱਜ ਇਸ ਪੰਜਾਬੀ ਮਾਰਕਿਟ ਦੀ ਹਰ ਪਾਸੇ ਚਰਚਾ ਹੈ ਅਤੇ ਸਾਡਾ ਨਾਮ ਹੋਰ ਵਿਉਪਾਰੀ ਆਵਾਸੀਆਂ ਦੇ ਕੇਂਦਰਾਂ ਦੀ ਤਰਾਂ ਸਾਹਮਣੇ ਆ ਰਿਹਾ ਹੈ।

ਅਪੀਲ

ਇੰਡੀਆ ਵਿਚ ਬਰੇਲੀ ਅਤੇ ਲਖਨਊ ਦੀ ਪੰਜਾਬੀ ਮਾਰਕਿਟ ਨੂੰ ਛੱਡ ਕੇ ਇਹ ਪਰਦੇਸਾਂ ਵਿਚ ਪਹਿਲਾ ਵਿਉਪਾਰਕ ਹੈ, ਜਿਸ ਨੂੰ ਪੰਜਾਬੀ ਮਾਰਕਿਟ ਦਾ ਨਾਮ ਦਿਤਾ ਗਿਆ ਹੈ। ਇਹ ਖੇਤਰ ਅਤੇ ਉਮਰ ਵਿਚ ਅਜੇ ਬਹੁਤ ਛੋਟੀ ਮਾਰਕਿਟ ਹੈ। ਅਜੇ ਇਸ ਵਿਚ ਕਈ ਘਾਟਾਂ ਵੀ ਹਨ। ਮੈਨੂੰ ਇਕ ਗੱਲ ਯਾਦ ਆ ਜਾਂਦੀ ਹੈ ਕਿ ਜਦ 1957 ਵਿਚ ਰੂਸੀ ਨੇਤਾ ਬੁਲਗਾਨ ਤੇ ਖਰੁਸ਼ਚੋਵ ਦਿੱਲੀ ਵਿਚ ਇਕ ਸਭਿਆਚਾਰਕ ਪ੍ਰੋਗਰਾਮ ਦੇਖ ਰਹੇ ਸਨ ਤਾਂ ਭੰਗੜੇ ਦੇ ਇਕ ਪੰਜਾਬੀ ਕਲਾਕਾਰ ਨੇ ਕਿਹਾ ਕਿ "ਵਹੁਟੀ ਛੋਟੇ ਕੱਦ ਦੀ, ਮੈਂ ਖਿਚ ਕੇ ਬਰੋਬਰ ਕੀਤੀ", ਜਦ ਇਸਦਾ ਉਲਥਾ ਰੂਸੀਆਂ ਦੇ ਇਕ ਉਸ ਡੈਲੀਗੇਟ ਦੇ ਕੰਨੀਂ ਪਿਆ ਜਿਸ ਦੀ ਵਹੁਟੀ ਕੱਦ ਵਿਚ ਛੋਟੀ ਸੀ ਤਾਂ ਉਸ ਨੇ ਉਲਥਾਕਾਰ ਤੋਂ ਵਿਆਖਿਆ ਮੰਗੀ ਤਾਂ ਕਿਵੇਂ ਸੂਝਵਾਨ ਤੇ ਹੁਸ਼ਿਆਰ ਉਲਥਾਕਾਰ ਨੇ ਕਿਹਾ ਕਿ ਇਕ ਚੰਗੇ ਪੜ੍ਹੇ ਲਿਖੇ ਆਦਮੀ ਦੀ ਵਹੁਟੀ ਅਨਪੜ੍ਹ ਸੀ। ਉਸ ਨੂੰ ਚੰਗੀ ਤਰਾਂ ਬੋਲਣਾ ਚਲਣਾ, ਪਹਿਨਣਾ ਅਤੇ ਤੁਰਨਾ ਫਿਰਨਾ ਨਹੀਂ ਸੀ ਆਉਂਦਾ। ਪਰ ਉਸ ਪੜ੍ਹੇ ਲਿਖੇ ਨੌਜਵਾਨ ਨੇ ਆਪਣੀ ਸਾਥਣ ਨੂੰ ਹੌਲੀ ਹੌਲੀ ਸਭ ਸਿਖਾ ਕੇ ਆਪਣੇ ਬਰਾਬਰ ਦੀ ਬਣਾ ਲਿਆ ਸੀ। ਸੋ ਅਜੇ ਤਰੁਟੀਆਂ ਇਸ ਮਾਰਕਿਟ ਵਿਚ ਜੋ ਹਨ ਇਨ੍ਹਾਂ ਨੂੰ ਇਸ ਦੇ ਸਭ ਵਿਉਪਾਰੀਆਂ ਅਤੇ ਗਾਹਕਾਂ ਨੇ ਰਲ ਮਿਲਕੇ ਦੂਰ ਕਰਨਾ ਹੈ। ਵਿਉਪਾਰੀਆਂ ਪ੍ਰਤੀ ਬੇਨਤੀ ਹੈ ਕਿ ਅੱਜ ਦਾ ਯੁਗ ਇਸ਼ਤਿਹਾਰਬਾਜੀ ਦਾ ਯੁੱਗ ਹੈ। ਜਦ ਕਦੇ ਵੀ ਆਪਣੇ ਸਟੋਰ ਦੀ ਐਡਵਰਟਾਈਜ਼ਮੈਂਟ ਕਰੋ ਤਾਂ ਜ਼ਰੂਰ ਦੱਸੋ ਕਿ ਤੁਹਾਡਾ ਸਟੋਰ ਪੰਜਾਬੀ ਮਾਰਕਿਟ ਵਿਚ ਹੈ। ਇਕ ਇਕ ਦੋ ਗਿਆਰਾਂ, ਜਦ ਹਰ ਕੋਈ ਪੰਜਾਬੀ ਮਾਰਕਿਟ ਦਾ ਨਾਮ ਲਏਗਾ ਤਾਂ ਸੁਨਣ ਵਾਲਿਆਂ ਲਈ ਪੰਜਾਬੀ ਮਾਰਕਿਟ ਨਾਮ ਹਰਮਨ ਪਿਆਰਾ ਹੋ ਜਾਏਗਾ। ਲਿਖਾਰੀ ਵੀਰਾਂ ਨੂੰ ਬੇਨਤੀ ਹੈ ਕਿ ਉਹ ਆਪਣੀਆਂ ਲਿਖਤਾਂ ਰਾਹੀਂ ਪੰਜਾਬੀ ਮਾਰਕਿਟ ਨੂੰ ਪਰਚਾਰਨ ਦੀ ਕੋਸ਼ਿਸ਼ ਕਰਨ। ਮੈਂ ਉਨ੍ਹਾਂ ਅਖਬਾਰਾਂ ਦੇ ਸੰਪਾਦਕਾਂ ਦਾ ਰਿਣੀ ਹਾਂ, ਜੋ ਆਪਣੇ ਪਰਚਿਆਂ ਵਿਚ ਇਸ ਮਾਰਕਿਟ ਬਾਰੇ ਲਿਖੇ ਲੇਖਾਂ ਲਈ ਥਾਂ ਦਿੰਦੇ ਹਨ। ਅਗਰ ਕੋਈ ਭੈਣ ਜਾਂ ਵੀਰ ਸੁਝਾਅਦ ਦੇਣਾ ਚਾਹੇ ਤਾਂ ਉਹ ਪੰਜਾਬੀ ਮਾਰਕਿਟ ਦੇ ਪ੍ਰਬੰਧਕਾਂ ਨਾਲ ਸੰਪਰਕ ਪੈਦਾ ਕਰ ਸਕਦਾ ਹੈ। ਅਸੀਂ ਸਭ ਨੇ ਪਰਦੇਸ ਵਿਚ ਇਸ ਮਾਰਕਿਟ ਦਾ ਨਾਮ ਉਚਾ ਕਰਨਾ ਹੈ। ਅਸੀਂ ਇਸ ਦੀ ਉਹ ਦਿਖ ਬਣਾਉਣੀ ਹੈ ਇਸ ਵਿਚ ਉਹ ਗੁਣ ਪੈਦਾ ਕਰਨੇ ਹਨ ਅਤੇ ਇਹ ਦਾ ਇਜਿਹਾ ਵਾਤਾਵਰਣ ਕਾਇਮ ਕਰਨਾ ਹੈ, ਜਿਸ ਸਦਕਾ ਪੰਜਾਬੀ ਮਾਰਕਿਟ ਕੈਨੇਡਾ ਦੇ ਇਤਿਹਾਸ ਦੀ ਲੜੀ ਦਾ ਇਕ ਮੋਤੀ ਬਣ ਜਾਏ।

ਨਰਸਿਜ਼ ਐਸੋਸੀਏਸ਼ਨ ਸੂਬਾਈ ਹੜਤਾਲ ਕਰੇਗੀ

ਜਲੰਧਰ — ਪੰਜਾਬ ਗੌਰਮਿੰਟ ਨਰਸਿਜ਼ ਐਸੋਸੀਏਸ਼ਨ ਨੇ ਚਿਤਾਵਨੀ ਦਿਤੀ ਹੈ ਕਿ ਜੇਕਰ ਉਹਨਾਂ ਦੀਆਂ ਮੰਨੀਆਂ ਹੋਈਆਂ ਮੰਗਾਂ 15 ਦਿਨਾਂ ਵਿਚ ਲਾਗੂ ਨਾ ਕੀਤੀਆਂ ਗਈਆਂ ਤਾਂ ਐਸੋਸੀਏਸ਼ਨ 7 ਤੇ 8 ਅਪਰੈਲ ਨੂੰ ਸੂਬਾ ਪੱਧਰ ਦੀ ਦੋ ਦਿਨਾਂ ਹੜਤਾਲ ਕਰੇਗੀ। ਉਹਨਾ ਦੀਆਂ ਮੰਗਾਂ ਵਿਚ ਤਨਖਾਹ ਸਕੇਲਾਂ ਵਿਚ ਸੋਧ ਕਰਨਾ ਵੀ ਸ਼ਾਮਲ ਹੈ।

ਚੋਣਾਂ ਆ ਰਹੀਆਂ ਨੇ ! ਖਬਰਦਾਰ ਹੋ ਜਾਉ !!

ਬੀ. ਸੀ. ਦੀਆਂ ਚੋਣਾਂ ਕਦੇ ਭੀ ਹੋ ਸਕਦੀਆਂ ਹਨ। ਅਗਲੇ ਕੁਝ ਮਹੀਨਿਆਂ ਵਿਚ। ਕੈਨੇਡਾ ਦੀ ਆਰਥਿਕ ਹਾਲਤ ਅੱਜ ਕੱਲ੍ਹ ਇਤਨੀ ਚੰਗੀ ਨਹੀਂ ਜਿੰਨੀ ਅੱਜ ਤੋਂ ਕੁਝ ਸਾਲ ਪਹਿਲਾਂ ਸੀ। ਬੀ. ਸੀ. ਦੀ ਆਰਥਿਕ ਹਾਲਤ ਭੀ ਬਹੁਤੀ ਚੰਗੀ ਨਹੀਂ। ਸਰਕਾਰਾਂ ਅੱਜ ਕੱਲ੍ਹ ਲੋਕਾਂ ਨੂੰ ਮਾੜੀ ਆਰਥਿਕਤਾ ਦੇ ਜ਼ਿੰਮੇਵਾਰ ਠਹਿਰਾ ਕੇ ਉਹਨਾਂ ਤੋਂ ਆਸ ਕਰ ਰਹੀਆਂ ਹਨ ਕਿ ਲੋਕ ਸਿਹਤ, ਵਿਦਿਆ ਅਤੇ ਹੋਰ ਵਿਭਾਗਾਂ ਵਿਚ ਕਈ ਸਰਕਾਰੀ ਸੇਵਾਵਾਂ ਦੇ ਬੰਦ ਕੀਤੇ ਜਾਣ ਪੁਰ ਭੀ ਇਤਰਾਜ਼ ਨਾ ਕਰਨ। ਸਰਕਾਰਾਂ ਨੇ ਸੱਜੇ ਪੱਖੀ ਸਿਆਸਤ ਦੇ ਦਬਾ ਹੇਠਾਂ ਆ ਕੇ ਅਧਿਆਪਕਾਂ, ਸਰਕਾਰੀ ਕਰਮਚਾਰੀਆਂ, ਅਤੇ ਮਜ਼ਦੂਰਾਂ ਨੂੰ ਕੁਰਬਾਨੀ ਦਾ ਬੱਕਰਾ ਬਣਾਉਣ ਦਾ ਫੈਸਲਾ ਕਰ ਲਿਆ ਜਾਪਦਾ ਹੈ।

ਇਹਨਾਂ ਸਰਕਾਰਾਂ ਨੂੰ ਇਹ ਮਾਲੂਮ ਨਹੀਂ ਹੋਇਆ ਲਗਦਾ ਕਿ ਹਰ ਅਧਿਆਪਕ, ਮਜ਼ਦੂਰ, ਸਰਕਾਰੀ ਕਰਮਚਾਰੀ ਅਤੇ ਨਰਸ ਦੇ ਪਿੱਛੇ ਪਤੀ ਜਾਂ ਪਤਨੀ-ਬੱਚੇ ਅਤੇ ਪਰਵਾਰ ਹੁੰਦੇ ਨੇ। ਤਨਖਾਹਾਂ ਕੱਟ ਕੇ ਅਤੇ ਨੌਕਰੀਆਂ ਘਟਾ ਕੇ ਪੈਸੇ ਬਚਾਉਣ ਨਾਲ ਸਮਾਜ ਦੇ ਇਹਨਾਂ ਸਾਰੇ ਅੰਗਾਂ ਉਪਰ ਸੱਟ ਵੱਜਦੀ ਅਤੇ ਅਸਰ ਪੈਂਦਾ ਹੈ। ਇਹ ਸਰਕਾਰਾਂ ਹਸਪਤਾਲਾਂ ਚੋਂ ਪੈਸਿਆਂ ਦਾ profit ਲੱਭਦੀਆਂ ਹਨ। ਸਕੂਲਾਂ ਨੂੰ ਭੀ ਇਕ ਵਿਉਪਾਰ ਸਮਝ ਕੇ ਲਾਭ ਹਾਨੀ ਦਾ ਜ਼ਿਆਦਾ ਖਿਆਲ ਰਖਦੀਆਂ ਹਨ। ਹਸਪਤਾਲਾਂ ਚੋਂ ਨਰਸਾਂ ਨੂੰ ਕੰਮ ਤੋਂ ਕੱਢਿਆ ਜਾ ਰਿਹਾ ਹੈ; Beds ਘਟਾਏ ਜਾ ਰਹੇ ਹਨ, ਵਾਰਡਾਂ ਦੇ ਵਾਰਡ ਬੰਦ ਕੀਤੇ ਜਾ ਰਹੇ ਹਨ। ਬਹੁਤ ਸਾਰੇ ਮਰੀਜ਼ਾਂ ਨੂੰ ਹਸਪਤਾਲ ਦਾਖਲ ਹੋਣ ਲਈ ਮਹੀਨਿਆਂ ਬੱਧੀ ਇੰਤਜ਼ਾਰ ਕਰਨਾ ਪੈਂਦਾ ਹੈ। ਸਕੂਲਾਂ ਵਿਚੋਂ ਕਈਆਂ ਅਧਿਆਪਕਾਂ ਨੂੰ ਨੌਕਰੀਆਂ ਤੋਂ ਹਟਾਇਆ ਜਾ ਰਿਹਾ ਹੈ। ਇਸ ਕਾਰਨ ਥੋੜੇ ਅਧਿਆਪਕਾਂ ਪਾਸ ਬਹੁਤੇ ਵਿਦਿਆਰਥੀ ਹੋਣ ਕਰਕੇ ਉਹਨਾਂ ਵਿਦਿਆਰਥੀਆਂ ਨੂੰ ਵਿਦਿਆ ਸਬੰਧ ਵਿਚ ਪੂਰਾ ਧਿਆਨ ਨਹੀਂ ਦਿਤਾ ਜਾ ਰਿਹਾ। ਉਹ ਵਿਦਿਆਰਥੀ ਜਿਹਨਾਂ ਦੀਆਂ ਖਾਸ ਲੋੜਾਂ ਨੇ ਜਿਵੇਂ ਕਿ English language training, ਜਾਂ ਹੀਣੇ ਵਿਦਿਆਰਥੀਆਂ ਦੀ ਦੇਖ ਭਾਲ ਅਤੇ ਪੜ੍ਹਾਈ ਆਦਿ ਵਰਗੀਆਂ ਸੇਵਾਵਾਂ ਵਲ ਸਰਕਾਰ ਵਲੋਂ ਅਣਗਹਿਲੀ ਅਤੇ ਗੈਰਜ਼ਿੰਮੇਵਾਰੀ ਦਿਖਾਈ ਜਾ ਰਹੀ ਹੈ। ਅਧਿਆਪਕਾਂ ਦੀਆਂ ਤਨਖਾਹਾਂ ਘਟਾਉਣ ਅਤੇ ਕੰਮ ਦੇ ਘੰਟੇ ਵਧਾਉਣ ਦੀਆਂ ਕੋਸ਼ਿਸ਼ਾਂ ਸਰਕਾਰ ਵਲੋਂ ਜਾਰੀ ਹਨ। ਇਹ ਸਾਰੀਆਂ ਸੇਵਾਵਾਂ ਵਿਚ ਕਟੌਤੀਆਂ ਸਰਕਾਰ ਵਲੋਂ ਪੈਸੇ ਬਚਾਉਣ ਦੇ ਨਾਮ ਹੇਠਾਂ ਕੀਤੀਆਂ ਜਾ ਰਹੀਆਂ ਹਨ। ਦੂਸਰੇ ਪਾਸੇ ਸੂਬਾਈ ਸਰਕਾਰ ਨੇ ਲੱਖਾਂ ਡਾਲਰ ਸਾਂਝੇ ਟੈਕਸ ਦੇ ਖਾਤੇ ਚੋਂ ਵਰਤ ਕੇ ਮਾਊਂਟ ਵਿਸਲਰ ਦੇ ਪ੍ਰਾਈਵੇਟ investors ਨੂੰ ਮੁਸ਼ਕਲ 'ਚ ਫਸਿਆ ਹੋਇਆਂ ਨੂੰ ਕੱਢਿਆ। ਨੌਰਥ ਈਸਟ ਕੋਲ (ਕੋਲੇ ਦਾ ਪ੍ਰੋਜੈਕਟ) ਤੇ ਕਰੋੜਾਂ ਡਾਲਰ ਲੋਕਾਂ ਦੇ ਸਾਂਝੇ ਟੈਕਸਾਂ ਦੇ ਖਾਤੇ ਚੋਂ ਖਰਚ ਕੇ ਜਪਾਨੀ ਕੰਪਨੀਆਂ ਨੂੰ ਲਾਭ ਪਹੁੰਚਾਣ ਦਾ ਥਾਂ ਅਤੇ ਵਸੀਲਾ ਬਣਾਇਆ ਹੈ। ਸੂਬੇ ਦੀ ਸਰਕਾਰ ਨੇ ਇਹ ਤਹਈਆ ਕੀਤਾ ਲਗਦਾ ਹੈ ਕਿ ਸੂਬੇ ਦੇ ਕੁਦਰਤੀ ਖਣਜ ਅਤੇ ਹੋਰ ਪਦਾਰਥ ਬਾਹਰਲੇ ਮੁਲਕਾਂ ਨੂੰ ਕੋਲੋਂ ਪੈਸੇ ਉਧਰੋਂ ਜਾਪਾਨ ਨਾਲ ਕੋਲੇ ਦੀ ਬਰਾਮਦ ਵਾਰੇ ਅਗਲੇ ਹਫਤੇ ਗੱਲ ਬਾਤ ਸ਼ੁਰੂ ਹੋ ਰਹੀ ਹੈ ਅਤੇ ਇਹ ਸਾਫ ਨਜ਼ਰ ਆ ਰਿਹਾ ਹੈ ਕਿ ਬੀ. ਸੀ. ਭੀ ਦੁਨੀਆਂ ਦੇ ਬਾਕੀ ਕੋਲਾ ਬਰਾਮਦ ਕਰਨ ਵਾਲੇ ਮੁਲਕਾਂ ਵਾਂਗ ਕੋਲੇ ਦੀ ਕੀਮਤ 'ਚ ਕਟੌਤੀ ਕਰਨੀ ਪਵੇਗੀ। ਵਰਤਮਾਨ ਸਰਕਾਰ ਨੇ ਲੋਕਾਂ ਦੇ ਟੈਕਸਾਂ ਦੇ ਬੇਗਿਣਤ ਪੈਸੇ ਦੇ ਕੋਲੇ ਦੇ ਵਪਾਰ ਨੂੰ ਪਰਫੁਲਤ ਕਰਨ ਲਈ ਲਾਕੇ ਜਪਾਨੀ ਕੰਪਨੀਆਂ ਨੂੰ ਫਾਇਦਾ ਪਹੁੰਚਾਣ ਵਾਲਾ ਵਾਤਾਵਰਣ ਬਣਾਇਆ ਅਸੀਂ ਤਾਂ ਪਹਿਲਾਂ ਤੋਂ ਹੀ ਇਹ ਕਹਿੰਦੇ ਹਾਂ ਇਸ ਸਾਰੇ ਨੌਰਥ ਈਸਟ ਕੋਲ ਪ੍ਰੋਜੈਕਟ ਵਿਚ ਬੀ. ਸੀ. ਦੇ ਲੋਕਾਂ ਨੂੰ ਬਿਲਕੁਲ ਬਹੁਤਾ ਮੁਨਾਫਾ ਨਹੀਂ ਹੋਵੇਗਾ - ਬਹੁਤਾ ਮੁਨਾਫਾ ਜਪਾਨੀ ਕੰਪਨੀਆਂ ਨੂੰ ਹੋਵੇਗਾ। ਹੁਣ ਦੁਨੀਆਂ 'ਚ ਕੋਲੇ ਦੀ ਮੰਗ ਘਟਣ ਨਾਲ ਬੀ. ਸੀ. ਦੀ ਸਾਰੀ ਆਰਥਿਕਤਾ ਨੂੰ ਹੋਰ ਘਾਟਾ ਪਵੇਗਾ।

ਪਹਿਲੀ ਅਪਰੈਲ ਨੂੰ ਨਵਾਂ fiscal ਸਾਲ ਸ਼ੁਰੂ ਹੋ ਰਿਹਾ ਹੈ ਬੀ. ਸੀ. ਲਈ। ਪਰ ਸਾਰੀਆਂ ਘਟਨਾਵਾਂ ਤੋਂ ਅੰਦਾਜ਼ਾ ਲਗਾ ਕੇ ਇਹ ਕਿਹਾ ਜਾ ਸਕਦਾ ਹੈ ਕਿ ਚੋਣ ਦਾ ਐਲਾਨ ਕਦੇ ਭੀ ਹੋ ਸਕਦਾ ਹੈ ਕਿਉਂਕਿ ਸਰਕਾਰ ਇਸ ਵਕਤ ਨਵਾਂ ਬਜਟ ਪੇਸ਼ ਨਹੀਂ ਕਰਨਾ ਚਾਹੁੰਦੀ। ਨਵਾਂ ਬਜਟ ਪੇਸ਼ ਕਰਨ ਨਾਲ ਸਰਕਾਰ ਦੀਆਂ ਅਸਲੀ ਹਰਕਤਾਂ ਦਾ ਪਤਾ ਚੱਲ ਜਾਵੇਗਾ। ਲੇਕਿਨ ਇਸ ਵਕਤ ਦੀ ਸਰਕਾਰ ਇਸ ਹੱਦ ਤਕ ਲੋਕਾਂ ਤੋਂ ਸੱਚ ਲੁਕਾ ਰਹੀ ਹੈ ਕਿ ਅਗਲੇ ਸਾਲ ਦੇ ਬਜਟ ਅੰਦਾਜ਼ਿਆਂ 'ਚ ਸੜਕਾਂ ਆਦਿ ਮੁਰੰਮਤ ਕਰਨ ਲਈ ਦਰਜ ਰਕਮ ਨੂੰ ਅਗਲਾ ਸਾਲ ਸ਼ੁਰੂ ਹੋਣ ਤੋਂ ਪਹਿਲਾਂ ਨੌਕਰੀਆਂ ਅਤੇ ਰੁਜ਼ਗਾਰ ਪੈਦਾ ਕਰਨ ਵਾਲੇ ਇਕ ਨਵੇਂ ਪ੍ਰੋਗਰਾਮ ਦੇ ਤੌਰ ਪੁਰ ਪੇਸ਼ ਕਰ ਰਹੀ ਹੈ।

ਪਿਛਲੇ ਸਾਲ ਵਿਚ ਬੀ. ਸੀ. ਦੀ ਸੋਕਰਿਡ ਸਰਕਾਰ ਨੇ ਨਵੀਆਂ ਨੌਕਰੀਆਂ ਪੈਦਾ ਕਰਨ ਦੇ ਇਨ੍ਹੇ ਪ੍ਰੋਗਰਾਮ ਨਵੇਂ ਨਵੇਂ ਨਾਵਾਂ ਥੱਲੇ ਪੇਸ਼ ਕੀਤੇ ਹਨ ਕਿ ਗਿਣਨੇ ਮੁਸ਼ਕਲ ਹਨ। ਪਰ ਜੇ ਕੁਲ ਰੁਜ਼ਗਾਰ ਦੀ ਤਸਵੀਰ ਦੇਖੀਏ ਤਾਂ ਅੱਜ ਪਿਛਲੇ ਸਾਲ ਨਾਲੋਂ ਜ਼ਿਆਦਾ ਬੇਰੁਜ਼ਗਾਰ ਬੀ. ਸੀ. ਵਿਚ ਹਨ। ਇਸ ਸਰਕਾਰ ਨੇ ਇਕ ਪਾਸੇ ਤਾਂ ਤਕਰੀਬਨ 80000 ਨੌਕਰੀਆਂ ਪੈਦਾ ਕਰਨ ਦੇ ਵਾਅਦੇ ਕੀਤੇ। ਨਾਲ ਹੀ 5000 ਸਰਕਾਰੀ ਨੌਕਰੀਆਂ ਤਬਾਹ ਕੀਤੀਆਂ। ਇਹ ਉਹੀ ਸਰਕਾਰ ਹੈ ਜੋ ਬਜਟ 'ਚ ਦਿੱਤੇ ਪੈਸੇ ਭੀ ਖਰਚਦੀ ਨਹੀਂ—ਬਚਾ ਕੇ ਰਖਦੀ ਹੈ — ਅਤੇ ਦੂਸਰੇ ਪਾਸੇ ਲੋਕਾਂ ਦਾ ਰੁਜ਼ਗਾਰ ਖੁਸ ਰਿਹਾ ਹੈ। ਇਹਨਾਂ ਪਿਛਲੇ ਸਾਲ ਇਕ ਲੱਖ ਨੌਕਰੀਆਂ ਦੇ ਵਾਅਦੇ ਦੇ ਮੁਕਾਬਲੇ ਸਿਰਫ ਕੁਲ 15000 ਨੌਕਰੀਆਂ ਪੈਦਾ ਕੀਤੀਆਂ — ਜਦੋਂ ਕਿ ਆਪ ਸਿੱਧੇ ਜਾਂ ਅਸਿੱਧੇ ਤੌਰ ਤੇ ਇਸ ਤੋਂ ਵੱਧ ਲੋਕਾਂ ਨੂੰ ਬੇਰੁਜ਼ਗਾਰ ਕੀਤਾ। ਇਸ ਦੇ ਨਾਲ ਨਾਲ ਜਿਹੜੇ ਪ੍ਰੋਗਰਾਮ ਕੇਂਦਰੀ ਸਰਕਾਰ ਨੇ ਸ਼ੁਰੂ ਕੀਤੇ ਹਨ ਅਤੇ ਜਿਹਨਾਂ ਵਿਚ ਬੀ. ਸੀ. ਦੀ ਸਰਕਾਰ ਦਾ ਕੋਈ ਸਿਧਾ ਜਾਂ ਅਸਿਧਾ ਹਿਸਾ ਨਹੀਂ— ਉਹਨਾ ਦਾ ਸਿਹਰਾ ਇਹ ਸੂਬਾਈ ਸਰਕਾਰ ਖੁਦ ਆਪਣੇ ਸਿਰ ਬੰਨੀ ਜਾਂਦੀ ਹੈ।



ਉੱਜਲ ਦੁਸਾਂਝ

ਲੋਕਾਂ ਦੇ ਨਾਲ ਕੀਤੇ ਹੋਏ ਵਾਅਦੇ ਤਾਂ ਇਹਨਾਂ ਲਈ ਕੂੜੇ ਕਰਕਟ ਦੇ ਬਰਾਬਰ ਲਗਦੇ ਹਨ—ਜਦੋਂ ਜੀਅ ਕੀਤਾ ਬਾਹਰ ਵਗਾਹ ਮਾਰੇ। ਇਸ ਤਰਾਂ ਦਾ ਹੀ ਹਾਲ ਬੀ. ਸੀ. ਦੇ ਖੇਤ ਮਜ਼ਦੂਰਾਂ ਨਾਕ ਕੀਤੇ ਵਾਅਦਿਆਂ ਦਾ ਹੋਇਆ ਹੈ। ਇਹ ਗੱਲ ਤਾਂ ਕਿਸੇ ਤੋਂ ਭੁੱਲੀ ਨਹੀਂ ਕਿ ਪਿਛਲੇ ਸਾਲ pesticrdes ਦੀ ਗਲਤ ਵਰਤੋਂ ਕਾਰਨ ਇਕ ਹਿੰਸਤਾਨੀ ਖੇਤ ਮਜ਼ਦੂਰ ਦੀ ਮੌਤ ਹੋ ਗਈ ਸੀ। ਉਸਤੋਂ ਪਹਿਲਾਂ ਇਕ ਫਾਰਮ ਪੁਰ ਇਕ ਬੱਚਾ ਡੁੱਬ ਕੇ ਮਰ ਗਿਆ ਸੀ। ਅਤੇ ਉਹਨੀਂ ਦਿਨੀ ਕੈਬਿਨਾਂ ਵਿਚ ਰਹਿ ਰਹੀ ਇਕ ਭੈਣ ਖੇਤ ਮਜ਼ਦੂਰ ਦਾ ਬੱਚਾ ਪਾਣੀ ਦੀ ਬਾਲਟੀ 'ਚ ਡਿਗਣ ਨਾਲ ਮਰ ਗਿਆ ਸੀ. ਮਰ ਗਿਆ ਸੀ ? ਨਹੀਂ ! ਇਹ ਸਾਰੀਆਂ ਮੌਤਾਂ ਸ਼ਹਾਦਤਾਂ ਸਨ। ਇਹਨਾਂ ਸ਼ਹੀਦੀਆਂ ਦੇ ਵਾਤਾਵਰਣ 'ਚ ਸਰਕਾਰ ਨੇ ਐਲਾਨ ਕੀਤਾ ਸੀ ਕਿ ਖੇਤ ਮਜ਼ਦੂਰਾਂ ਨੂੰ W.C.B. ਦੇ ਹੇਠਾਂ ਅਪਰੈਲ 1, 83 ਤੋਂ ਕਵਰ ਕੀਤਾ ਜਾਵੇਗਾ ਅਤੇ ਨਾਲ ਹੀ health (ਸਿਹਤ) ਤੇ safety (ਸੁਰੱਖਿਆ) ਰੈਗੂਲੇਸ਼ਨ ਆਦਿ ਲਾਗੂ ਕੀਤੇ ਜਾਣਗੇ ਤਾਂ ਕਿ ਫਾਰਮਾਂ ਉਪਰ ਕੰਮ ਦੀਆਂ ਅਤੇ ਰਿਹਾਇਸ਼ ਦੀਆਂ ਹਾਲਤਾਂ ਸੁਧਰ ਸਕਣ। ਫਾਰਮਰਾਂ ਦੇ ਦਬਾਅ ਥੱਲੇ ਆ ਕੇ ਇਸ ਸਰਕਾਰ ਨੇ health and safety ਰੈਗੂਲੇਸ਼ਨਾਂ ਨੂੰ ਲਾਗੂ ਕਰਨ ਦਾ ਫੈਸਲਾ ਵਾਪਸ ਲੈ ਲਿਆ ਹੈ। ਇਸ ਦੀ ਜਗ੍ਹਾ ਇਕ ਨਿੰਪੁੰਸਕ ਜਿਹੀ ਵਿਦਿਅਕ ਏਜੰਸੀ ਕਾਇਮ ਕੀਤੀ ਜਾਵੇਗੀ। ਜਿਸ ਪਾਸ ਕਾਨੂੰਨੀ ਤਾਕਤ ਨਹੀਂ ਹੋਵੇਗੀ ਮਜ਼ਦੂਰਾਂ ਦੀ ਹਾਲਤ ਸੁਧਾਰਨ ਲਈ। ਸਿਰਫ ਫਾਰਮਰਾਂ ਨੂੰ ਵਿਦਿਆ ਦਿਤੀ ਜਾਵੇਗੀ — ਇਸ ਏਜੰਸੀ ਰਾਹੀਂ। ਪਿਛਲੇ ਕਈ ਸਾਲ ਤੋਂ ਇਹ ਵਿਦਿਆ ਕੀ ਅਜੇ ਪੂਰੀ ਹੀ ਨਹੀਂ ਹੋਈ ? ਵਿਦਿਆ ਦਾ ਵਕਤ ਹੁਣ ਲੰਘ ਚੁੱਕਾ ਹੈ - ਹੁਣ ਐਕਸ਼ਨ ਕਮੇਟੀ ਦਾ ਵਕਤ ਹੈ। ਇਹ ਗੱਲ ਤਾਂ ਬੜੀ ਸਾਫ ਦਿਸਦੀ ਹੈ ਕਿ ਜੇ ਇਹ ਖੇਤ ਮਜ਼ਦੂਰ ਬਹੁਗਿਣਤੀ ਹਿੰਦੁਸਤਾਨੀਆਂ ਦੀ ਜਗ੍ਹਾ ਚਿੱਟੇ ਹੋਣ ਤਾਂ ਵਹੀਵੀਂ ਸਦੀ ਦੇ ਅੰਤ 'ਚ ਇਨਾਂ ਕਾਨੂੰਨਾਂ 'ਚ ਤਬਦੀਲੀਆਂ ਜ਼ਰੂਰ ਆਉਣ। ਨਾਲ ਨਾਲ ਇਹ ਭੀ ਸਮਝਣਾ ਅਤੀ ਜ਼ਰੂਰੀ ਹੈ ਕਿ ਇਹ ਜਮਾਤੀ ਮਸਲਾ ਪਹਿਲਾਂ ਹੈ ਅਤੇ ਫਿਰ ਨਸਲੀ ਭਿੰਨ ਭੇਦ ਵਰਤ ਕੇ ਜਮਾਤੀ ਹਿੱਤ ਕਾਇਮ ਰੱਖੇ ਜਾ ਰਹੇ ਹਨ। ਇਸ ਮਸਲੇ 'ਚ ਸਿੱਧੀ ਹਨੇਰ-ਗਰਦੀ ਚੱਲ ਰਹੀ ਹੈ। W.C.B. ਦਾ ਚੇਅਰਮੈਨ ਭੀ ਸਰਕਾਰ ਦੇ ਵਜ਼ੀਰਾਂ ਦਾ ਕਠਪੁਤਲਾ ਬਣ ਗਿਆ ਹੈ ਅਤੇ ਸਿੱਧੇ ਤੌਰ ਤੇ ਵਜ਼ੀਰਾਂ ਦੇ ਦਬਾਅ ਹੇਠ ਆ ਕੇ ਹੈਲਥ ਅਤੇ ਸੇਫਟੀ ਰੈਗੂਲੇਸ਼ਨਾਂ ਨੂੰ ਲਾਗੂ ਕਰਨ ਦਾ ਫੈਸਲਾ ਉਲਟਾਇਆ ਗਿਆ ਹੈ।

ਗੱਲ ਕੀ—ਇਸ ਸਰਕਾਰ ਨੇ ਜਿਧਰ ਨੂੰ ਭੀ ਮੂੰਹ ਮੋੜਿਆ ਹੈ ਲੋਕਾਂ ਦੇ ਹਿੱਤ ਦਰੜੇ ਹੀ ਗਏ ਹਨ। ਟਰਾਂਜਿਟ(ਆਵਾਜਾਈ, ਬੱਸਾਂ ਆਦਿ) ਦੇ ਮਹਿਕਮੇ ਚ, ਸਰਕਾਰ ਨੇ ਉਪਰੋਂ ਹੁਕਮ ਦੇ ਕੇ ਨਵੀਆਂ ਨਵੀਆਂ ਸੰਸਥਾਵਾਂ ਕਾਇਮ ਕਰਕੇ ਸਾਰੇ ਸੀਨ ਨੂੰ ਇੰਨਾ ਗੁੰਧਲਾ ਦਿਤਾ ਹੈ ਕਿ ਆਪ ਆਦਮੀ ਨੂੰ ਤਾਂ ਸਮਝ ਨਹੀਂ ਆ ਸਕਦੀ ਕਿ ਕਿਹੜਾ ਮਹਿਕਮਾ ਕੀ ਕਰ ਰਿਹਾ ਹੈ।

ਦਿਆਨਦਾਰੀ ਅਤੇ ਇਖਲਾਕ ਤਾਂ ਇਹਨਾਂ ਦੇ ਸਾਨੂੰ ਇਹਨਾਂ ਦੀਆਂ ਡਰਟੀ ਟਰਿਕਸ, ਲੈਟਰਗੇਟ ਸਕੈਂਡਲ ਅਤੇ ਫਰੈਂਚ ਵਾਈਨ ਦੇ ਬਿੱਲਾਂ ਤੋਂ ਸਾਫ ਨਜ਼ਰ ਆ ਜਾਂਦੇ ਹਨ। ਇੰਨਾਂ ਕੁਝ ਹੋਣ ਦੇ ਬਾਵਜੂਦ ਭੀ ਇਹ ਖੁਦਾ ਦੇ ਬੰਦੇ ਆਪਣੀਆਂ ਨਵੀਆਂ ਨਵੀਆਂ ਐਡਾਂ ਟੀ. ਵੀ.ਤੇ ਦੇ ਕੇ ਲੋਕਾਂ ਨੂੰ ਬੁੱਧੂ ਬਣਾਉਣ ਦੀਆਂ ਕੋਸ਼ਿਸ਼ਾਂ ਕਰ ਰਹੇ ਨੇ। ਚੋਣਾਂ ਜੋ ਆ ਰਹੀਆਂ ਨੇ। ਖਬਰਦਾਰ ਹੋ ਜਾਓ।

ਆਸ਼ਾ ਆਉਣ ਵਾਲੇ ਸਾਲ ਦੀ ਦਹਿਲੀਜ਼
ਤੇ ਖੜ੍ਹੀ ਮੁਸਕਰਾਉਂਦੀ ਹੈ, ਅਤੇ ਕੰਨ ਵਿੱਚ
ਹੌਲੀ ਜਿਹੀ ਕਹਿ ਜਾਂਦੀ ਹੈ ਕਿ ਇਹ ਸਾਲ
ਪਹਿਲੇ ਨਾਲੋਂ ਸੁਖ ਦਾ ਹੋਵੇਗਾ

—ਲਾਰਡ ਟੇਨੀਸਨ

ਖੇਤ ਮਜ਼ਦੂਰ ਜਰਨੈਲ ਸਿੰਘ ਦਿਉਲ ਦੀ ਮੌਤ ਰੋਕੀ ਜਾ ਸਕਦੀ ਸੀ— ਕੌਰਨਰ ਜਿਊਰੀ

—ਸਰਵਣ ਬੋਲ

ਨਿਊਵੈਸਟਮਿਨਸਟਰ (16 ਮਾਰਚ, 1983)—ਸਰੀ ਦੇ ਖੇਤ ਮਜ਼ਦੂਰ, ਜਿਸਨੂੰ ਕਿ ਚਾਰ ਵਾਰੀ ਜ਼ਹਿਰੀਲੀਆਂ ਕੀੜ੍ਹੇ ਮਾਰ ਦਵਾਈਆਂ ਦੇ ਅਸਰ ਕਾਰਨ ਸਰੀ ਮੈਮੋਰੀਅਲ ਹਸਪਤਾਲ ਵਿਚ ਇਲਾਜ ਲਈ ਭੇਜਿਆ ਗਿਆ ਸੀ, ਦੀ ਮੌਤ "homicide" ਸੀ। ਅੱਜ ਇਹ ਕੌਰਨਰ ਜਿਊਰੀ (Cornor's Jury) ਨੇ ਕਿਹਾ।

ਜਰਨੈਲ ਸਿੰਘ ਦਿਉਲ ਦੀ ਮੌਤ ਬਾਰੇ ਬਿਆਨ ਵਿਚ ਜਿਊਰੀ ਨੇ ਕਿਹਾ ਕਿ "ਜੇ ਕੀੜ੍ਹੇ ਮਾਰ ਦਵਾਈਆਂ ਨੂੰ ਚੰਗੀ ਤਰਾਂ ਵਰਤਿਆ ਜਾਂਦਾ, ਤਾਂ ਇਸ ਹਾਦਸੇ ਨੂੰ ਰੋਕਿਆ ਜਾ ਸਕਦਾ ਸੀ।"

ਕੌਰਨਰ ਡਾਇਆਨ ਮੈਸੀਅਰ ਨੇ ਦੱਸਿਆ ਕਿ "homicide" ਦਾ ਮਤਲਬ ਹੈ "ਕਿ ਅਜਿਹੀ ਮੌਤ ਜੋ ਕਿ ਸਿੱਧੇ ਜਾਂ ਅਸਿੱਧੇ ਤਰੀਕੇ ਨਾਲ ਕਿਸੇ ਹੋਰ ਵਿਅਕਤੀ ਹੱਥੋਂ ਹੋਈ ਹੋਵੇ।"

ਜਰਨੈਲ ਦਿਉਲ, ਜਿਸਦੀ ਉਮਰ ਸਿਰਫ 20 ਸਾਲਾਂ ਦੀ ਸੀ, 3 ਅਕਤੂਬਰ 1982 ਵਾਲੇ ਦਿਨ ਸਰੀ ਵਿਚ ਮਾਊਂਡ ਫਾਰਮ ਵਿਚ ਬਰੌਕਲੀ ਤੋੜਦਾ ਤੋੜਦਾ ਡਿੱਗ ਪਿਆ ਸੀ। ਇਸ ਤੋਂ ਪਹਿਲਾਂ 5 ਸਤੰਬਰ ਤੋਂ ਲੈ ਕੇ 3 ਅਕਤੂਬਰ ਤੱਕ ਉਸਨੂੰ ਜ਼ਹਿਰ ਦੇ ਇਲਾਜ ਲਈ ਤਿੰਨ ਵਾਰੀ ਹਸਪਤਾਲ ਦਾਖਲ ਕਰਵਾਇਆ ਜਾ ਚੁੱਕਾ ਸੀ। 3 ਅਕਤੂਬਰ ਤੋਂ ਬਾਅਦ ਉਸਨੂੰ ਬਿਲਕੁਲ ਹੋਸ਼ ਨਹੀਂ ਆਈ ਅਤੇ 27 ਦਿਨਾਂ ਬਾਅਦ ਉਹ ਔਰਮੈਨੋ-ਫਾਸਫੇਟ ਦੇ ਜ਼ਹਿਰੀਲੇ ਅਸਰ ਕਾਰਨ ਸਰੀ ਮੈਮੋਰੀਅਲ ਹਸਪਤਾਲ ਵਿਚ ਦਮ ਛੱਡ ਗਿਆ। ਡਾਕਟਰਾਂ ਨੂੰ ਉਸਦੇ ਪੇਟ ਵਿਚ ਜ਼ਹਿਰੀਲੀ ਕੀੜ੍ਹੇ ਮਾਰ ਦਵਾਈ "ਮੌਨੀਟਰ" ਲੱਭੀ।

ਜਿਊਰੀ ਨੇ ਇਸ ਘਟਨਾ ਬਾਰੇ ਲਗਾਤਾਰ 8 ਦਿਨ 22 ਗੁਆਹਾਂ ਦੀਆਂ ਗੁਆਹੀਆਂ ਸੁਣੀਆਂ ਅਤੇ ਤਕਰੀਬਨ 6 ਘੰਟੇ ਵਿਚਾਰ ਕਰਨ ਬਾਅਦ 10 ਸਿਫਾਰਸ਼ਾਂ ਪੇਸ਼ ਕੀਤੀਆਂ। ਜਿਊਰੀ ਨੇ ਆਪਦੀਆਂ ਸਿਫਾਰਸ਼ਾਂ ਵਿਚ ਦੋਨੋਂ ਬੀ. ਸੀ. ਸਰਕਾਰ ਅਤੇ ਫੈਡਰਲ ਸਰਕਾਰ ਨੂੰ ਖੇਤ ਮਜ਼ਦੂਰਾਂ ਦੀਆਂ ਕੰਮ ਦੀਆਂ ਹਾਲਤਾਂ ਵਿਚ ਸੁਧਾਰ ਕਰਨ ਲਈ ਅਤੇ ਕੀੜ੍ਹੇ ਮਾਰ ਦਵਾਈਆਂ ਨੂੰ ਵਰਤਣ ਦੇ ਢੰਗ ਵਿਚ ਸੁਧਾਰ ਕਰਨ ਦੀ ਤਾਕੀਦ ਕੀਤੀ।

ਜਿਊਰੀ ਨੇ ਇਹ ਭੀ ਸਿਫਾਰਸ਼ ਕੀਤੀ ਕਿ ਖੇਤ ਮਜ਼ਦੂਰਾਂ ਤੇ ਵਰਕਰਜ਼ ਕੰਪਨਸੇਸ਼ਨ ਸਿਹਤ ਅਤੇ ਸੇਫਟੀ ਨਿਯਮ ਲਾਗੂ ਹੋਣੇ ਚਾਹੀਦੇ ਹਨ।

ਜਿਊਰੀ ਦੀਆਂ ਕੁਛ ਹੋਰ ਸਿਫਾਰਸ਼ਾਂ ਹਨ :

- ਉਹਨਾ ਖੇਤ ਮਜ਼ਦੂਰਾਂ ਲਈ ਜੋ ਕੀੜ੍ਹੇ ਮਾਰ ਦਵਾਈਆਂ ਦੇ ਛਿੜਕਣ ਬਾਅਦ ਖੇਤਾਂ ਵਿਚ ਜਾਂਦੇ ਹਨ ਉਹਨਾਂ ਦੀ ਬੋਲੀ ਵਿਚ ਜਾਣਕਾਰੀ ਹੋਣੀ ਚਾਹੀਦੀ ਹੈ। ਵਰਕਰਾਂ ਵਲੋਂ ਸਮਝੀ ਜਾਂਦੀ ਭਾਸ਼ਾ ਵਿਚ ਪੋਸਟਰ ਲਗਾਉਣੇ ਚਾਹੀਦੇ ਹਨ। ਜਿਹਨਾ ਤੇ ਲਿਖਿਆ ਹੋਵੇ ਕਿ ਵਰਕਰ ਕਦੋਂ ਮੁੜ ਉਹਨਾਂ ਖੇਤਾਂ ਵਿਚ ਜਾ ਸਕਦੇ ਹਨ।
- ਫਾਰਮਵਰਕਰਾਂ ਲਈ ਪੀਣ ਵਾਲੇ ਪਾਣੀ ਦਾ ਅਤੇ ਹੱਥ ਮੂੰਹ ਧੋਣ ਦਾ ਪਰਬੰਧ ਹੋਣਾ ਚਾਹੀਦਾ ਹੈ।
- ਕੀੜ੍ਹੇ ਮਾਰ ਦਵਾਈਆਂ ਦਾ ਛਿੜਕਾ ਸਿਰਫ ਉਹਨਾਂ ਵਿਅਕਤੀਆਂ ਵਲੋਂ ਕੀਤਾ ਜਾਵੇ ਜਿਹਨਾਂ ਕੋਲ ਅਜਿਹਾ ਕਰਨ ਦੇ ਸਰਟੀਫਿਕੇਟ ਹੋਣ। ਇਹਨਾ ਵਿਅਕਤੀਆਂ ਦਾ ਸਮੇਂ ਸਮੇਂ ਅਨੁਸਾਰ ਡਾਕਟਰੀ ਮੁਆਇਨਾ ਕੀਤਾ ਜਾਵੇ।
- ਕੀੜ੍ਹੇ ਮਾਰ ਦਵਾਈਆਂ ਦੇ ਖਾਲੀ ਡੱਬਿਆਂ ਨੂੰ ਸਿੱਟਣ ਲਈ ਜਗ੍ਹਾ ਮੁਕੱਰਰ ਕੀਤੀ ਜਾਵੇ।
- ਲੋਕਾਂ ਨੂੰ ਹਦਾਇਤ ਦਿਤੀ ਜਾਵੇ ਕਿ ਉਹ ਆਪਦੇ ਫਲ ਅਤੇ ਸਬਜ਼ੀਆਂ ਧੋ ਕੇ ਖਾਣ, ਖਾਸ ਕਰਕੇ ਤਾਜ਼ਾ ਫਲ ਅਤੇ ਸਬਜ਼ੀਆਂ।
- ਕੀੜ੍ਹੇ ਮਾਰ ਦਵਾਈਆਂ ਰਜਿਸਟਰ ਕਰਨ ਦੀ ਜ਼ਿੰਮੇਵਾਰੀ ਵਾਤਾਵਰਣ ਵਿਭਾਗ (department of environment) ਅਤੇ ਸਿਹਤ ਵਿਭਾਗ (department of health and welfare) ਨੂੰ ਦਿੱਤੀ ਜਾਵੇ।

ਸਰਕਾਰ ਨਵੀਆਂ ਕੀੜੇ ਮਾਰ ਦਵਾਈਆਂ ਨੂੰ ਟੈਸਟ ਕਰਨ ਲਈ ਇਕ ਲੈਬਾਰੋਟਰੀ ਖੋਲ੍ਹੇ।

- ਸਰਕਾਰ ਹਾਨੀਕਾਰਕ ਕੀੜ੍ਹਿਆਂ ਦੇ ਰੋਕ ਥਾਮ ਲਈ ਰੀਸਰਚ ਲਈ ਪੈਸੇ ਖਰਚ ਕਰੇ। ਕੀੜ੍ਹੇ ਮਾਰ ਦਵਾਈਆਂ ਸਿਰਫ ਉਦੋਂ ਵਰਤਣੀਆਂ ਚਾਹੀਦੀਆਂ ਹਨ ਜਦੋਂ ਕੋਈ ਹੋਰ ਉਪਾਅ ਨਾ ਲੱਭੇ।

ਕੌਰਨਰ ਦੀ ਅਦਾਲਤ ਦੇ ਬਾਹਰ ਦਿਉਲ ਪਰਵਾਰ ਦੇ ਵਕੀਲ ਕੈਲਵਿਨ ਸੈਂਡਬੌਰਨ ਨੇ ਕਿਹਾ ਕਿ ਜਰਨੈਲ ਦਿਉਲ ਦੀ ਮੌਤ ਬੀ. ਸੀ. ਸਰਕਾਰ ਦੇ ਖੇਤ ਮਜ਼ਦੂਰਾਂ ਸਬੰਧੀ ਰਵਈਏ ਕਾਰਣ ਹੋਈ ਹੈ। ਉਹਨਾਂ ਨੇ ਕਿਹਾ "ਲੇਬਰ ਮਨਿਸਟਰ ਬੌਬ ਮੇਕਲੈਲੈਂਡ ਨੂੰ ਕਾਫੀ ਜੁਆਬ ਦੇਣੇ ਪੈਣਗੇ।"

ਕਨੇਡੀਅਨ ਫਾਰਮਵਰਕਜ਼ ਯੂਨੀਅਨ ਦੇ ਪਰਧਾਨ ਰਾਜ ਚੌਹਾਨ ਨੇ ਕਿਹਾ ਕਿ ਯੂਨੀਅਨ ਜਿਊਰੀ ਦੀਆਂ ਸਿਫਾਰਸ਼ਾਂ ਲਾਗੂ ਕਰਵਾਉਣ ਲਈ ਸਰਕਾਰ ਤੇ ਜ਼ੋਰ ਪਾਵੇਗੀ।

ਬੰਬ ਧਮਾਕਿਆਂ ਦੇ ਦੋਸ਼ੀਆਂ ਦੀ ਦਿੱਲੀ 'ਚ ਛੁਪੇ ਹੋਣ ਦੀ ਸੰਭਾਵਨਾ

ਨਵੀਂ ਦਿੱਲੀ—ਪਿਛਲੇ ਹਫਤੇ ਪਾਲਕਾ ਬਜ਼ਾਰ ਅਤੇ ਆਈ. ਐਸ. ਬੀ. ਟੀ. ਵਿਖੇ ਹੋਏ ਬੰਬ ਧਮਾਕੇ ਵਿਚ ਜੋ ਸਮਾਨਤਾਵਾਂ ਮਿਲੀਆਂ ਹਨ ਉਹਨਾਂ ਨੇ ਪੁਲਸ ਨੂੰ ਹੈਰਾਨ ਕਰ ਦਿਤਾ ਹੈ ਕਿ ਕੀ ਬੰਬ ਧਮਾਕਿਆਂ ਦੇ ਦੋਸ਼ੀ ਰਾਜਧਾਨੀ ਵਿਚ ਹੀ ਛੁਪੇ ਹਨ।

ਪਹਿਲਾਂ ਸਮਝਿਆ ਗਿਆ ਸੀ ਕਿ ਦੋਸ਼ੀ ਦਿੱਲੀ ਛੱਡ ਕੇ ਚਲੇ ਗਏ ਹਨ ਅਤੇ ਇਸ ਲਈ ਜਾਣਕਾਰੀ ਪ੍ਰਾਪਤ ਕਰਨ ਵਾਸਤੇ ਖੁਫੀਆ ਵਿਭਾਗ ਦੀ ਟੀਮ ਅੰਮ੍ਰਿਤਸਰ ਭੇਜੀ ਗਈ ਸੀ ਪਰ ਹੁਣ ਜਾਂਚ ਕਰਨ ਵਾਲਿਆਂ ਵਿਚ ਇਹ ਵਿਚਾਰ ਜ਼ੋਰ ਫੜਦਾ ਜਾ ਰਿਹਾ ਹੈ ਕਿ ਧਮਾਕਿਆਂ ਦੇ ਦੋਸ਼ੀ ਦਿੱਲੀ ਵਿਚ ਹੀ ਕਿਸੇ ਗੁਰਦੁਆਰੇ ਵਿਚ ਛੁਪੇ ਬੈਠੇ ਹਨ।

ਪੁਲਸ ਅਧਿਕਾਰੀ ਅਨੁਸਾਰ ਨਵੇਂ ਵਿਚਾਰ ਨੂੰ ਇਸ ਗੱਲ ਤੋਂ ਸਮਰਥਨ ਮਿਲਦਾ ਹੈ ਕਿ ਗੋਲ ਡਾਕਖਾਨਾ ਸੜਕਾਂ ਦੇ ਅਜਿਹੇ ਜੰਕਸ਼ਨ ਤੇ ਸਥਿਤ ਹੈ ਜੋ ਦੋ ਵੱਡੇ ਗੁਰਦੁਆਰਿਆਂ—ਰਕਾਬ ਗੰਜ ਅਤੇ ਬੰਗਲਾ ਸਾਹਿਬ ਨੂੰ ਜਾਂਦੀਆਂ ਹਨ। ਪੁਲਸ ਦਾ ਵਿਚਾਰ ਹੈ ਦੋਵੇਂ ਗੁਰਦੁਆਰੇ ਇਕ ਦੂਜੇ ਦੇ ਕਾਫੀ ਨਜ਼ਦੀਕ ਹਨ ਜੋ ਦੋਸ਼ੀਆਂ ਨੂੰ ਜਲਦੀ ਬਚਕੇ ਨਿਕਲ ਜਾਣ ਦਾ ਮੌਕਾ ਮੁਹੱਈਆ ਕਰਦੇ ਹਨ।

ਹੋਰ ਅੱਤਵਾਦੀ ਜਿਹੜੇ ਨਿਰੰਕਾਰੀ ਬਾਬੇ ਦੇ ਕਤਲ ਅਤੇ ਹੋਰ ਕੇਸਾਂ ਵਿਚ ਲੋੜੀਂਦੇ ਹਨ ਬਾਰੇ ਰੀਪੋਰਟਾਂ ਹਨ ਕਿ ਗੁਰਦੁਆਰਿਆਂ ਨੂੰ ਆਪਣਾ ਸਵਰਗ ਬਣਾਇਆ ਹੋਇਆ ਹੈ। ਪਿਛਲੇ ਸਾਲ ਅੱਧੀ ਦਰਜਨ ਤੋਂ ਵਧ ਬੰਬ ਧਮਾਕਿਆਂ ਅਤੇ ਡਾਈਨਾਮਾਈਟ ਛੜੀਆਂ ਦੇ ਕੇਸਾਂ ਨੂੰ ਮੁਖ ਰਖਦੇ ਹੋਏ ਅਧਿਕਾਰੀਆਂ ਨੂੰ ਚੇਤੰਨ ਕੀਤਾ ਗਿਆ ਹੈ। ਪਰ ਇਹਨਾਂ ਵਿਚ ਜਿਹੜਾ ਨਿਸਚਿਤ ਗਰੁਪ ਜਾਂ ਅਤਿਵਾਦੀ ਜਥੇਬੰਦੀ ਇਸ ਨਾਲ ਸਬੰਧੀ ਹੈ ਕੁਝ ਵੀ ਨਹੀਂ ਕੀਤਾ ਜਾ ਸਕਿਆ ਹੈ।

ਦਿੱਲੀ ਵਿਚ ਸਭ ਤੋਂ ਪਹਿਲਾਂ ਅਜਿਹਾ ਕੇਸ ਪਿਛਲੇ ਸਾਲ ਮਈ ਮਹੀਨੇ ਵਿਚ ਹੋਇਆ ਸੀ ਜਦੋਂ ਪਾਲਿਕਾ ਬਜ਼ਾਰ ਵਿਚ ਡਾਇਨਾਮਾਈਟ ਛੜੀਆਂ ਫੜੀਆਂ ਗਈਆਂ। ਫੇਰ ਏਸ਼ੀਆਡ ਦੇ ਸਮੇਂ ਸੋਵੀਅਤ ਦੂਤ ਵਾਸ ਤੇ ਹੈਂਡਗਰਨੇਡ ਸੁਟਿਆ ਗਿਆ। ਦੂਤਾਵਾਸ ਦੇ ਗਾਰਡ ਦਾ ਕਹਿਣਾ ਸੀ ਕਿ ਉਸ ਨੇ ਇਕ ਸਿੱਖ ਨੌਜਵਾਨ ਨੂੰ ਸਕੂਟਰ ਤੇ ਸ਼ੱਕੀ ਹਾਲਤ ਵਿਚ ਦੇਖਿਆ ਫੇਰ ਅਮਰੀਕੀ ਦੂਤਵਾਸ ਏਅਰ ਫਰਾਂਸ ਅਤੇ ਇਰਾਕੀ ਏਅਰਲਾਈਨ ਤੇ ਬੰਬ ਧਮਾਕੇ ਹੋਏ। ਪਰ ਇਸ ਸਭ ਕੁਝ ਦੇ ਬਾਵਜੂਦ ਪੁਲਸ ਅਜੇ ਹਨੇਰੇ ਵਿਚ ਤੀਰ ਮਾਰ ਰਹੀ ਹੈ।

ਚੌਹ ਗੁਰੂ ਘਰਾਂ ਦਾ ਮਤਾ

ਹੇਠ ਲਿਖੇ ਚੌਹ ਗੁਰਦੁਆਰਾ ਸਾਹਿਬਾਨਾਂ ਦੇ

ਗੁਰਦੁਆਰਾ ਨਿਊਵੈਸਟ, ਗੁਰਦੁਆਰਾ ਅਕਾਲੀ ਸਿੰਘ, ਗੁਰਦੁਆਰਾ ਐਬਟਸਫੋਰਡ, ਗੁਰਦੁਆਰਾ ਸਰੀ ਡੈਲਟਾ ਦੇ ਮੈਂਬਰ ਸਾਹਿਬਾਨਾਂ ਨੇ ਫੈਸਲਾ ਕੀਤਾ ਕਿ ਗੁਰਦੁਆਰਾ ਨਿਊਵੈਸਟ ਮਿਨਸਟਰ ਦੀ ਪ੍ਰਬੰਧਕ ਕਮੇਟੀ ਅਗਲੀ ਵੀਕ ਮੀਟਿੰਗ ਸੱਦ ਕੇ ਭਾਈ ਦਲਜੀਤ ਸਿੰਘ ਸੰਧੂ ਸਾਰਿਆਂ (ਛੇ ਗੁਰੂ ਘਰਾਂ) ਦੀ ਸਾਂਝੀ ਮੀਟਿੰਗ ਵਿਚ ਅਵਤਾਰ ਸਿੰਘ ਸਮਰਾ ਸਾਬਕਾ ਪ੍ਰਧਾਨ ਗੁਰਦੁਆਰਾ ਸਰੀ ਤੇ ਸ਼ਰਾਬ ਦਾ ਝੂਠਾ ਦੂਸ਼ਣ ਲਾਉਣ ਦੀ ਮੁਆਫੀ ਮੰਗੇ ਉਹ ਨਿਊਵੈਸਟ ਗੁਰੂ ਘਰ ਕੀ ਮਿਨਟ ਬੁੱਕ ਤੇ ਚੜ੍ਹੇ।

ਇਹ ਵੀ ਫੈਸਲਾ ਹੋਇਆ ਕਿ ਦਲਜੀਤ ਸਿੰਘ ਸੰਧੂ ਨੂੰ ਕਿਸੇ ਵੀ ਗੁਰੂ ਘਰਾਂ ਦੀ ਸਾਂਝੀ ਮੀਟਿੰਗ ਵਿਚ ਬੈਠਣ ਨਹੀਂ ਦਿਤਾ ਜਾਵੇਗਾ।

ਉਪਰ ਲਿਖੇ ਦੋ ਮਤੇ ਜੇ ਨਾ ਮੰਨੇ ਜਾਣ ਤਾਂ ਸਾਰੇ ਗੁਰੂ ਘਰ ਐਮਰਜੈਂਸੀ ਮੀਟਿੰਗ ਸੱਦ ਕੇ ਇਹਦੇ ਬਾਰੇ ਫੈਸਲਾ ਕਰਨ ਤੇ ਅਵਤਾਰ ਸਿੰਘ ਸਮਰਾ ਨੂੰ ਧੀਰਜ ਦਵਾਉਣ। ਇਹ ਸਾਰਾ ਸਰਬ ਸੰਮਤੀ ਨਾਲ ਪਾਸ ਹੋਇਆ।

ਇਸਦੇ ਨਾਲ ਹੀ ਇਹ ਵੀ ਫੈਸਲਾ ਸਰਬਸੰਮਤੀ ਨਾਲ ਹੋਇਆ ਕਿ ਜੇਕਰ ਦਲਜੀਤ ਸਿੰਘ ਸੰਧੂ ਫੈਸਲਾ ਨਾ ਮੰਨੇ ਤਾਂ ਉਸੇ ਵੇਲੇ ਮੀਟਿੰਗ ਕਰਕੇ ਅਗਲਾ ਫੈਸਲਾ ਕੀਤਾ ਜਾਵੇ।

ਪੀਪਲਜ਼ ਫਰੰਟ ਵਲੋਂ 'ਰੀਜ਼ਨੇਬਲ ਫ਼ੋਰਸ' ਫਿਲਮ ਦੀ ਨਿਖੇਧੀ

ਪੀਪਲਜ਼ ਫਰੰਟ ਵਲੋਂ ਐਤਵਾਰ 20 ਮਾਰਚ 9 ਵਜੇ ਦਿਖਾਈ ਗਈ ਫਿਲਮ 'ਰੀਜ਼ਨੇਬਲ ਫੋਰਸ' ਦੀ ਸਖਤ ਸ਼ਬਦਾਂ ਵਿਚ ਨਿਖੇਧੀ ਕੀਤੀ ਗਈ ਹੈ ਫਰੰਟ ਅਨੁਸਾਰ ਇਹ ਨਸਵਾਦੀ ਫਿਲਮ ਹੈ। ਇਸ ਫਿਲਮ ਦਾ ਮੁਖ ਮੰਤਵ ਨਸਲਵਾਦੀ ਹਿੰਸ ਨੂੰ ਭੜਕਾਉਣਾ ਹੈ ਤਾਂ ਕਿ ਨਸਲੀ ਤੌਰ ਤੇ ਕੈਨੇਡੀਅਨ ਲੋਕਾਂ ਵਿਚ ਵੰਡਾਂ ਪਾਈਆਂ ਜਾ ਸਕਣ ਅਤੇ ਪੁਲਸ ਦੇ ਰੋਲ ਨੂੰ ਲਕੋਇਆ ਜਾ ਸਕੇ।

ਗੁਰੂ ਨਾਨਕ ਸਿੱਖ ਗੁਰਦੁਆਰਾ, ਡੈਲਟਾ-ਸਰੀ, ਬੀ. ਸੀ. ਕੈਨੇਡਾ

ਸੇਵਾ ਵਿਖੇ,
ਕੈਨੇਡਾ ਨਿਵਾਸੀ ਸਾਧ ਸੰਗਤ ਅਤੇ ਸਮੂੰਹ ਗੁਰਦੁਆਰਾ ਸਾਹਿਬਾਨ ਦੇ ਪ੍ਰਬੰਧਕ ਜੀਉ ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਿਹ।

ਅਤਿ ਜ਼ਰੂਰੀ ਡੂੰਘੇ ਵਿਚਾਰ ਯੋਗ ਬੇਨਤੀ ਪੱਤਰ

ਬੇਨਤੀ ਹੈ ਕਿ ਖਾਲਸਾ ਦੀਵਾਨ ਸੁਸਾਇਟੀ ਨਿਊਵੈਸਟ ਮਨਿਸਟਰ ਬੀ. ਸੀ. ਦੇ ਪ੍ਰਬੰਧਕਾਂ ਨੇ ਲੋਇਅਰ ਮੇਨ ਲੈਂਡ ਦੀਆਂ ਸੁਸਾਇਟੀਆਂ ਵਿਚ ਪਏ ਮਤਭੇਦਾਂ ਨੂੰ ਦੂਰ ਕਰਨ ਲਈ ਇਹਨਾਂ ਸਾਰੀਆਂ ਸੁਸਾਇਟੀਆਂ ਦੇ ਪ੍ਰਬੰਧਕਾਂ ਦੀ ਮੀਟਿੰਗ ਗੁਰੂ ਘਰ ਵਿਚ 26/2/83 ਨੂੰ ਬੁਲਾਈ ਜੋ ਗੁਰੂ ਘਰ ਦੇ ਮਕਾਨ ਟੈਂਪਰੇਰੀ ਆਫਿਸ ਵਿਚ ਸ਼ਾਮ ਦੇ ਟਾਈਮ ਸ਼ੁਰੂ ਹੋਈ। ਜਿਸ ਵਿਚ ਸਾਰੀਆਂ 6 ਸੁਸਾਇਟੀਆਂ ਨੇ ਭਾਗ ਲਿਆ, ਆਰੰਭਤਾ ਦੀ ਅਰਦਾਸ ਹੋਈ ਫਿਰ ਨਿਊਵੈਸਟ ਦੇ ਪ੍ਰਧਾਨ ਦੀ ਪ੍ਰਧਾਨਗੀ ਹੇਠ ਮੀਟਿੰਗ ਆਰੰਭ ਹੋਈ, ਚੇਅਰ ਮੈਨ ਨੇ ਆਪਣੇ ਵਿਚਾਰ ਰਖੇ ਅਤੇ ਗਲਬਾਤ ਸ਼ੁਰੂ ਹੋਈ। ਅਕਾਲੀ ਸਿੰਘ ਸਿੱਖ ਸੁਸਾਇਟੀ, ਐਬਟਸਫੋਰਡ ਅਤੇ ਸਰੀ ਡੈਲਟਾ ਦੀਆਂ ਸੁਸਾਇਟੀਆਂ ਵਲੋਂ ਬੇਨਤੀ ਕੀਤੀ ਗਈ ਕਿ ਸ਼ੁਰੂ ਤੋਂ ਵਿਚਾਰ ਕੀਤੀ ਜਾਵੇ ਤਾਂ ਕਿ ਪਿਛਲੀਆਂ ਆਉਣ ਵਾਲੀਆਂ ਔਕੜਾਂ ਫਿਰ ਨਾ ਆਉਣ ਅਤੇ ਭਾਈ ਮੋਹਨ ਸਿੰਘ ਸਮਰਾ ਸਾਬਕਾ ਪ੍ਰਧਾਨ ਡੈਲਟਾ ਸਰੀ ਨੇ ਆਖਿਆ ਕਿ ਜਿਸ ਦੀ ਗਲਤੀ ਸਾਬਤ ਹੋਵੇ ਉਹ ਸੰਗਤ ਦੇ ਸਾਹਮਣੇ ਗਲਤੀ ਮੰਨੇ ਅਤੇ ਅੱਗੇ ਲਈ ਠੀਕ ਚਲਣ ਦੀ ਪਰਤਿਗਿਆ ਕਰੇ, ਅਸੀਂ ਵਾਹਦਾ ਕਰਦੇ ਹਾਂ ਕਿ ਜੋ ਗਲਤੀ ਸੰਗਤ ਸਾਡੀ ਕੱਢੇਗੀ ਅਸੀਂ ਸੰਗਤ ਤੋਂ ਜ਼ਰੂਰ ਮੁਆਫੀ ਮੰਗਾਂਗੇ। ਮੀਟਿੰਗ ਬੜੇ ਸੁਚੱਜੇ ਢੰਗ ਨਾਲ ਚਲ ਰਹੀ ਸੀ ਸਾਰੇ ਹੀ ਇਸ ਗੱਲ ਤੇ ਪੂਰੀ ਸਹਿਮਤੀ ਪਰਗਟ ਕਰ ਰਹੇ ਸਨ ਤਾਂ ਕਿ ਮਤਭੇਦ ਦੂਰ ਕਰਕੇ ਪੱਕੇ ਤੌਰ ਤੇ ਏਕਤਾ ਲਿਆਂਦੀ ਜਾਵੇ ਤਾਂ ਕਿ ਸਾਡੀ ਕਮਿਊਨਿਟੀ ਦਾ ਸਚੇ ਦਿਲੋਂ ਭਲਾ ਹੋ ਸਕੇ।

ਇਸੇ ਦੌਰਾਨ ਭਾਈ ਦਲਜੀਤ ਸਿੰਘ ਸੰਧੂ ਗੁਰੁਦਆਰਾ ਰੌਸ ਸਟਰੀਟ ਨੇ ਬੋਲਣ ਦੀ ਆਗਿਆ ਲੈ ਕੇ ਨਿਊ ਵੈਸਟ ਦੇ ਪ੍ਰਬੰਧਕਾਂ ਦਾ ਧੰਨਵਾਦ ਕਰਕੇ ਆਖਿਆ ਗੁਰੂ ਘਰ ਦੀਆਂ ਸੁਸਾਇਟੀਆਂ ਦੀਆਂ ਐਸੀਆਂ ਮੀਟਿੰਗਾਂ ਵਿਚ ਕਿਸੇ ਨੂੰ ਸ਼ਰਾਬ ਪੀ ਕੇ ਨਹੀਂ ਆਉਣਾ ਚਾਹੀਦਾ ਜਦ ਕਿ ਹੁਣ ਭੀ ਇਕ ਮੈਂਬਰ ਨੇ ਸ਼ਰਾਬ ਪੀਤੀ ਹੋਈ ਹੈ ਅਤੇ ਇਹ ਸੱਚੀ ਗੱਲ ਹੈ ਮੈਂ ਨਾਮ ਭੀ ਲੈ ਸਕਦਾ ਹਾਂ ਪਰ ਲੈਣਾ ਨਹੀਂ ਚਾਹੁੰਦਾ। ਇਹ ਬੇਬੁਨਿਆਦ ਗੱਲ ਸੁਣਦੇ ਸਾਰ ਬਹੁਤਿਆਂ ਨੇ ਬੁਰਾ ਮਨਾਇਆ ਅਤੇ ਬਹੁਤਿਆਂ ਨੇ ਇਸ ਗੱਲ ਤੇ ਜ਼ੋਰ ਦਿਤਾ ਕਿ ਨਾਮ ਲਿਆ ਜਾਵੇ ਪਰ ਕਈਆਂ ਨੇ ਨਾਮ ਨਾ ਲੈਣ ਤੇ ਭੀ ਜ਼ੋਰ ਦਿਤਾ। ਬਜ਼ੁਰਗ ਭਾਈ ਸਾਧੂ ਸਿੰਘ ਢੱਟ ਅਤੇ ਸੇਵਾ ਸਿੰਘ ਢੱਟ ਰੌਸ ਸਟਰੀਟ ਵਾਲਿਆਂ ਨੇ ਜ਼ੋਰਦਾਰ ਆਵਾਜ਼ ਨਾਲ ਕਿਹਾ ਕਿ ਦਲਜੀਤ ਸਿੰਘ ਨੂੰ ਨਾਮ ਨਹੀਂ ਲੈਣਾ ਚਾਹੀਦਾ ਅਤੇ ਆਪਣੇ ਇਹ ਲਫਜ਼ ਵਾਪਸ ਲੈਣੇ ਚਾਹੀਦੇ ਹਨ ਨਾਲ ਆਵਾਜ਼ ਆਈ ਕਿ ਜਿਸ ਮਤਲਬ ਲਈ ਮੀਟਿੰਗ ਹੋਈ ਹੈ ਉਹ ਜੇ ਨਾਮ ਲਿਆ ਜਾਵੇ ਅਤੇ ਉਸ ਨੇ ਸ਼ਰਾਬ ਪੀਤੀ ਹੋਵੇ ਤਾਂ ਭੀ, ਨਾ ਪੀਤੀ ਹੋਵੇ ਤਾਂ ਭੀ ਮੀਟਿੰਗ ਦਾ ਸਾਰਾ ਮਕਸਦ ਹੀ ਖਤਮ ਹੋ ਜਾਵੇਗਾ। ਸੋ ਨਤੀਜਾ ਮਾੜਾ ਹੀ ਮਾੜਾ ਨਿਕਲਕੇਗਾ। ਇਸੇ ਦੌਰਾਨ ਅਕਾਲੀ ਸਿੰਘ ਗੁਰੂ ਵਲੋਂ ਮੋਸ਼ਨ ਪਾਸ ਹੋ ਹੋਇਆ ਕਿ ਭਾਈ ਦਲਜੀਤ ਸਿੰਘ ਲਫਜ਼ ਵਾਪਸ ਲਵੇ, ਅਤੇ ਇਸੇ ਮੋਸ਼ਨ ਤੇ ਵਿਚਾਰ ਕੀਤਾ ਜਾਵੇ। ਵਿਚਾਰ ਸ਼ੁਰੂ ਹੋਏ ਹੀ ਸਨ ਕਿ ਭਾਈ ਦਲਜੀਤ ਸਿੰਘ ਨੇ ਅਵਤਾਰ ਸਿੰਘ ਸਮਰਾ ਸਾਬਕਾ ਪ੍ਰਧਾਨ ਡੈਲਟਾ-ਸਰੀ ਦਾ ਨਾਮ ਲੈ ਕੇ ਕਿਹਾ ਕਿ ਇਸਦੀ ਸ਼ਰਾਬ ਪੀਤੀ ਹੋਈ ਸਾਬਤ ਭੀ ਕਰ ਸਕਦਾ ਹਾਂ। ਕੁਦਰਤੀ ਗੱਲ ਸੀ ਕਿ ਅਵਤਾਰ ਸਿੰਘ ਸਮਰਾ ਨੇ ਇਸਦਾ ਜੁਆਬ ਦੇਣਾ ਸੀ ਉਹ ਉਠਿਆ ਅਤੇ ਬੜੀ ਦ੍ਰਿੜਤਾ ਨਾਲ ਆਖਿਆ ਕਿ ਇਥੇ ਹੀ ਡਾਕਟਰ ਸਦਿਆ ਜਾਵੇ ਸਭ ਦੇ ਸਾਹਮਣੇ ਮੇਰਾ ਟੈਸਟ ਕਰਾਇਆ ਜਾਵੇ ਅਤੇ ਜੇ ਸ਼ਰਾਬ ਪੀਤੀ ਸਾਬਤ ਹੋ ਜਾਵੇ ਤਾਂ ਮੇਰੇ ਗਲ ਵਿਚ ਜੁਤੀਆਂ ਦਾ ਹਾਰ ਪਾਕੇ ਸਾਰੇ ਗੁਰੂ ਘਰਾਂ ਵਿਚ ਲਿਜਾਇਆ ਜਾਵੇ ਅਤੇ ਮੈਂ ਬਕਾਇਦਾ ਸੰਗਤਾਂ ਤੋਂ ਮੁਆਫੀ ਮੰਗਾਂਗਾ ਅਤੇ ਜੇ ਨਾ ਪੀਤੀ ਸਾਬਤ ਹੋਵੇ ਤਾਂ ਇਹੀ ਵਰਤਾਉ ਦਲਜੀਤ ਸਿੰਘ ਸੰਧੂ ਨਾਲ ਕੀਤਾ ਜਾਵੇ। ਸੋ ਦਲਜੀਤ ਸਿੰਘ ਨੇ ਇਸ ਸ਼ਰਤ ਨੂੰ ਮਨਜ਼ੂਰ ਕਰ ਲਿਆ। ਇਸਤੇ ਅਵਤਾਰ ਸਿੰਘ ਨੇ ਆਪਣੇ ਤਿੰਨਾ ਪੁੱਤਰਾਂ ਦੀ ਕਸਮ ਖਾਧੀ ਕਿ ਮੈਂ ਸ਼ਰਾਬ ਬਿਲਕੁਲ ਨਹੀਂ ਪੀਤੀ ਅਤੇ ਡਾਕਟਰ ਨੂੰ ਬੁਲਾ ਕੇ ਉਥੇ ਹੀ ਮੁਲਾਹਜ਼ਾ ਕਰਾਉਣ ਤੇ ਜ਼ੋਰ ਦਿਤਾ। ਇਹ ਸੁਣ ਕੇ ਸਾਰਿਆਂ ਨੇ ਜ਼ੋਰ ਪਾਇਆ ਕਿ ਜਦ ਅਵਤਾਰ ਸਿੰਘ ਨੇ ਸ਼ਰਾਬ ਪੀਤੀ ਹੀ ਨਹੀਂ ਤਾਂ ਫਿਰ ਮੁਲਾਹਜ਼ੇ ਦੀ ਕੀ ਲੋੜ ਹੈ। ਹੁਣ ਦਲਜੀਤ ਸਿੰਘ ਨੂੰ ਮੁਆਫੀ ਮੰਗਣੀ ਚਾਹੀਦੀ ਹੈ। ਇਥੋਂ ਤਕ ਕਿ ਭਾਈ ਸੇਵਾ ਸਿੰਘ ਢੱਟ ਜੋ ਕਿ ਰੌਸ ਸਟਰੀਟ ਗੁਰੂ ਘਰ ਵਲੋਂ ਆਏ ਹੋਏ ਸਨ ਨੇ ਖੜੇ ਹੋ ਕੇ ਬੇਨਤੀ ਕੀਤੀ ਕਿ ਦਲਜੀਤ ਸਿੰਘ ਜੇ ਮੈਂ ਤੇਰੀ ਜਗ੍ਹਾ ਹੁੰਦਾ ਤਾਂ ਮੈਂ ਗਲ ਵਿਚ ਪੱਲਾ ਪਾ ਕੇ ਸੰਗਤਾਂ ਦੇ ਪੈਰੀ ਹੱਥ ਲਾ ਕੇ ਮੁਆਫੀ ਮੰਗਦਾ ਹੁਣ ਆਪ ਨੂੰ ਮੁਆਫੀ ਮੰਗ ਲੈਣੀ ਚਾਹੀਦੀ ਹੈ। ਜਿਸਦੀ ਤਾਈਦ ਜੋਗਿੰਦਰ ਸਿੰਘ ਜੌਹਲ ਸੈਕਟਰੀ ਨਿਊਵੈਸਟ ਗੁਰੂ ਘਰ ਨੇ ਕੀਤੀ। ਦਲਜੀਤ ਸਿੰਘ ਨੇ ਇਹ ਬੇਨਤੀ ਨਾ ਮੰਨੀ ਜਿਸਦੇ ਅਵਤਾਰ ਸਿੰਘ ਸਮਰਾ ਨੇ ਬੇਨਤੀ ਕੀਤੀ ਕਿ ਬਹੁਤ ਅੱਛੀ ਗੱਲ ਹੋਵੇ ਜੇ ਡਾਕਟਰ ਇਥੇ ਬੁਲਾਇਆ ਜਾਵੇ ਜਾਂ ਮੇਰੇ ਨਾਲ ਚਲਕੇ ਸਾਰੀਆਂ ਸੁਸਾਇਟੀਆਂ ਮੇਰਾ ਮੁਲਾਹਜ਼ਾ ਕਰਾਉਣ, ਜਿਸ ਤੇ ਅਕਾਲੀ ਸਿੰਘ ਸੁਸਾਇਟੀ ਦਾ ਨੁਮਾਇੰਦਾ ਨਾਲ ਗਿਆ ਅਤੇ ਉਸ ਨੇ ਆਪਣੇ ਸਾਹਮਣੇ ਅਵਤਾਰ ਸਿੰਘ ਦਾ ਮੁਲਾਹਜ਼ਾ ਕਰਵਾਇਆ ਨਤੀਜਾ ਸ਼ਰਾਬ ਬਿਲਕੁਲ ਨਾ ਪੀਣ ਦਾ ਅਲਕੋਹਲ 0 ਆਇਆ ਉਸਦੀਆ ਕਾਪੀਆਂ ਕਰਵਾ ਕੇ ਵਾਪਸ ਗੁਰੂ ਘਰ ਨਿਊਵੈਸਟ ਪਹੁੰਚੇ ਪਰ ਉਥੇ ਸਿਰਫ ਨਿਊ ਵੈਸਟ ਅਤੇ ਅਕਾਲੀ ਸਿੰਘ ਸਿੱਖ ਸੁਸਾਇਟੀਆਂ ਦੇ ਹੀ ਕੁਝ ਮੈਂਬਰ ਸਨ। ਉਹਨਾਂ ਨੂੰ ਕਾਪੀਆਂ ਦਿਤੀਆਂ, ਰੌਸ ਸਟਰੀਟ ਗੁਰੂ ਘਰ ਵਾਲਿਆਂ ਨੂੰ ਕਾਪੀ ਦੇਣ ਲਈ ਨਿਊ ਵੈਸਟ ਵਾਲਿਆਂ ਨੂੰ ਬੇਨਤੀ ਕੀਤੀ ਗਈ। ਉਥੈ ਵਿਚਾਰ ਹੋਇਆ ਕਿ ਦੋਬਾਰਾ ਫਿਰ ਇਥੇ ਹੀ ਮੀਟਿੰਗ ਕਰਕੇ ਇਸ ਏਕਤਾ ਦੀ ਗੱਲ ਨੂੰ ਅੱਗੇ ਤੋਰਿਆ ਜਾਵੇ, ਪਰ ਪ੍ਰਧਾਨ ਘਰ ਜਾ ਚੁਕਾ ਸੀ ਜਿਸ ਤੇ ਡੈਲਟਾ ਸਰੀ ਦੇ ਪ੍ਰਬੰਧਕ ਪ੍ਰਧਾਨ ਨੂੰ ਉਸੇ ਸਮੇਂ ਮਿਲਣ ਲਈ ਉਸਦੇ ਘਰ ਗਏ ਸੋ ਉਸਨੂੰ ਜਲਦੀ ਹੀ ਅਗਲੀ ਮੀਟਿੰਗ ਬਲਾਉਣ ਲਈ ਬੇਨਤੀ ਕੀਤੀ ਪਰ ਉਹਨਾਂ ਨੇ ਮੀਟਿੰਗ ਨਾ ਸੱਦੀ। ਫਿਰ ਡੈਲਟਾ ਸਰੀ ਦੇ ਪ੍ਰਬੰਧਕਾਂ ਨੇ ਦੂਜੀਆਂ ਸੁਸਾਇਟੀਆਂ ਨਾਲ ਗਲਬਾਤ ਕੀਤੀ ਫੈਸਲਾ ਹੋਇਆ ਕਿ ਮੀਟਿੰਗ ਹੁਣ ਡੈਲਟਾ ਸਰੀ ਦੇ ਗੁਰਦੁਆਰੇ ਸੱਦੀ ਜਾਵੇ ਅਤੇ ਇਸਤੇ ਮਿਤੀ 12/3/83 ਨੂੰ ਮੀਟਿੰਗ ਸੱਦੀ ਗਈ ਜਿਸ ਰੌਸ ਸਟਰੀਟ ਦੇ ਪ੍ਰਬੰਧਕ ਨਾ ਆਏ ਅਤੇ ਨਾ ਹੀ ਆਪਣੇ ਕੋਈ ਵਿਚਾਰ ਭੇਜੇ। ਜਦ ਕਿ ਬਾਕੀ ਸੁਸਾਇਟੀਆਂ ਦੀ ਮੀਟਿੰਗ ਹੋਈ ਜਿਸ ਵਿਚ ਸਰਬ ਸੰਮਤੀ ਨਾਲ ਜੋ ਮਤੇ ਪਾਸ ਹੋਏ ਉਹਨਾਂ ਦੀ ਨਕਲ ਨਾਲ ਨੱਥੀ ਹੈ ਅਤੇ ਜਿਹਨਾਂ ਦੀ ਕਾਪੀ ਗੁਰੂ ਘਰ ਰੌਸ ਸਟਰੀਟ ਦੇ ਪਰਧਾਨ ਭਾਈ ਮੋਤਾ ਸਿੰਘ ਝੀਤਾ ਨੂੰ ਦਸਤੀ ਮਿਤੀ 13/3/83 ਨੂੰ ਦਿਤਾ ਗਈ ਪਰ ਅਜੇ ਤਕ ਇਸ ਦਾ ਕੋਈ ਉਤਰ ਨਾ ਆਉਣ ਤੇ ਅਤੇ ਬਾਵਜੂਦ ਨਿਊਵੈਸਟ ਦੀ ਸਹਿਮਤੀ ਨਾਲ ਮਤਾ ਪਾਸ ਹੋਣ ਦੇ ਕਿ 19 ਮਾਰਚ ਨੂੰ ਨਿਊਵੈਸਟ ਵਿਖੇ ਮੀਟਿੰਗ ਸਦੀ ਜਾਵੇਗੀ ਜੋ ਅਜ ਤਕ ਨਹੀਂ ਸੱਦੀ ਗਈ ਸੋ ਆਪ ਜੀਆਂ ਨੂੰ ਸਚਾਈ ਤੇ ਰੌਸ਼ਨੀ ਪਾਉਣ ਲਈ ਬੇਨਤੀ ਪੱਤਰ ਭੇਜੇ ਜਾ ਰਹੇ ਹਨ।

ਸਾਰੇ ਗੁਰਦੁਆਰਿਆਂ ਦਾ ਸਮਝੌਤਾ ਹੋ ਜਾਣਾ ਸੀ ਇਕ ਬੰਦੇ ਦੀ ਵਜਾਹ ਕਾਰਨ ਸਮਝੌਤਾ ਨਹੀਂ ਹੋਇਆ।

ਅਸੀਂ ਪੂਰਨ ਵਿਸ਼ਵਾਸ਼ ਕਰਦੇ ਹਾਂ ਕਿ ਸਾਰੇ ਗੁਰੂ ਘਰਾਂ ਦੀਆਂ ਸੁਸਾਇਟੀਆਂ ਇਸ ਮਤੇ ਨਾਲ ਸਹਿਮਤ ਹੋਣਗੀਆਂ ਅਤੇ ਮਤੇ ਦੀ ਪਾਲਨਾ ਕਰਨਗੀਆਂ ਤਾਂ ਕਿ ਅਗੇ ਲਈ ਕੋਈ ਵੀ ਦਲਜੀਤ ਸਿੰਘ ਵਰਗੀ ਗਲਤੀ ਕਰਨ ਦੀ ਜ਼ੁਰਤ ਨਾ ਕਰੇ। ਜਿਸ ਨੇ ਏਕਤਾ ਲਈ ਆਰੰਭ ਹੋਏ ਸੁਚੱਜੇ ਕਾਰਨ ਨੂੰ ਖੇਰੂੰ ਖੇਰੂੰ ਕਰਨ ਦਾ ਯਤਨ ਕੀਤਾ ਹੈ।

ਅਸੀਂ ਇਹ ਵੀ ਬੇਨਤੀ ਕਰਦੇ ਹਾ ਕਿ ਏਕਤਾ ਦੇ ਆਰੰਭ ਕੀਤੇ ਕਾਰਜ ਨੂੰ ਸਿਰੇ ਚੜਾਉਣ ਲਈ ਸੁਸਾਇਟੀਆਂ ਜ਼ਰੂਰ ਕੋਸ਼ਿਸ਼ ਕਰਨਗੀਆਂ ਅਸੀਂ ਆਪਣੇ ਵਲੋਂ ਏਕਤਾ ਲਈ ਹਰ ਵੇਲੇ ਤਿਆਰ ਹਾਂ।

ਆਪ ਜੀ ਦੇ ਸੇਵਕ
ਪ੍ਰਬੰਧਕ ਕਮੇਟੀ ਗੁਰੂ ਨਾਨਕ ਸਿੱਖ ਟੈਂਪਲ
ਡੈਲਟਾ-ਸਰੀ, ਬੀ. ਸੀ. ਕੈਨੇਡਾ।

ਜਲ੍ਹਿਆਂ ਵਾਲੇ ਬਾਗ ਦਾ ਸਾਕਾ ਵਿਸਾਖੀ ਵਾਲੇ ਦਿਨ

ਸ: ਅਜਮੇਰ ਸਿੰਘ ਜੀ ਐਮ. ਏ.

13 ਅਪ੍ਰੈਲ 1919 ਨੂੰ ਵਿਸਾਖੀ ਵਾਲੇ ਦਿਨ, ਜਲ੍ਹਿਆਂ ਵਾਲੇ ਬਾਗ ਵਿਚ, ਜਨਰਲ ਡਾਇਰ ਦੇ ਹੁਕਮ ਨਾਲ, ਮਸ਼ੀਨ ਗੰਨ ਦੀ ਮਾਰ ਕਰਕੇ, ਮਿੰਟਾਂ ਸਕਿੰਟਾਂ ਵਿਚ, ਸੱਤ ਸੌ ਤੋਂ ਵੱਧ ਹਿੰਦੂ, ਮੁਸਲਮਾਨ ਤੇ ਸਿੱਖਾਂ ਨੂੰ, ਭੱਠੀ ਦੇ ਦਾਣਿਆਂ ਦੀ ਤਰ੍ਹਾਂ ਭੁੰਨ ਦਿੱਤਾ ਸੀ। ਜਲ੍ਹਿਆਂ ਵਾਲੇ ਬਾਗ ਦੀ ਧਰਤੀ, ਬੇ-ਗੁਨਾਹ ਪੰਜਾਬੀਆਂ ਦੇ ਸਾਂਝੇ ਖੂਨ ਨਾਲ ਰੰਗੀ ਗਈ। ਇਸ ਖੂਨੀ ਸਾਕੇ ਨੇ ਸਾਰੇ ਦੇਸ਼ ਵਿਚ ਹਿਲਜੁਲ ਮਚਾ ਦਿਤੀ। ਬ੍ਰਿਟਿਸ਼ ਸਾਮਰਾਜ ਦੇ ਇਸ ਘੋਰ ਜ਼ੁਲਮ ਨੇ ਅੰਗਰੇਜ਼ੀ ਹਕੂਮਤ ਦੇ ਤਖਤ ਨੂੰ ਛਲਣੀ ਛਲਣੀ ਕਰ ਦਿਤਾ। ਦੇਸ਼ ਵਿਚ ਇਕ ਥਲਕਾ ਮੱਚ ਗਿਆ। ਗੋਰਾ ਸ਼ਾਹੀ ਨਜ਼ਾਮ ਨਾਲ, ਜਿਵੇਂ ਸਾਰੇ ਦੇਸ਼ ਨੂੰ ਨਫਰਤ ਹੋ ਗਈ ਹੋਵੇ। ਇਨਸਾਫ ਪਸੰਦ ਲੋਕ, ਅੰਗਰੇਜ਼ਾਂ ਨੂੰ ਦੂਰੇ ਦੂਰੇ ਕਰਨ ਲੱਗੇ।

1919 ਤੋਂ 1947 ਤਕ ਤੇ ਫੇਰ ਇਸ ਤੋਂ ਮਗਰੋਂ ਵੀ ਅਨੇਕਾਂ ਮੌਕਿਆਂ ਉਤੇ ਜਲਿਆਂ ਵਾਲੇ ਬਾਗ ਨੂੰ ਤੇ ਇਸ ਬਾਗ ਦੇ ਸ਼ਹੀਦਾਂ ਨੂੰ ਵੱਡੀ ਪੱਧਰ ਉਤੇ ਸਨਮਾਨਿਆ ਜਾ ਚੁਕਿਆ ਹੈ। 1969 ਵਿਚ ਜਲਿਆਂ ਵਾਲੇ ਬਾਗ ਦੇ ਸ਼ਹੀਦਾਂ ਦੀ ਗੋਲਡਨ ਜੁਬਲੀ ਸਰਕਾਰ ਦੇ ਪ੍ਰਬੰਧ ਹੇਠਾਂ, ਬੜੀ ਸ਼ਾਨ ਸ਼ੌਕਤ ਨਾਲ ਮਨਾਈ ਗਈ ਸੀ। ਦੇਸ਼ ਦੇ ਪ੍ਰਸਿੱਧ ਲੀਡਰਾਂ ਤੋਂ ਬਿਨਾਂ, ਰਾਸ਼ਟਰਪਤੀ, ਪ੍ਰਧਾਨ ਮੰਤਰੀ ਤੇ ਸਾਰੀ ਕੇਂਦਰੀ ਵਜ਼ੀਰ ਮੰਡਲੀ, ਜਲਿਆਂ ਵਾਲੇ ਬਾਗ ਦੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕਰਨ ਲਈ ਬੜੀ ਸ਼ਰਧਾ ਨਾਲ ਅੰਮ੍ਰਿਤਸਰ ਪਹੁੰਚੇ ਸਨ। ਸ਼ਹੀਦਾਂ ਦੀ ਯਾਦ ਨੂੰ ਮਨਾਉਣਾ ਇਕ ਬੜੀ ਸ਼ਾਨ ਵਾਲੀ ਗੱਲ ਹੈ। ਅਸੀਂ ਸਾਰੇ ਸ਼ਹੀਦਾਂ ਨੂੰ ਨਮਸਕਾਰ ਕਰਦੇ ਹਾਂ, ਪਰ ਕੌਮੀ ਸ਼ਹੀਦਾਂ ਵਿਚ ਕਿਸੇ ਪਰਕਾਰ ਦਾ ਕੋਈ ਵਿਤਕਰਾ ਕਰਨਾ ਜਾਂ ਉਨ੍ਹਾਂ ਦੀ ਸ਼ਹੀਦੀ ਨੂੰ ਛੁਟਿਆਣ ਦਾ ਯਤਨ ਕਰਨਾ, ਇਹ ਸਭ ਤੋਂ ਵੱਡਾ ਪਾਪ ਹੈ। ਇਹ ਕੌਮੀ ਧਰੋਹ ਹੈ। ਇਹ ਨਾ ਮੁਆਫ ਕੀਤੇ ਜਾਣ ਵਾਲਾ ਗੁਨਾਹ ਹੈ। ਅਸੀਂ ਇਸ ਦੇ ਵਿਰੁਧ ਅਵਾਜ਼ ਖੜੀ ਕਰਦੇ ਹਾਂ।

ਡਾ: ਜਗਜੀਤ ਨੂੰ ਵੀਜ਼ਾ

ਅਮਰੀਕਾ ਸਰਕਾਰ ਕੋਲ ਰੋਸ ਜ਼ਾਹਰ ਕਰਨ ਦੀ ਮੰਗ

ਨਵੀਂ ਦਿਲੀ—ਅਮਰੀਕਾ ਵਲੋਂ ਕਥਿਤ ਖਾਲਿਸਤਾਨ ਦੇ ਸਵੈ-ਸਥਾਪਤ ਰਾਸ਼ਟਰਪਤੀ ਡਾ: ਜਗਜੀਤ ਸਿੰਘ ਨੂੰ ਵਿਜ਼ਾ ਦੇਣ ਦੇ ਫੈਸਲੇ ਉਤੇ ਅਜ ਰਾਜ ਸਭਾ ਵਿਚ ਡੂੰਘੀ ਚਿੰਤਾ ਪ੍ਰਗਟਾਈ ਗਈ.

ਸੁਆਲਾਂ ਜੁਆਬਾਂ ਸਮੇਂ ਮਾਮਲਾ ਉਠਾਉਂਦਿਆਂ ਜੀ. ਸੀ. ਭਟਾਚਾਰੀਆਂ (ਡੀ. ਐਸ. ਪੀ.) ਨੇ ਸਰਕਾਰ ਉਤੇ ਜ਼ੋਰ ਦਿਤਾ ਕਿ ਉਹ ਅਮਰੀਕਾ ਸਰਕਾਰ ਕੋਲ ਮਾਮਲਾ ਉਠਾਏ ਤੇ ਉਸ ਵਲੋਂ ਕੀਤੀ ਗੈਰ ਦੋਸਤਾਨਾ ਕਾਰਵਾਈ ਵਿਰੁਧ ਰੋਸ ਪ੍ਰਗਟਾਏ.

1982 ਵਿਚ ਵੈਨਕੂਵਰ ਦੀ ਪੰਜਾਬੀ ਮਾਰਕਿਟ ਤੇ ਇਕ ਝਾਤ

ਸੁੱਚਾ ਸਿੰਘ ਕਲੇਰ, ਪ੍ਰਧਾਨ, ਪੰਜਾਬੀ ਮਾਰਕਿਟ, ਵੈਨਕੂਵਰ

ਲੱਖਾਂ ਹੀ ਭਾਰਤੀ ਆਪਣੀ ਆਰਿਥਕ ਭਲਾਈ ਖਾਤਰ ਭਾਰਤ ਤੋਂ ਬਾਹਰ ਦੁਨੀਆਂ ਦੇ ਹਰ ਖੇਤਰ ਵਿਚ ਵਸੇ ਹੋਏ ਹਨ। ਆਪਣੀ ਮਿਹਨਤ ਅਤੇ ਸਿਆਣਪ ਸਦਕਾ ਪਰਦੇਸਾਂ ਵਿਚ ਕਠਨਾਈਆਂ ਦਾ ਸਾਹਮਣਾ ਕਰਦੇ ਹੋਏ ਵੀ ਛੇਤੀ ਹੀ ਸ਼ਾਨ ਅਤੇ ਮਾਣ ਨਾਲ ਰਹਿਣ ਦੇ ਯੋਗ ਹੋ ਜਾਂਦੇ ਹਨ। ਪ੍ਰਦੇਸ ਰਹਿੰਦੇ ਹੋਏ ਵੀ ਆਪਣੇ ਦੇਸ਼ ਨਾਲ ਰਿਸ਼ਤਾ ਜੋੜੀ ਰਖਦੇ ਹਨ। ਆਪਣੇ ਸਭਿਆਚਾਰ ਅਤੇ ਧਰਮ ਨੂੰ ਕਾਇਮ ਰੱਖਣ ਲਈ ਦੇਸੀ ਦਿਨ ਤਿਉਹਾਰ ਮਨਾਉਣ ਦੇ ਨਾਲ ਨਾਲ ਗੁਰਦੁਆਰੇ ਅਤੇ ਮੰਦਰ ਆਦਿ ਬਣਾਉਣ ਅਤੇ ਕੁਰਬਾਨੀਆਂ ਦੇ ਪੁਤਲਿਆਂ ਦੀਆਂ ਯਾਦਾਂ ਕਾਇਮ ਕਰਨਾ ਇਨ੍ਹਾਂ ਦਾ ਨਿਯਮ ਹੈ।

ਇਸ ਸਦੀ ਦੇ ਸ਼ੁਰੂ ਵਿਚ ਕੈਨੇਡਾ ਦਾ ਇਮੀਗਰੇਸ਼ਨ ਕਾਨੂੰਨ ਇਕ-ਪੱਖੀ ਸੀ। ਜਿਸ ਕਰਕੇ ਭਾਰਤੀਆਂ ਦਾ ਇਥੇ ਆਉਣਾ ਨਾ-ਮੁਮਕਿਨ ਸੀ। ਇਸ ਕਾਨੂੰਨ ਦੀਆਂ ਕੜੀਆਂ ਨੂੰ ਤੋੜਨ ਲਈ ਪੰਜਾਬੀਆਂ ਨੇ ਤਕਲੀਫਾਂ ਹੀ ਨਹੀਂ ਝੱਲੀਆਂ, ਸਗੋਂ ਫਾਂਸੀ ਦੇ ਰੱਸੇ ਵੀ ਚੁੰਮੇ ਹਨ। ਜਿਨ੍ਹਾਂ ਪੰਜਾਬੀਆਂ ਦੀਆਂ ਕੁਰਬਾਨੀਆਂ ਸਦਕਾ ਅੱਜ ਅਸੀਂ ਇਥੇ ਕੈਨੇਡਾ ਵਿਚ ਮਾਣ ਨਾਲ ਰਹਿਣ ਦਾ ਹਾਸਲ ਕੀਤਾ ਹੈ, ਉਨ੍ਹਾਂ ਦੀ ਯਾਦ ਨੂੰ ਕਾਇਮ ਰੱਖਣ ਲਈ ਮੇਨ ਸਟਰੀਟ ਅਤੇ 49 ਐਵੇਨਿਊ ਉਤੇ ਤਿੰਨ ਬਲਾਕਾਂ ਦੇ ਛੋਟੇ ਜਿਹੇ ਵਿਉਪਾਰਕ ਕੇਂਦਰ ਵਿਚ ਵਿਉਪਾਰ ਕਰਦੇ ਬਹੁਸੰਮਤੀ ਭਾਰਤੀ ਵਿਉਪਾਰੀਆਂ ਨੇ ਇਸ ਇਲਾਕੇ ਨੂੰ 1980 ਵਿਚ ਪੰਜਾਬੀ ਮਾਰਕਿਟ ਦਾ ਨਾਂ ਦਿਤਾ ਸੀ। ਸੰਨ 1982 ਵਿਚ ਇਸ ਮਾਰਕਿਟ ਵਿਚ ਕਈ ਮਹੱਤਵ ਪੂਰਨ ਘਟਨਾਵਾਂ ਵਾਪਰੀਆਂ ਸਨ।

ਨਵੇਂ ਸਾਲ ਦੀ ਸ਼ੁਰੂਆਤ ਤੇ ਪੰਜਾਬੀ ਮਾਰਕਿਟ

1980 ਵਿਚ ਇਸ ਇਲਾਕੇ ਨੂੰ ਪੰਜਾਬੀ ਮਾਰਕਿਟ ਦਾ ਨਾਮ ਦੇਣ ਦੇ ਨਾਲ ਹੀ ਪੰਜਾਬੀ ਮਾਰਕਿਟ ਐਸੋਸੀਏਸ਼ਨ ਨਾਮ ਦੀ ਇਕ ਸੰਸਥਾ ਵੀ ਬਣਾਈ ਗਈ ਸੀ। ਇਸ ਸੰਸਥਾ ਵਲੋਂ ਪਹਿਲੀ ਜਨਵਰੀ 1982 ਨੂੰ ਰੌਸ ਸਟਰੀਟ ਗੁਰਦੁਆਰਾ ਸਾਹਿਬ ਵਿਖੇ ਪੰਜਾਬੀ ਮਾਰਕਿਟ ਦੀ ਚੜ੍ਹਦੀ ਕਲਾ ਲਈ ਅਰਦਾਸ ਕਰਾਉਣ ਲਈ ਆਖੰਡਪਾਠ ਰਖਵਾਇਆ ਗਿਆ ਜਿਸ ਦਾ ਭੋਗ ਤਿੰਨ ਜਨਵਰੀ ਨੂੰ ਪਿਆ। ਬਰਫ ਪੈਣ ਕਰਕੇ ਮੌਸਮ ਬਹੁਤ ਖਰਾਬ ਸੀ ਪਰ ਫੇਰ ਵੀ ਕੋਈ ਤਿੰਨ ਕੁ ਹਜ਼ਾਰ ਸੰਗਤਾਂ ਨੇ ਭਾਗ ਲਿਆ। ਉਸ ਦਿਨ ਗੁਰਦੁਆਰੇ ਦੇ ਪ੍ਰਬੰਧਕਾਂ ਨੇ ਸਟੇਜ ਦੀ ਕਾਰਵਾਈ ਵੀ ਪੰਜਾਬੀ ਮਾਰਕਿਟ ਐਸੋਸੀਏਸ਼ਨ ਦੇ ਸਕੱਤਰ ਸ. ਭਗਵੰਤ ਸਿੰਘ ਢਾਹਾਂ ਨੂੰ ਸੌਂਪ ਦਿਤੀ ਸੀ। ਜਿਨ੍ਹਾਂ ਨੇ ਸਟੇਜ ਦੇ ਕੰਮ ਨੂੰ ਚੰਗੀ ਤਰ੍ਹਾਂ ਨਿਭਾਇਆ। ਐਸੋਸੀਏਸ਼ਨ ਦੇ ਪ੍ਰਧਾਨ ਦਿਦਾਰ ਸਿੰਘ ਲੇਲ ਨੇ ਆਖੰਡਪਾਠ ਦੇ ਸਾਰੇ ਪ੍ਰੋਗਰਾਮ ਨੂੰ ਨੇਪਰੇ ਚਾੜ੍ਹਨ ਲਈ ਆਰਥਿਕ ਸੇਵਾ ਕੀਤੀ।

ਐਸੋਸੀਏਸ਼ਨ ਦੇ ਪੀ. ਆਰ. ਓ.

ਦਲਜੀਤ ਸਿੰਘ ਸਿੱਧੂ ਨੇ ਪੰਜਾਬੀ ਮਾਰਕਿਟ ਦੇ ਨਾਮ ਦੀ ਮਾਨਤਾ ਲਈ ਇਕ ਮਤਾ ਰੱਖਿਆ, ਜੋ ਸੰਗਤਾਂ ਵਲੋਂ ਸਰਬ ਸੰਮਤੀ ਨਾਲ ਪਾਸ ਹੋਇਆ। ਉਨ੍ਹਾਂ ਨੇ ਸਿਟੀ ਕੌਂਸਲ ਵਲੋਂ ਆਈ ਐਕਟਿੰਗ ਮੇਅਰ ਮਾਰਗਰੇਟ ਫੋਰਡ ਅਤੇ ਐਲਡਰ ਮੈਨ ਡੌਨ ਬਾਲਵੀਂ, ਜੋ ਕਿ ਸੰਗਤਾਂ ਵਿਚ ਹਾਜ਼ਰ ਸਨ, ਨੂੰ ਅਪੀਲ ਕੀਤੀ ਕਿ ਉਹ ਇਸ ਇਲਾਕੇ ਨੂੰ ਸਰਕਾਰੀ ਤੌਰ ਤੇ ਪੰਜਾਬੀ ਮਾਰਕਿਟ ਦੀ ਮਾਨਤਾ ਦੇਣ ਦਾ ਯਤਨ ਕਰਨ।

ਇਤਿਹਾਸਕ ਕਦਮ

ਸਾਡੇ ਲੋਕਾਂ ਵਿਚ ਏਕਤਾ ਦੀ ਘਾਟ ਹੈ। ਜਦ 1980 ਵਿਚ ਪੰਜਾਬੀ ਮਾਰਕਿਟ ਐਸੋਸੀਏਸ਼ਨ ਬਣੀ ਤਾਂ ਛੇਤੀ ਪਿਛੋਂ ਇੰਡੀਆ ਮਾਰਕਿਟ ਐਸੋਸੀਏਸ਼ਨ ਵੀ ਹੋਂਦ ਵਿਚ ਆ ਗਈ। ਵੈਨਕੂਵਰ ਦੇ ਭਾਰਤੀਆਂ ਦੀ ਬਹੁਸੰਮਤੀ ਵਸੋਂ ਇਸ ਇਲਾਕੇ ਨੂੰ ਪੰਜਾਬੀ ਮਾਰਕਿਟ ਕਹਿਣ ਦੇ ਹੱਕ ਵਿਚ ਸੀ। ਗੁਰਦੁਆਰੇ ਦੇ ਇਕੱਠ ਵਿਚ ਪਾਸ ਹੋਏ ਮਤੇ ਨੇ ਇਸ ਸਚਾਈ ਤੇ ਮੋਹਰ ਲਾ ਦਿਤੀ ਸੀ।

ਪੰਜਾਬੀ ਮਾਰਕਿਟ ਐਸੋਸੀਏਸ਼ਨ ਦੇ ਪ੍ਰਧਾਨ ਦਿਦਾਰ ਸਿੰਘ ਲੇਲ, ਪੀ ਆਰ. ਓ. ਦਲਜੀਤ ਸਿੰਘ ਸਿੱਧੂ ਤੇ ਸਕੱਤਰ ਭਗਵੰਤ ਸਿੰਘ ਢਾਹਾਂ ਨੇ ਇੰਡੀਆ ਮਾਰਕਿਟ ਐਸੋਸੀਏਸ਼ਨ ਦੇ ਪ੍ਰਧਾਨ ਕੇਵਲ ਸਿੰਘ ਪਾਬਲਾ ਤੇ ਉਸ ਦੇ ਸਾਥੀਆਂ ਨਾਲ ਦੋਹਾਂ ਸੰਸਥਾਵਾਂ ਨੂੰ ਇਕ ਕਰਨ ਲਈ ਗੱਲਬਾਤ ਚਲਾਈ, ਜਿਸ ਦਾ ਸਿੱਟਾ ਇਹ ਹੋਇਆ ਕਿ ਉਹ ਦੋਹਾਂ ਸੰਸਥਾਵਾਂ ਨੂੰ ਇਕ ਕਰਨ ਲਈ ਰਾਜ਼ੀ ਹੋ ਗਏ। 9 ਮਾਰਚ ਨੂੰ ਹੋਈ ਇਕ ਸਾਂਝੀ ਮੀਟਿੰਗ ਵਿਚ ਇੰਡੀਆ ਮਾਰਕਿਟ ਐਸੋਸੀਏਸ਼ਨ ਵਾਲਿਆਂ ਨੇ ਵੀ ਇਸ ਇਲਾਕੇ ਨੂੰ ਪੰਜਾਬੀ ਮਾਰਕਿਟ ਮੰਨ ਲਿਆ ਤੇ ਨਵੀਂ ਸੰਸਥਾ ਦਾ ਨਾਮ ਪੰਜਾਬੀ ਇੰਡੀਆ ਮਾਰਕਿਟ ਐਸੋਸੀਏਸ਼ਨ ਰੱਖ ਦਿਤਾ ਤੇ ਮਾਰਕਿਟ ਦਾ ਨਾਂ ਪੰਜਾਬੀ ਮਾਰਕਿਟ।

ਮਾਰਕਿਟ ਵਿਚ ਮੇਲਾ

10 ਅਪ੍ਰੈਲ ਨੂੰ ਖਾਲਸਾ ਦੀਵਾਨ ਸੁਸਾਇਟੀ ਵਲੋਂ ਨਗਰ ਕੀਰਤਨ ਦਾ ਪ੍ਰੋਗਰਾਮ ਸੀ। ਹਰ ਸਾਲ ਜਲੂਸ ਪੰਜਾਬੀ ਮਾਰਕਿਟ ਵਿਚ ਦੀ ਲੰਘਦਾ ਹੈ। ਜਲੂਸ ਨੂੰ ਜੀ ਆਇਆਂ ਕਹਿਣ ਲਈ ਪੰਜਾਬੀ ਮਾਰਕਿਟ ਦੇ ਪ੍ਰਬੰਧਕਾਂ ਨੇ ਪੰਜਾਬੀ ਮਾਰਕਿਟ ਨੂੰ ਦੁਲਹਨ ਦੀ ਤਰ੍ਹਾਂ ਸਜਾਉਣ ਦੇ ਨਾਲ ਨਾਲ ਕਲਚਰ ਪ੍ਰੋਗਰਾਮ ਕਰਨ ਦਾ ਪ੍ਰਬੰਧ ਵੀ ਕੀਤਾ ਸੀ। ਪੰਜਾਹ ਐਵੇਨਿਊ ਵਾਲੇ ਚੌਂਕ ਵਿਚ ਖੁਲੀ ਸਟੇਜ ਸਜਾਈ ਗਈ। ਸਟੇਜ ਦੀ ਭੂਮਿਕਾ ਨਿਭਾਉਣ ਦੀ ਜ਼ਿੰਮੇਵਾਰੀ P.I.M.A ਦੇ ਪੀ. ਆਰ. ਓ. ਦਲਜੀਤ ਸਿੰਘ ਸਿੱਧੂ ਨੂੰ ਸੌਂਪੀ ਗਈ। ਦੱਖਣੀ ਵੈਨਕੂਵਰ ਵਿਚ ਖੁੱਲੀ ਸਟੇਜ ਤੋਂ ਹਜ਼ਾਰਾਂ ਦਰਸ਼ਕਾਂ ਦਾ ਧਿਆਨ ਆਪਣੀ ਵੱਲ ਖਿਚਣ ਲਈ ਜਦ ਮਿਸਟਰ ਸਿੱਧੂ ਨੇ ਮਾਈਕਰੋਫੋਨ ਤੇ 'ਹੈਲੋ' ਕਿਹਾ ਤਾਂ ਇਉਂ ਲੱਗ ਰਿਹਾ ਸੀ, ਜਿਵੇਂ ਉਹ ਫਗਵਾੜਾ ਦੇ ਗਾਂਧੀ ਚੌਂਕ ਵਿਚ ਕਿਸੇ ਜਲਸੇ ਨੂੰ ਸੰਬੋਧਨ ਕਰ ਰਿਹਾ ਹੋਵੇ।

ਸਟੇਜ ਤੇ ਆਉਣ ਵਾਲੇ ਸਭ ਤੋਂ ਪਹਿਲੇ ਕਲਾਕਾਰ ਨੌਜਵਾਨ ਮਨਜੀਤ ਸਿੰਘ ਪਾਬਲਾ ਨੇ ਜਦ ਆਪਣੀ ਰਸੀਲੀ ਆਵਾਜ਼ ਵਿਚ "ਸਿਰ ਦੇ ਕੇ ਸੂਰਮੇ ਕੌਮਾਂ ਦੀ ਤਕਦੀਰ ਬਣਾਉਂਦੇ ਹਨ" ਗੀਤ ਦੇ ਬੋਲ ਕਹੇ ਤਾਂ ਸਰੋਤੇ ਇਹ ਭੁੱਲ ਗਏ ਸਨ ਕਿ ਉਹ ਵੈਨਕੂਵਰ ਦੀ ਮੇਨ ਸਟਰੀਟ ਤੇ ਹਨ ਜਾਂ ਪੰਜਾਬ ਦੇ ਕਿਸੇ ਸ਼ਹਿਰ ਵਿਚ। ਵਾਤਾਵਰਨ ਇਉਂ ਲੱਗ ਰਿਹਾ ਸੀ ਜਿਵੇਂ ਦਰਸ਼ਕ ਪੰਜਾਬ ਵਿਚ ਲੋਕ ਸੰਪਰਕ ਵਿਭਾਗ ਵਲੋਂ ਲਗਾਏ ਕਿਸੇ ਮੇਲੇ ਵਿਚ ਖੜ੍ਹੇ ਹੋਣ। ਪੰਜਾਬ ਕਲਚਰ ਐਸੋਸੀਏਸ਼ਨ ਦੀ ਭੰਗੜਾ ਟੀਮ ਨੇ ਆਪਣੀ ਅਦਾਕਾਰੀ ਰਾਹੀਂ ਸਰੋਤਿਆਂ ਦੇ ਮਨ ਕੀਲ ਸੁੱਟੇ ਸਨ। ਜਦ ਜਲੂਸ ਪੰਜਾਬੀ ਮਾਰਕਿਟ ਵਿਚ ਦਾਖਲ ਹੋਇਆ ਤਾਂ ਭੀੜ ਇੰਨੀ ਸੀ ਕਿ ਪੁਲੀਸ ਨੂੰ ਇਹ ਪੰਜਾਬੀ ਮਾਰਕਿਟ ਦਾ ਤਿੰਨ ਬਲਾਕਾਂ ਦਾ ਇਲਾਕਾ ਮੋਟਰ ਕਾਰਾਂ ਲਈ ਬੰਦ ਕਰਨਾ ਪਿਆ ਸੀ। ਦਰਸ਼ਕ ਸੜਕਾਂ ਤੇ ਖੁਸ਼ੀਆਂ ਦੀ ਹੋਲੀ ਖੇਲ ਰਹੇ ਸਨ। ਜਲੂਸ ਦੇ ਪੰਜਾਬੀ ਮਾਰਕਿਟ ਵਿਚ ਪੁੱਜਣ ਸਮੇਂ ਸਿੱਖ ਪਰੰਪਰਾ ਅਨੁਸਾਰ ਅੰਮ੍ਰਿਤਸਰ ਤੋਂ ਮੁੱਖ ਗ੍ਰੰਥੀ ਸਿੰਘ ਸਾਹਿਬ ਭਾਈ ਸਾਹਿਬ ਸਿੰਘ ਜੀ ਨੇ ਅਰਦਾਸ ਕੀਤੀ ਅਤੇ ਫੀਤਾ ਕੱਟਣ ਉਪਰੰਤ ਪੰਜਾਬੀ ਮਾਰਕਿਟ ਵਿਚ ਜਲੂਸ ਦਾਖਲ ਹੋਣ ਦੀ ਰਸਮ ਅਦਾ ਕੀਤੀ। ਇਸ ਵਕਤ ਪੰਜਾਬੀ ਮਾਰਕਿਟ ਵਿਚ ਹੈਲੀਕੋਪਟਰ ਰਾਹੀਂ ਫੁੱਲਾਂ ਦੀ ਵਰਖਾ ਹੋ ਰਹੀ ਸੀ।

ਵਿਸਾਖੀ ਨਾਈਟ

ਪਹਿਲੀ ਮਈ ਨੂੰ P.I.M.A. ਨੇ ਵਾਈਕਿੰਗ ਇਨ ਰੈਸਟੋਰੈਂਟ ਵਿਚ ਪਾਰਟੀ ਰੱਖੀ, ਜਿਸ ਨੂੰ 'ਵਿਸਾਖੀ ਨਾਈਟ' ਦਾ ਨਾਂ ਦਿੱਤਾ ਗਿਆ। ਇਸ ਵਿਚ ਬੀ. ਸੀ. ਦੇ ਵਾਈਸ ਪ੍ਰੀਮੀਅਰ ਸ਼੍ਰੀਮਤੀ ਗਰੇਸ ਮਕਾਰਥੀ ਤੋਂ ਇਲਾਵਾ ਸਿਟੀ ਕੌਂਸਲ ਦੇ ਤਿੰਨ ਐਲਡਰਮੈਨ ਵੀ ਸ਼ਾਮਲ ਹੋਏ। ਪੰਜਾਬ ਕਲਚਰ ਐਸੋਸੀਏਸ਼ਨ ਵਲੋਂ ਤਿਆਰ ਕੀਤੇ ਛੋਟੇ ਬੱਚਿਆਂ ਦੀ ਟੀਮ ਨੇ ਭੰਗੜਾ ਪਾਇਆ, ਜੋ ਸ਼ਲਾਘਾਯੋਗ ਸੀ। ਮਿਸਜ਼ ਗਰੇਸ ਮਕਾਰਥੀ ਅਤੇ ਸਿਟੀ ਕੌਂਸਲ ਵਲੋਂ ਆਏ ਨੁਮਾਇੰਦਿਆਂ ਨੇ ਪੰਜਾਬੀ ਮਾਰਕਿਟ ਨੂੰ ਸਰਕਾਰੀ ਮਾਨਤਾ ਦੇਣ ਦੇ ਇਸ਼ਾਰੇ ਦਿੱਤੇ।

ਜੇ ਇਸ ਪਾਰਟੀ ਦੇ ਖਰਚੇ ਅਤੇ ਹੋਰ ਪ੍ਰਬੰਧ ਦਾ ਲੇਖਾ ਜੋਖਾ ਕਰੀਏ ਤਾਂ ਇਵੇਂ ਲਗਦਾ ਹੈ ਜਿਵੇਂ ਅੰਨੀ ਨੂੰ ਬੋਲਾ ਘੜੀਸੀ ਫਿਰਦਾ ਰਿਹਾ ਹੋਵੇ।

ਮਾਰਕਿਟ ਲਈ ਸਰਕਾਰੀ ਮਾਨਤਾ

ਤਿੰਨ ਜਨਵਰੀ ਨੂੰ ਰੌਸ ਸਟਰੀਟ ਦੇ ਗੁਰਦੁਆਰਾ ਦੇ ਭਾਰੀ ਇਕੱਠ ਵਿਚ ਪਾਸ ਕੀਤੇ ਮਤੇ ਅਤੇ ਪੰਜਾਬੀ ਇੰਡੀਆ ਮਾਰਕਿਟ ਐਸੋਸੀਏਸ਼ਨ ਦੀਆਂ ਭਾਵਨਾਵਾਂ ਨੂੰ ਸਮਝਦੇ ਹੋਏ ਐਲਡਰਮੈਨ ਡੌਨ ਬਾਲਮੀ ਨੇ 30 ਮਾਰਚ ਨੂੰ ਸਿਟੀ ਕੌਂਸਲ ਵਿਚ 48 ਤੋਂ 51 ਐਵੇਨਿਊ ਅਤੇ ਮੇਨ ਸਟਰੀਟ ਦੇ ਇਲਾਕੇ ਨੂੰ ਪੰਜਾਬੀ ਮਾਰਕਿਟ ਕਹਿਣ ਦੀ ਸਰਕਾਰੀ ਮਾਨਤਾ ਲਈ ਮੋਸ਼ਨ ਰੱਖੀ। ਇਸ ਮੋਸ਼ਨ ਦੇ ਅਧਾਰ ਤੇ ਸਿਟੀ ਕੌਂਸਲ ਵਲੋਂ ਇਸ ਇਲਾਕੇ ਵਿਚਲੇ ਵਿਉਪਾਰੀਆਂ ਕੋਲੋਂ ਇਕ ਸਰਵੇ ਲਿਆ ਕਿ ਕੀ ਇਸ ਤਿੰਨ ਬਲਾਕਾਂ ਦੇ ਏਰੀਏ ਵਿਚ ਵਿਉਪਾਰ ਕਰਦੇਵਿਉਪਾਰੀ ਅਤੇ ਜਾਇਦਾਦ-ਮਾਲਕ ਇਸ ਨੂੰ ਪੰਜਾਬੀ ਮਾਰਕਿਟ ਅਖਵਾਉਣਾ ਚਾਹੁੰਦੇ ਹਨ ਜਾਂ ਕਿ ਨਹੀਂ। ਸਰਵੇ ਦੇ ਨਤੀਜੇ ਦੱਸਦੇ ਹਨ ਕਿ ਉਸ ਵੇਲੇ ਸਟੋਰਾਂ ਦੇ ਮਾਲਕ ਇਸ ਪਰਕਾਰ ਸਨ :

ਭਾਰਤੀ	32%
ਚੀਨੇ	26%
ਹੋਰ ਕੌਮਾਂ	42%

ਇਸ ਇਲਾਕੇ ਵਿਚ 75% ਵਿਉਪਾਰੀ ਭਾਰਤੀ ਸਨ। ਇਸ ਇਲਾਕੇ ਨੂੰ ਪੰਜਾਬੀ ਮਾਰਕਿਟ ਅਖਵਾਉਣ ਲਈ ਸਰਵੇ ਦਾ ਨਤੀਜਾ ਇਸ ਪਰਕਾਰ ਸੀ :

ਹੱਕ ਵਿਚ ਜਾਇਦਾਦ ਮਾਲਕ	81%
ਹੱਕ ਵਿਚ ਕਿਰਾਏਦਾਰ	77%
ਵਿਰੋਧ ਵਿਚ ਮਾਲਕ	19%
ਵਿਰੋਧ ਵਿਚ ਕਿਰਾਏਦਾਰ	23%

ਔਸਤਨ 78% ਵਿਉਪਾਰੀ ਤੇ ਮਾਲਕ ਇਸ ਇਲਾਕੇ ਨੂੰ ਪੰਜਾਬੀ ਮਾਰਕਿਟ ਅਖਵਾਉਣ ਦੇ ਹੱਕ ਵਿਚ ਸਨ। ਪੰਜਾਬੀ ਮਾਰਕਿਟ ਦੀ ਮਾਨਤਾ ਦੇ ਸਬੰਧ ਵਿਚ 29 ਜੂਨ ਨੂੰ ਸਿਟੀ ਹਾਲ ਵਿਚ ਇਕ ਪਬਲਿਕ ਮੀਟਿੰਗ ਸੱਦੀ ਗਈ। ਨਸਲ ਅਤੇ ਰੰਗ ਦੇ ਅਧਾਰ ਤੇ ਵਿਤਕਰਾ ਬਹੁਤ ਸਾਰੇ ਗੋਰਿਆਂ ਦੇ ਖੂਨ ਵਿਚ ਰਚਿਆ ਹੋਇਆ ਹੈ। ਇਸ ਮੀਟਿੰਗ ਵਿਚ ਮਿਸਟਰ C. Crout and J.W. Dawson ਪੰਜਾਬੀ ਮਾਰਕਿਟ ਦੇ ਵਿਰੋਧ ਵਿਚ ਪੇਸ਼ ਹੋਏ। ਉਨ੍ਹਾਂ ਮੰਗ ਕੀਤੀ ਕਿ ਇਸ ਇਲਾਕੇ ਨੂੰ ਪੰਜਾਬੀ ਮਾਰਕਿਟ ਦਾ ਨਾਮ ਦੇਣ ਤੋਂ ਪਹਿਲਾਂ ਨੇੜੇ ਤੇੜੇ ਦੇ ਸਭ ਗੁਆਂਢੀਆਂ ਦੀ ਰਾਏ ਪੁੱਛੀ ਜਾਏ। ਉਨ੍ਹਾਂ ਦੀ ਗੱਲ ਸੁਣਦੇ ਹੋਏ ਕੌਂਸਲ ਨੇ ਪਲੈਨਿੰਗ ਡੀਪਾਰਟਮੈਂਟ ਦੇ ਮਿਸਟਰ Rob Kenkens ਨੂੰ ਆਂਢ ਗੁਆਂਢ ਦੇ ਵਸਨੀਕਾਂ ਤੇ ਪੰਜਾਬੀ ਮਾਰਕਿਟ ਦੇ ਪ੍ਰਬੰਧਕਾਂ ਨਾਲ ਹੋਰ ਗੱਲਬਾਤ ਕਰਕੇ ਰੀਪੋਰਟ ਪੇਸ਼ ਕਰਨ ਲਈ ਕਹਿ ਦਿੱਤਾ

ਅਗਸਤ 11 ਅਤੇ 18 ਨੂੰ Rob Kenkens ਨਾਲ ਪੰਜਾਬੀ ਮਾਰਕਿਟ ਦੇ ਨੁਮਾਇੰਦਿਆਂ ਜਿਨ੍ਹਾਂ ਵਿਚ ਮੈਂ, ਭਗਵੰਤ ਸਿੰਘ ਢਾਹਾਂ, ਕੇਵਲ ਸਿੰਘ ਪਾਬਲਾ, ਦਿਦਾਰ ਸਿੰਘ ਲੇਲ, ਸਤਵੰਤ ਸਿੰਘ ਸੰਧੂ ਅਤੇ ਦਲਜੀਤ ਸਿੰਘ ਸਿੱਧੂ ਸ਼ਾਮਲ ਸਨ ਅਤੇ ਦੂਜੇ ਪਾਸੇ ਤੋਂ Mr. Crout and J.W. Dawson ਸਨ। ਮੀਟਿੰਗਾਂ ਹੋਈਆਂ। ਇਨ੍ਹਾਂ ਮੀਟਿੰਗਾਂ ਵਿਚ ਅਸੀਂ ਜ਼ੋਰ ਪਾਉਂਦੇ ਰਹੇ ਕਿ ਗੁਆਂਢੀਆਂ ਨੂੰ ਸਰਵੇ ਦੇ ਸੁਆਲ ਨਾ ਭੇਜੇ ਜਾਣ ਕਿਉਂਕਿ ਪੰਜਾਬੀ ਮਾਰਕਿਟ ਦੇ ਵਿਉਪਾਰੀ ਤੇ ਮਾਲਕ ਇਸ ਦੇ ਹੱਕ ਵਿਚ ਹਨ। Mr. Kenjens ਸਾਡੀਆਂ ਦਲੀਲਾਂ ਨਾਲ ਸਹਿਮਤ ਹੋ ਗਿਆ ਕਿ, ਉਹ ਸਰਵੇ ਨਹੀਂ ਕਰਵਾਏਗਾ। ਪਰ ਪੰਜਾਬੀ ਮਾਰਕਿਟ ਦੇ ਆਂਢ ਗੁਆਂਢ ਨੂੰ ਪੱਤਰ ਰਾਹੀਂ ਸੂਚਿਤ ਕਰੇਗਾ ਕਿ ਇਸ ਇਲਾਕੇ ਨੂੰ ਪੰਜਾਬੀ ਮਾਰਕਿਟ ਦਾ ਨਾਮ ਦਿੱਤਾ ਜਾ ਰਿਹਾ ਹੈ। ਉਸ ਨੇ ਕਿਹਾ ਕਿ ਅਗਰ ਕੋਈ ਖਤ ਲਿਖ ਕੇ ਇਤਰਾਜ਼ ਕਰੇਗਾ ਤਾਂ ਉਸ ਦੀ ਰੀਪੋਰਟ ਕੌਂਸਲ ਨੂੰ ਕੀਤੀ ਜਾਏਗੀ।

ਗੱਲ ਪੁੱਠੀ ਪੈ ਗਈ

ਮਾਰਚ ਵਿਚ ਜਦ ਦੋਵੇਂ ਐਸੋਸੀਏਸ਼ਨਾਂ ਇਕ ਹੋਈਆਂ ਸਨ ਤਾਂ ਆਰਜ਼ੀ ਤੌਰ ਤੇ ਇਕ ਕਮੇਟੀ ਬਣਾਈ ਗਈ ਸੀ, ਜਿਸ ਦੇ ਪ੍ਰਧਾਨ ਕੇਵਲ ਸਿੰਘ ਪਾਬਲਾ ਸਨ। ਉਸਦੇ ਕਈ ਸਟੋਰ ਪੰਜਾਬੀ ਮਾਰਕਿਟ ਵਿਚ ਕਿਰਾਏ ਤੇ ਦਿੱਤੇ ਹੋਏ ਹਨ। 'ਸਨ' ਅਖਬਾਰ ਦੇ ਰੀਪੋਰਟਰ ਮਿਸਟਰ ਰਿਕ ਔਸਟਨ ਨੇ ਸਿਟੀ ਕੌਂਸਲ ਵਿਚ ਪੰਜਾਬੀ ਮਾਰਕਿਟ ਦੇ ਸਬੰਧ ਵਿਚ ਹੋਈਆਂ ਮੀਟਿੰਗਾਂ ਦੇ ਸਬੰਧ ਵਿਚ ਕੇਵਲ ਸਿੰਘ ਪਾਬਲਾ ਨਾਲ ਸੰਪਰਕ ਪੈਦਾ ਕੀਤਾ ਅਤੇ ਉਸਤੋਂ ਅਖਵਾ ਲਿਆ ਕਿ ਉਹ ਗੋਰੇ ਅਤੇ ਚੀਨੇ ਕਿਰਾਏਦਾਰਾਂ ਦੇ ਕਿਰਾਏ ਛੇਤੀ ਹੀ ਲਗਪਗ 300 ਫੀ ਸਦੀ ਵਧਾ ਦੇਵੇਗਾ। ਬੱਸ ਫੇਰ ਕੀ ਸੀ ... ਗੋਰੇ ਗੋਰਿਆਂ ਦੇ ਫੱਗੂ ਕੇਹਦਾ ? ਉਸਨੇ 10 ਸਤੰਬਰ ਨੂੰ 'ਸਨ' ਅਖਬਾਰ ਵਿਚ ਦਿੱਤੀ ਆਪਣੀ ਰੀਪੋਰਟ ਵਿਚ ਸਾਬਤ ਕਰਨ ਦੀ ਕੋਸ਼ਿਸ਼ ਕੀਤੀ ਕਿ ਪੰਜਾਬੀ ਮਾਰਕਿਟ ਐਸੋਸੀਏਸ਼ਨ ਜਿਸਦਾ ਪ੍ਰਧਾਨ ਮਿਸਟਰ ਪਾਬਲਾ ਹੈ, ਇਸ ਇਲਾਕੇ ਵਿਚੋਂ ਗੋਰਿਆਂ ਤੇ ਚੀਨਿਆਂ ਨੂੰ ਕੱਢ ਕੇ ਇਸ ਨੂੰ ਪੰਜਾਬੀ ਮਾਰਕਿਟ ਬਣਾਉਣਾ ਚਾਹੁੰਦਾ ਹੈ। ਭਾਵ ਅਸੀਂ ਗੋਰਿਆਂ ਨਾਲ ਵਿਤਕਰਾ ਕਰਦੇ ਹਾਂ। ਇਸ ਨੂੰ ਕਹਿੰਦੇ ਹਨ "ਉਲਟਾ ਚੋਰ ਕੋਤਵਾਲ ਨੂੰ ਡਾਂਟੇ।"

ਪੰਜਾਬੀ-ਇੰਡੀਆ ਐਸੋਸੀਏਸ਼ਨ ਵਲੋਂ ਵਿਸਾਖੀ ਮੁਬਾਰਕ

ਪੰਜਾਬੀ-ਇੰਡੀਆ ਮਾਰਕਿਟ ਐਸੋਸੀਏਸ਼ਨ ਵਲੋਂ ਸਮੂਹ ਸੰਗਤਾਂ ਨੂੰ ਵਿਸਾਖੀ ਮੁਬਾਰਕ ਹੋਵੇ ਅਤੇ ਐਸੋਸੀਏਸ਼ਨ ਸਭ ਨੂੰ ਅਪੀਲ ਕਰਦੀ ਹੈ ਕਿ 2 ਅਪ੍ਰੈਲ 1983 ਨੂੰ ਨਗਰ ਕੀਰਤਨ ਦੇ ਜਲੂਸ ਦੀਆਂ ਰੌਣਕਾਂ ਵਧਾਣ ਅਤੇ ਸੇਲਜ਼ ਦਾ ਲਾਭ ਉਠਾਣ ਲਈ ਪੰਜਾਬੀ ਮਾਰਕਿਟ ਵਿਚ ਜ਼ਰੂਰ ਪੁੱਜੋ।

ਸੁੱਚਾ ਸਿੰਘ ਕਲੇਰ

ਪੰਜਾਬੀ ਮਾਰਕਿਟ ਵਿਚ ਪ੍ਰੈਸ ਕਾਨਫਰੰਸ

10 ਸਤੰਬਰ ਨੂੰ ਮਿਸਟਰ ਰਿਕ ਔਸਟਨ ਦੀ ਜੋ ਰੀਪੋਰਟ ਛਪੀ ਸੀ, ਉਸ ਨੂੰ ਲੈ ਕੇ CJOR ਰੇਡੀਓ ਦੇ ਸੰਚਾਲਕ ਮਿਸਟਰ ਪੇਟ ਬਰਨ ਤੇ ਡੱਗ ਕਾਲਨ ਨੇ ਇਹ ਵਿਸ਼ਾ ਬਣਾ ਲਿਆ ਕਿ P.I.M.A. ਦੇ ਪ੍ਰਬੰਧਕ ਕਹੇ ਜਾਣ ਵਾਲੇ ਪੰਜਾਬੀ ਮਾਰਕਿਟ ਦੇ ਇਲਾਕੇ ਵਿਚੋਂ ਹੋਰ ਕੌਮਾਂ ਦੇ ਵਿਉਪਾਰੀਆਂ ਨੂੰ ਕੱਢਣ ਦੇ ਯਤਨਾਂ ਵਿਚ ਹਨ। ਇਸ ਗਲਤ ਪਰਚਾਰ ਨੇ ਆਮ ਲੋਕਾਂ ਨੂੰ ਅਸਲੀਅਤ ਤੋਂ ਜਾਣੂ ਨਾ ਹੋਣ ਦਿਤਾ। ਲੋਕਾਂ ਤਕ ਅਸਲ ਗੱਲ ਪਹੁੰਚਣ ਲਈ ਪੰਜਾਬੀ ਮਾਰਕਿਟ ਵਿਚ 15 ਸਤੰਬਰ ਨੂੰ ਪਰੈਸ ਕਾਨਫਰੰਸ ਸੱਦੀ ਗਈ। ਇਹ ਪਹਿਲੀ ਭਾਰਤੀਆਂ ਵਲੋਂ ਸੱਦੀ ਕਾਨਫਰੰਸ ਸੀ। ਜਿਸ ਵਿਚ CBC, CKUV, CBC French ਵਿਭਾਗ ਦੇ ਟੀ. ਵੀ. ਨੁਮਾਇੰਦਿਆਂ ਤੋਂ ਇਲਾਵਾ 'ਸਨ' ਅਖਬਾਰ ਦੇ ਰੀਪੋਰਟਰ ਰਿਕ ਔਸਟਨ ਦੇ ਨਾਲ ਨਾਲ ਤਕਰੀਬਨ ਸਭ ਭਾਰਤੀ ਅਖਬਾਰਾਂ ਵਾਲਿਆਂ ਨੇ ਭਾਗ ਲਿਆ। P.I.M.A. ਵਲੋਂ ਭਗਵੰਤ ਸਿੰਘ ਢਾਹਾਂ ਤੇ ਦਲਜੀਤ ਸਿੰਘ ਸਿੱਧੂ ਨੇ ਪੰਜਾਬੀ ਮਾਰਕਿਟ ਬਾਰੇ ਅਤੇ ਐਸੋਸੀਏਸ਼ਨ ਦੀਆਂ ਪਾਲਸੀਆਂ ਬਾਰੇ ਪਰੈਸ ਨੁਮਾਇੰਦਿਆਂ ਨੂੰ ਵਿਸਥਾਰ ਨਾਲ ਦੱਸਿਆ। ਕੇਵਲ ਸਿੰਘ ਪਾਬਲਾ ਦੇ ਬਿਆਨ ਦਾ ਇਨਾ ਅਸਰ ਹੋਇਆ ਕਿ ਸਿਟੀ ਕੌਂਸਲ ਦੇ ਜੋ ਮੈਂਬਰ ਪੰਜਾਬੀ ਮਾਰਕਿਟ ਨਾਲ ਸਹਿਮਤ ਸਨ, ਉਹ ਵੀ ਇੰਨੇ ਡਰ ਗਏ ਤੇ ਉਨ੍ਹਾਂ ਨੇ ਕਹਿਣਾ ਸ਼ੁਰੂ ਕਰ ਦਿਤਾ ਕਿ, ਆਉਣ ਵਾਲੀ ਮੀਟਿੰਗ ਵਿਚ ਪੰਜਾਬੀ ਮਾਰਕਿਟ ਦੀ ਮਾਨਤਾ ਦੇ ਹੱਕ ਵਿਚ ਵੋਟ ਨਾ ਪਾਉਣ। ਇਸ ਹਾਰ ਦੀ ਨਮੋਸ਼ੀ ਤੋਂ ਡਰਦੇ ਹੋਏ ਐਲਡਰ ਮੈਨ ਡੌਨ ਬਾਲਮੀ ਨੇ ਆਪਣੀ ਪੰਜਾਬੀ ਮਾਰਕਿਟ ਦੀ ਮਾਨਤਾ ਵਾਲੀ ਮੋਸ਼ਨ ਵਾਪਸ ਲੈ ਲਈ। ਬਹੁਸੰਮਤੀ ਕੌਂਸਲ ਮੈਂਬਰਾਂ ਨੇ ਇਹ ਕਹਿ ਦਿਤਾ ਕਿ ਇਸ ਇਲਾਕੇ ਵਿਚ ਬਹੁਸੰਮਤੀ ਪੰਜਾਬੀ ਵਿਉਪਾਰੀਆਂ ਦੀ ਹੈ। ਅਗਰ ਇਹ ਇਸ ਨੂੰ ਪੰਜਾਬੀ ਕਹਿੰਦੇ ਹਨ ਤਾਂ ਕਿਸੇ ਨੂੰ ਕੀ ਇਤਰਾਜ਼ ਹੈ ? ਸਰਕਾਰ ਤੌਰ ਤੇ ਇਸ ਨੂੰ ਮਾਨਤਾ ਜਾਂ ਨਾ ਮਾਨਤਾ ਦੀ ਜ਼ਰੂਰਤ ਹੀ ਨਹੀਂ।

ਚੋਣਾਂ

ਜਦ ਚੋਣਾਂ ਵਿਚ ਦੋਹਾਂ ਐਸੋਸੀਏਸ਼ਨਾਂ ਨੂੰ ਇਕ ਐਸੋਸੀਏਸ਼ਨ ਵਿਚ ਬਦਲ ਦਿਤਾ ਗਿਆ ਸੀ ਤਾਂ ਦੋਹਾਂ ਐਗਜ਼ੈਕਟਿਵ ਕਮੇਟੀਆਂ ਦੀ ਇਕ ਆਰਜ਼ੀ ਕਮੇਟੀ ਬਣਾ ਦਿਤੀ ਸੀ। ਮੈਂਬਰ ਵਧ ਗਏ ਮੀਟਿੰਗਾਂ ਘਟ ਗਈਆਂ। ਪ੍ਰਬੰਧਕ ਢਾਂਚਾ ਖਰਾਬ ਹੁੰਦਾ ਗਿਆ। ਅੱਜ ਦਾ ਕੰਮ ਕੱਲ ਤੇ ਪੈਂਦਾ ਗਿਆ। ਮੈਂਬਰਾਂ ਵਿਚ ਉਤਸੁਕਤਾ ਵਧਦੀ ਗਈ। 'ਨਵੀਂ ਚੋਣ ਕਰਾਓ' ਦੀ ਆਵਾਜ਼ ਬੁਲੰਦ ਹੁੰਦੀ ਗਈ। ਅਖੀਰ 20 ਅਕਤੂਬਰ ਨੂੰ ਚੋਣ ਕਰਾਉਣ ਦਾ ਦਿਨ ਮਿਥਿਆ ਗਿਆ। ਇਕ ਜਨਰਲ ਮੀਟਿੰਗ ਵਿਚ ਫੈਸਲਾ ਹੋਇਆ ਸੀ ਕਿ ਅਗਰ ਚੋਣ ਸਰਬ ਸੰਮਤੀ ਨਾਲ ਹੋ ਜਾਏ ਤਾਂ ਚੰਗਾ ਹੈ। ਨਹੀਂ ਤਾਂ ਫੇਰ ਵੀ ਇਕ ਦੂਜੇ ਦੇ ਵਿਰੁਧ ਉਮੀਦਵਾਰ ਖੜੇ ਨਾ ਕੀਤੇ ਜਾਣ। ਫੈਸਲਾ ਹੋਇਆ ਕਿ ਹਰ ਇਕ ਮੈਂਬਰ ਨੂੰ ਬੈਲਟ ਪੇਪਰ ਦੇ ਦਿਤਾ ਜਾਏ। ਉਹ ਆਪਣੀ ਪਸੰਦ ਦੇ ਉਮੀਦਵਾਰ ਦਾ ਨਾਮ ਤੇ ਅਹੁਦਾ ਲਿਖ ਦੇਵੇ। ਜਿਸ ਮੈਂਬਰ ਨੂੰ ਕਿਸੇ ਅਹੁਦੇ ਲਈ ਜ਼ਿਆਦਾ ਵੋਟਾਂ ਮਿਲੀਆਂ ਹੋਣਗੀਆਂ, ਉਹ ਅਹੁਦਾ ਉਸ ਨੂੰ ਕਰਾਰ ਦਿਤਾ ਜਾਏਗਾ। ਇਸਦਾ ਭਾਵ ਇਹ ਸੀ ਕਿ ਕੋਈ ਵੀ ਉਮੀਦਵਾਰ ਇਕ ਦੂਜੇ ਦਾ ਵਿਰੋਧੀ ਨਹੀਂ ਬਣੇਗਾ।

(ਬਾਕੀ ਪੰਨਾ ੧ ਤੇ)

ਸੰਤ ਭਿੰਡਰਾਂ ਵਾਲੇ ਵਲੋਂ ਤਿੰਨ ਆਗੂਆਂ ਨੂੰ ਕੱਢਣ ਦੀ ਮੰਗ

ਲੁਧਿਆਣਾ—ਭਰੋਸੇ ਯੋਗ ਵਸੀਲਿਆਂ ਤੋਂ ਪਤਾ ਲਗਾ ਹੈ ਕਿ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਨੇ ਇਸ ਗੱਲ ਲਈ ਦਬਾ ਵਧਾ ਦਿਤਾ ਹੈ ਕਿ ਜਥੇਦਾਰ ਉਮਰਾਨੰਗਲ, ਰਵੀਇੰਦਰ ਸਿੰਘ ਤੇ ਬੀਬੀ ਰਾਜਿੰਦਰ ਕੌਰ ਨੂੰ ਅਕਾਲੀ ਦਲ ਵਿਚੋਂ ਕੱਢ ਦਿਤਾ ਜਾਏ। ਉਹਨਾਂ ਦਾ ਕਹਿਣਾ ਹੈ ਕਿ ਇਹਨਾਂ ਆਗੂਆਂ ਨੇ ਦਲ ਦਾ ਡਸਿਪਲਨ ਭੰਗ ਕੀਤਾ ਹੈ।

ਦਸਿਆ ਜਾਂਦਾ ਹੈ ਕਿ ਸੰਤ ਹਰਚੰਦ ਸਿੰਘ ਲੌਂਗੋਵਾਲ ਨੇ ਸੰਤ ਭਿੰਡਰਾਂਵਾਲੇ ਨੂੰ ਕਈ ਵਾਰ ਮਿਲਕੇ ਉਹਨਾਂ ਨੂੰ ਰਵਈਆਂ ਨਰਮ ਕਰਨ ਦੀ ਬੇਨਤੀ ਕੀਤੀ ਪਰ ਮੰਨੇ ਨਹੀਂ ਅਤੇ ਇਸ ਗਲ ਉਤੇ ਅੜੇ ਹੋਏ ਹਨ ਕਿ "ਜੇ ਇਹਨਾਂ ਲੀਡਰਾਂ ਨੇ ਮੈਨੂੰ ਭੰਡਣ ਦਾ ਧੰਦਾ ਹੀ ਬਣਾ ਲਿਆ ਹੈ ਤਾਂ ਇਹਨਾਂ ਨਾਲ ਲਿਹਾਜ਼ ਕਾਹਦਾ।"

ਸੰਤ ਭਿੰਡਰਾਂਵਾਲਾ ਇਸ ਤਜਵੀਜ਼ ਨੂੰ ਆਪਣੇ ਖਿਲਾਫ ਸਾਜ਼ਿਸ਼ ਸਮਝਦੇ ਹਨ ਕਿ ਉਹ ਦਿੱਲੀ ਜਾ ਕੇ ਗ੍ਰਿਫਤਾਰੀ ਦੇਣ।

ਸੌਵੀਂ ਬਰਸੀ ਉਤੇ ਵਿਸ਼ੇਸ਼-ਸਮਾਗਮ

ਸੰਸਾਰ ਭਰ ਵਿਚ ਮਹਾਨ ਮਾਰਕਸ ਨੂੰ ਸ਼ਰਧਾਂਜਲੀਆਂ

ਭਾਰਤ ਸਰਕਾਰ ਵਿਸ਼ੇਸ਼ ਡਾਕ ਟਿਕਟ ਜਾਰੀ ਕਰੇਗੀ

ਵਿਗਿਆਨਕ ਸਮਾਜਵਾਦੀ ਸਿਧਾਂਤ ਦੇ ਬਾਨੀ ਮਹਾਨ ਫ਼ਿਲਾਸਫਰ ਕਾਰਲ ਮਾਰਕਸ ਦੀ ਸੌਵੀਂ ਬਰਸੀ ਉਤੇ ਸੰਸਾਰ ਭਰ ਵਿਚ ਕਮਿਊਨਿਸਟ ਫਲਾਸਫੀ ਨੂੰ ਪ੍ਰਣਾਏ ਲੋਕਾਂ ਵਲੋਂ ਵੱਡੀ ਪੱਧਰ ਉਤੇ ਸ਼ਰਧਾਂਜਲੀ ਸਮਾਗਮ ਕੀਤੇ ਗਏ। ਕਾਰਲ ਮਾਰਕਸ ਦਾ ਦੇਹਾਂਤ 14 ਮਾਰਚ 1883 ਨੂੰ ਹੋਇਆ ਸੀ

ਸਭ ਵੱਡੇ ਸ਼ਹਿਰਾਂ, ਕਸਬਿਆਂ ਅਤੇ ਸਨਅਤੀ ਖੇਤਰਾਂ ਵਿਚ ਕਾਰਲ ਮਾਰਕਸ ਦੀ ਯਾਦ ਵਿਚ ਮੀਟਿੰਗਾਂ, ਜਲਸੇ, ਸੈਮੀਨਾਰ ਅਤੇ ਗੋਸ਼ਟੀਆਂ ਕੀਤੀਆਂ ਗਈਆਂ।

ਲੋਕ ਸਭਾ ਨੇ ਵੀ ਮਹਾਨ ਮਾਰਕਸ ਨੂੰ ਸ਼ਰਧਾਂਜਲੀ ਭੇਂਟ ਕੀਤੀ। ਸਪੀਕਰ ਸ੍ਰੀ ਬਲਰਾਮ ਜਾਖੜ ਨੂੰ ਮਾਰਕਸ ਨੂੰ ਮਹਾਨ ਫਿਲਾਸਫਰ ਕਿਹਾ।

ਭਾਰਤੀ ਕਮਿਊਨਿਸਟ ਪਾਰਟੀ ਦੇ ਗਰੁਪ ਆਗੂ ਸਾਥੀ ਇੰਦਰਜੀਤ ਗੁਪਤਾ ਨੇ ਸਭਾ ਨੂੰ ਦਸਿਆ ਕਿ ਸਰਕਾਰ ਨੇ ਉਹਨਾਂ ਦਾ ਸੁਝਾਅ ਮੰਗ ਲਿਆ ਹੈ ਤੇ ਮਹਾਨ ਮਾਰਕਸ ਦੀ ਤਸਵੀਰ ਵਾਲੀ ਡਾਕ ਟਿਕਟ ਜਾਰੀ ਕੀਤੀ ਜਾ ਰਹੀ ਹੈ। ਉਹਨਾਂ ਆਸ ਜ਼ਾਹਿਰ ਕੀਤੀ ਕਿ ਸਰਕਾਰ ਪੰਜ ਨਵੰਬਰ ਤਕ (ਮਾਰਕਸ ਦਾ ਜਨਮ ਦਿਨ) ਇਸ ਨੂੰ ਜ਼ਰੂਰ ਜਾਰੀ ਕਰ ਦੇਵੇਗੀ।

ਪੌਣੇ ਘੰਟੇ ਦੇ ਹੰਗਾਮੇ ਪਿਛੋਂ ਮਨੀ ਰਾਮ ਬਾਗੜੀ ਮੁਅਤਲ

ਨਵੀਂ ਦਿੱਲੀ—42 ਮਿੰਟ ਦੇ ਜਬਰਦਸਤ ਹੰਗਾਮੇ ਪਿਛੋਂ ਆਵਾਜ਼ ਦੀ ਵੋਟ ਨਾਲ ਮਨੀ ਰਾਮ ਬਾਗੜੀ ਨੂੰ ਲੋਕ ਸਭਾ ਚੋਂ ਇਕ ਹਫਤੇ ਲਈ ਮੁਅਤਲ ਕਰ ਦਿਤਾ ਗਿਆ।

ਹਫਤੇ ਦੀ ਛੁੱਟੀ ਪਿਛੋਂ ਜਿਉਂ ਹੀ ਸਦਨ ਜੁੜਿਆ ਸ੍ਰੀ ਬਾਗੜੀ ਨੇ 388 ਨਿਯਮ ਅਧੀਨ ਹਰਿਆਣਾ ਨੂੰ ਰਾਵੀ-ਬਿਆਸ ਪਾਣੀਆਂ ਦੀ ਸਪਲਾਈ ਨਾਲ ਸਬੰਧਤ ਕੁਝ ਮਾਮਲੇ ਉਠਾਉਣ ਲਈ ਖੜੇ ਹੋਣ ਤੇ ਲਗਾਤਾਰ ਕਰੀਬ 20 ਮਿੰਟ ਸਪੀਕਰ ਵਲ ਸਬੰਧਤ ਹੋ ਕੇ ਤਕਰੀਰ ਕਰਦੇ ਰਹੇ। ਖਿਚਾਅ ਭਰੇ ਮਾਹੌਲ ਵਿਚ ਪਾਰਲੀਮਾਨੀ ਮਾਮਲਿਆਂ ਦੇ ਮੰਤਰੀ

ਨੇ ਵਿਚੇ ਟੋਕਦਿਆਂ ਕਿਹਾ ਕਿ ਸਰਕਾਰ ਇਸ ਮਾਮਲੇ ਉਤੇ ਬਹਿਸ ਕਰਾਉਣ ਲਈ ਰਾਜ਼ੀ ਹੈ ਪਰ ਢੁਕਵੇਂ ਸਮੇਂ 'ਤੇ ਹੀ। ਸਪੀਕਰ ਨੇ ਵੀ ਯੋਗ ਨੋਟਿਸ 'ਤੇ ਵਿਚਾਰ ਕਰਨ ਦੀ ਇਛਾ ਪਰਗਟਾਈ ਪਰ ਸ੍ਰੀ ਬਾਗੜੀ ਬੋਲਣੋਂ ਨਹੀਂ ਹਟੇ। ਕਈ ਵਿਰੋਧੀ ਮੈਂਬਰਾਂ ਨੇ ਵੀ ਉਹਨਾਂ ਨੂੰ ਸ਼ਾਂਤ ਕਰਨ ਦੀ ਅਸਫਲ ਕੋਸ਼ਿਸ ਕੀਤੀ।

ਪੱਤਰਕਾਰਾਂ ਵਲੋਂ ਅਸੰਬਲੀ ਸਮੁਖ ਵਿਖਾਵਾ

ਜਲੰਧਰ—ਪੰਜਾਬ ਸਰਕਾਰ ਵਲੋਂ ਪੰਜਾਬ ਦੇ ਲਗਪਗ ਇਕ ਸੌ ਪੱਤਰਕਾਰਾਂ ਅਤੇ ਨਾਮਾਨਿਗਾਰਾਂ ਨੂੰ ਮਿਲੀ ਮੁਫਤ ਬੱਸ ਸਫਰ ਦੀ ਸਹੂਲਤ ਵਾਪਿਸ ਲੈਣ ਅਤੇ ਉਨ੍ਹਾਂ ਦੀ ਐਕਰੀਡੀਟੇਸ਼ਨ ਰੱਦ ਕਰਨ ਵਿਰੁਧ ਅਤੇ ਪਾਲੇਕਰ ਅਵਾਰਡ ਲਾਗੂ ਕਰਵਾਉਣ ਵਿਚ ਪੰਜਾਬ ਸਰਕਾਰ ਦੀ ਅਸਫਲਤਾ ਵਿਰੁਧ ਰੋਸ ਪਰਗਟ ਕਰਨ ਲਈ ਪੰਜਾਬ ਭਰ ਦੇ ਪੱਤਰਕਾਰ 16 ਮਾਰਚ ਬੁੱਧਵਾਰ ਨੂੰ ਚੰਡੀਗੜ੍ਹ ਵਿਚ ਵਿਧਾਨ ਸਭਾ ਅੱਗੇ ਧਰਨਾ ਦਿਤਾ ਅਤੇ ਮੁਜ਼ਾਹਰਾ ਕੀਤਾ।

ਮੰਤਰੀ ਦੇ ਪੁੱਤਰ ਵਿਰੁਧ ਦੋਸ਼ਾਂ ਦੀ ਜਾਂਚ ਹੋਵੇ

ਬਠਿੰਡਾ—ਜਸਵਿੰਦਰ ਸਿੰਘ ਬਰਾੜ ਸਾਬਕ ਸਹਿਤਕਾਰਤਾ ਮੰਤਰੀ ਪੰਜਾਬ ਨੇ ਕਿਹਾ ਕਿ ਜੈਤੋ ਵਿਚ ਇਕ ਵਜੀਰ ਦੇ ਪੁਤਰ ਤੇ ਉਸਦੇ ਸਾਥੀ ਤੋਂ ਹਜ਼ਾਰਾਂ ਬੋਰੀਆਂ ਕਣਕ ਦੀਆਂ ਫੜੀਆਂ ਗਈਆਂ ਤੇ ਫਰੀਦਕੋਟ ਦੀ ਪੁਲਸ ਅਤੇ ਪੰਜਾਬ ਦੇ ਸਿਵਲ ਸਪਲਾਈ ਉਚ ਅਧਿਕਾਰੀਆਂ ਦਾ ਚੁਪ ਰਹਿਣਾ ਇਸ ਤੋਂ ਵੱਡੀ ਕੁਰਪਸ਼ਨ ਦੀ ਮਿਸਾਲ ਕੋਈ ਨਹੀਂ ਹੈ। ਉਹਨਾਂ ਇਸ ਮਾਮਲੇ ਦੀ ਨਿਰਪੱਖ ਜਾਂਚ ਕਰਾਉਣ ਦੀ ਮੰਗ ਕੀਤੀ ਹੈ।

ਪੱਕੇ ਆਰਜ਼ੀ ਦਿਲ ਵਾਲੇ ਬਾਰਨੀ ਦੀ ਮੌਤ

ਸਾਲਟ ਲੇਕ ਸਿਟੀ —ਦੁਨੀਆਂ ਦਾ ਪਹਿਲਾ ਮਨੁੱਖ ਬਾਰਨੀ ਕਲਾਰਕ ਜਿਸ ਨੂੰ ਪੱਕਾ ਆਰਜ਼ੀ ਦਿਲ ਦੇ ਕੇ ਜਿਉਂਦਾ ਰੱਖਿਆ ਗਿਆ ਸੀ ਬੁੱਧਵਾਰ 23 ਮਾਰਚ ਨੂੰ 112 ਦਿਨ ਜਿਉਂਕੇ ਸਵਰਗਰਵਾਸ ਹੋ ਗਿਆ।

ਬਾਰਨੀ 16 ਹਫਤੇ ਆਰਜ਼ੀ ਦਿਲ ਨਾਲ ਜਿਉਂਦਾ ਰਿਹਾ। ਇਹ ਸਰਜਰੀ 1 ਦਸੰਬਰ 1982 ਨੂੰ ਕੀਤੀ ਗਈ ਸੀ।

ਆਸਾਮ ਵਿਚ ਕਈ ਥਾਂ ਕਰਫ਼ਿਊ ਲਾਗੂ

ਨਵੀਂ ਦਿੱਲੀ—ਆਸਾਮ ਵਿਚ ਵੱਖ ਵੱਖ ਹਿਸਿਆਂ ਵਿਚ ਹਿੰਸਾਤਮਕ ਘਟਨਾਵਾਂ ਅਜੇ ਵੀ ਜਾਰੀ ਹਨ।

ਇਕ ਪਰਵਾਰ ਦੇ ਚਾਰ ਜੀਅ ਨੌਗੋਂਗ ਜ਼ਿਲੇ ਦੇ ਇਕ ਪਿੰਡ ਸੋਗੂਬਾਹੀ ਵਿਚ ਕਤਲ ਕਰ ਦਿਤੇ ਗਏ। ਚੋਣਾਂ ਤੋਂ ਪਿਛੋਂ ਇਹ ਕਤਲੇਆਮ ਅਜੇ ਵੀ ਚਾਲੂ ਹੈ।

ਗੋਹਪੁਰ ਦੇ ਇਲਾਕੇ ਵਿਚ ਤਿੰਨ ਕਤਲ ਹੋਣ ਦੀ ਹੋਰ ਖਬਰ ਮਿਲੀ ਹੈ। ਏਸੇ ਇਲਾਕੇ ਵਿਚ ਆਦਿਵਾਸੀਆਂ ਵਲੋਂ 200 ਵਿਅਕਤੀ ਪਿਛਲੇ ਮਹੀਨੇ ਕਤਲ ਹੋਏ ਸਨ।

ਡਿਬਰੂਗੜ੍ਹ ਜ਼ਿਲੇ ਵਿਚ ਵੀ ਇਕ ਬੁੱਢੇ ਵਿਅਕਤੀ ਨੂੰ ਕਤਲ ਕਰ ਦਿਤਾ ਗਿਆ ਅਤੇ ਉਸਦੇ ਘਰ ਅੱਗ ਲਗਾ ਦਿਤੀ ਗਈ।

ਆਸਾਮ ਦੇ ਕਈ ਇਲਾਕਿਆਂ ਵਿਚ ਕਰਫ਼ੀਊ ਅਜੇ ਵੀ ਲਾਗੂ ਹੈ।

ਕਿਉਂਕਿ ਭਰਪੂਰ ਸਿੰਘ ਸਿਖ ਹੈ ਇਸ ਕਰਕੇ ......

ਅੰਮ੍ਰਿਤਸਰ—ਇਥੇ ਇਕ ਬਿਆਨ ਵਿਚ ਸ੍ਰ: ਜਸਵਿੰਦਰ ਸਿੰਘ ਬਰਾੜ ਸਾਬਕ ਸਹਿਕਾਰਤਾ ਮੰਤਰੀ ਨੇ ਆਖਿਆ ਕਿ ਸਿਖਿਆ ਬੋਰਡ ਦੇ ਚੇਅਰਮੈਨ ਸ੍ਰ: ਭਰਪੂਰ ਸਿੰਘ ਕਿਉਂਕਿ ਸਿੱਖ ਸਟੂਡੈਂਟ ਫੈਡਰੇਸ਼ਨ ਦੇ ਉਘੇ ਆਗੂ ਰਹੇ ਹਨ, ਇਸ ਕਰਕੇ ਕਾਂਗਰਸੀਆਂ ਨੂੰ ਨਹੀਂ ਭਾਉਂਦੇ ਉਹਨਾਂ ਕਿਹਾ ਜੇ ਸਕੂਲ ਸਿਖਿਆ ਬੋਰਡ ਵਿਚ ਕੋਈ ਘਪਲਾ ਹੈ ਤਾਂ ਜ਼ਰੂਰ ਜਾਂਚ ਕਰਨੀ ਚਾਹੀਦੀ ਹੈ, ਪਰ ਇਕ ਗੁਰਸਿਖ ਹੋਣ ਦੇ ਨਾਤੇ ਸ੍ਰ: ਭਰਪੂਰ ਸਿੰਘ ਖਿਲਾਫ ਸਾਜ਼ਸ਼ਾਂ ਕਰਕੇ ਪੰਜਾਬ ਦੇ ਸ਼ਾਂਤੀ ਪੂਰਬਕ ਵਾਤਾਵਰਣ ਨੂੰ ਖਰਾਬ ਕਰਨ ਵਾਲੀ ਗੱਲ ਹੈ ਤੇ ਸਿੱਖਾਂ ਨਾਲ ਸਿੱਧਾ ਵਿਤਕਰਾ ਹੈ।

10 ਲੱਖ ਰਾਜਸੀ ਕਤਲ

ਲੰਡਨ—ਐਮਨੈਸਟੀ ਇੰਟਰਨੈਸ਼ਨਲ ਨੇ ਕਿਹਾ ਹੈ ਕਿ ਲਾਤੀਨੀ ਅਮਰੀਕਾ, ਅਫਰੀਕਾ ਤੇ ਏਸ਼ੀਆ ਵਿਚ ਪਿਛਲੇ 20 ਸਾਲਾਂ ਵਿਚ ਦਸ ਲੱਖ ਤੋਂ ਉਪਰ ਰਾਜਸੀ ਕਤਲ ਕੀਤੇ ਗਏ।

ਆਪਣੀ 131 ਸਫ਼ੇ ਦੀ ਰੀਪੋਰਟ ਵਿਚ ਮਨੁਖੀ ਅਧਿਕਾਰਾਂ ਦੀ ਸੰਸਥਾ ਨੇ ਦੋਸ਼ ਲਾਇਆ ਹੈ ਕਿ ਅਫਗਾਨਸਤਾਨ ਤੋਂ ਐਲ ਸੈਲਵਾਡੋਰ ਵਰਗੇ ਦੇਸ਼ਾਂ ਵਿਚ ਗੈਰ ਕਾਨੂੰਨੀ ਰਾਜਸੀ ਕਤਲ ਹੋਏ।

ਰੀਪੋਰਟ ਅਨੁਸਾਰ 5 ਲੱਖ ਵਿਅਕਤੀ ਕੇਵਲ ਇੰਡੋਨੇਸ਼ੀਆ ਵਿਚ ਕਤਲ ਕੀਤੇ ਗਏ ਅਤੇ ਤਿੰਨ ਲੱਖ ਕੰਬੋਡੀਆ ਵਿਚ।

ਗੁਆਟਮਾਲਾ ਵਿਚ 1966 ਵਿਚ ਹਜ਼ਾਰਾਂ ਕਤਲ, ਫੌਜ ਪੁਲਸ ਆਦਿ ਵਲੋਂ ਕੀਤੇ ਗਏ।

ਅਰਜਨਟਾਈਨਾ ਵਿਚ 6,000 ਤੋਂ ਉਤੇ 'ਗਾਇਬ' ਕੀਤੇ ਗਏ। ਇਨ:ਾਂ ਦੇਸ਼ਾਂ ਵਿਚ ਈਰਾਨ, ਕੋਲੰਬੀਆ, ਚਾਡ, ਸੀਰੀਆ, ਦੱਖਣੀ ਕੋਰੀਆ, ਇਰਾਕ, ਬੋਲੇਵੀਆ, ਗਿਨੀ, ਅਫਗਾਨਿਸਤਾਨ, ਮੈਕਸੀਕੋ, ਈਥੋਪੀਆ, ਯੂਗੋਸਲਾਵੀਆ ਅਤੇ ਦੱਖਣੀ ਅਫਰੀਕਾ ਆਦਿ ਸ਼ਾਮਲ ਹਨ।

ਕੌਮੀ ਹਾਕੀ 'ਚ ਪੰਜਾਬ ਦੀ ਸਰਦਾਰੀ ਬਰਕਰਾਰ

ਮੇਰਠ—61ਵੇਂ ਮਿੰਟ ਵਿਚ ਪੈਨਾਲਟੀ ਕਾਰਨਰ ਦੇ ਰੀਬਾਊਂਡ ਨੂੰ ਗੋਲ ਵਿਚ ਬਦਲਕੇ ਰਾਈਟ ਹਾਫ ਗੁਰਮੇਲ ਸਿੰਘ ਨੇ ਕੌਮੀ ਹਾਕੀ ਵਿਚ ਪੰਜਾਬ ਦੀ ਸਰਦਾਰੀ ਬਰਕਰਾਰ ਰਖੀ।

47ਵੀਂ ਕੌਮੀ ਹਾਕੀ ਚੈਂਪੀਅਨਸ਼ਿਪ ਦੇ ਫਾਈਨਲ ਵਿਚ ਇਸ ਫੈਸਲਾਕੁਨ ਗੋਲ ਤਕ ਬੰਬਈ ਦੀ ਰਖਿਆ ਪੰਕਤੀ ਨੇ ਪੰਜਾਬ ਦੇ ਫਾਰਵਰਡਾਂ ਨੂੰ ਬੰਨ੍ਹ ਕੇ ਰਖਿਆ ਹੋਇਆ ਸੀ। ਪੰਜਾਬ 16ਵੀਂ ਵਾਰ ਕੌਮੀ ਚੈਂਪੀਅਨ ਬਣਿਆ ਹੈ ਅਤੇ ਦੂਜੀ ਵਾਰ ਹੈ ਕਿ ਉਹ ਲਗਾਤਾਰ ਤੀਜੇ ਸਾਲ ਵੀ ਚੈਂਪੀਅਨ ਰਿਹਾ। 4 ਦਹਾਕਿਆਂ ਵਿਚ ਇਹ ਤੀਜੀ ਵਾਰ ਹੈ ਕਿ ਬੰਬਈ ਦਾ ਸੁਫਨਾ ਪੂਰਾ ਨਹੀਂ ਹੋਇਆ ਤੇ ਇਹ ਚੌਥੀ ਵਾਰ ਹੈ ਕਿ ਬੰਬਈ ਫਾਈਨਲ ਵਿਚ ਪੰਜਾਬ ਤੋਂ ਹਾਰਿਆ। ਇਸ ਤੋਂ ਪਹਿਲਾਂ ਉਹ 1971 ਵਿਚ ਬੰਗਲੌਰ ਵਿਚ ਹਾਰਿਆ ਸੀ।

ਜਿਥੇ ਪੰਜਾਬ ਦੇ ਫਾਰਵਰਡਾਂ ਨੇ ਬਹੁਤ ਹਮਲੇ ਕੀਤੇ ਉਥੇ ਬੰਬਈ ਦੇ ਫਾਰਵਰਡਾਂ ਪੰਜਾਬ ਦੇ ਗੋਲਾਂ ਵਲ ਬਹੁਤ ਘਟ ਆਏ। ਗੁਰਮੇਲ ਨੇ ਸੱਤਵੇਂ ਪੈਨਾਲਟੀ ਕਾਰਨਰ ਤੇ ਰੀਬਾਊਂਡ ਤੇ ਗੋਲ ਕੀਤਾ। ਬੰਬਈ ਨੂੰ ਕੇਵਲ ਇਕ ਪੈਨਾਲਟੀ ਕਾਰਨਰ ਮਿਲਿਆ। ਯੂ. ਪੀ. ਦੇ ਮੁਖ ਮੰਤਰੀ ਸ੍ਰੀ ਮਿਸ਼ਰਾ ਨੇ ਕਪਤਾਨ ਚਰਨਜੀਤ ਕੁਮਾਰ ਦੀ ਟੀਮ ਨੂੰ ਰੰਗਾ ਸਵਾਮੀ ਕੱਪ ਭੇਂਟ ਕੀਤਾ।

ਪੁਰਾਣੇ ਸਮੇਂ 'ਚ ਰਸਾਇਣ ਵਿਗਿਆਨ 'ਚ ਭਾਰਤ ਦੁਨੀਆਂ 'ਚ ਮਸ਼ਹੂਰ ਸੀ— ਸ੍ਰੀ ਪਾਲ

ਅੰਮ੍ਰਿਤਸਰ—ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਕੈਮਿਸਟਰੀ ਵਿਭਾਗ ਵਿਚ ਚਾਰ ਦਿਨਾਂ ਸੈਮੀਨਾਰ "ਟਰੈਂਡਜ਼ ਇਨ ਸਟਰਕਚਰ ਡਟਰਮੀਨੇਸ਼ਨ" ਦਾ ਉਦਘਾਟਨ ਕਰਦਿਆਂ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਦੇ ਵਾਈਸ ਚਾਂਸਲਰ, ਡਾ: ਆਰ. ਸੀ. ਪਾਲ ਨੇ ਕਿਹਾ ਕਿ ਪੁਰਾਤਨ ਸਮਿਆਂ ਵਿਚ ਰਸਾਇਣਕ ਵਿਗਿਆਨ ਵਿਚ ਭਾਰਤ ਦਾ ਨਾਮ ਦੁਨੀਆਂ ਭਰ ਵਿਚ ਮਸ਼ਹੂਰ ਸੀ। ਇਕ ਬੋਧੀ ਭਿਖਸ਼ੂ ਨਾਗਅਰਜਨ, ਆਪਣੇ ਸਮੇਂ ਦਾ ਮੰਨਿਆ ਹੋਇਆ ਰਸਾਇਣਕ ਵਿਗਿਆਨੀ ਸੀ। ਉਸ ਨੇ ਪਾਰਾ ਸ਼ੁੱਧ ਕਰਨ ਦਾ ਤਰੀਕਾ ਲਭਿਆ ਸੀ। ਗਣਿਤ ਅਤੇ ਬੀਜ-ਗਣਿਤ ਵਿਗਿਆਨ ਵਿਚ ਵੀ ਭਾਰਤ ਕਿਸੇ ਨਾਲੋਂ ਪਿਛੇ ਨਹੀਂ ਸੀ। 'ਅਸਾਰੀਆ' ਤੇ 'ਸਿਫਰ' ਭਾਰਤ ਦੀ ਹੀ ਕਾਢ ਹਨ। ਅਰਬਾਂ ਨੂੰ ਇਸ ਨੂੰ ਪੂਰੀ ਮਾਨਤਾ ਦਿਤੀ ਹੈ। ਇਸੇ ਕਰਕੇ ਹੀ ਉਹ ਇਸ ਨੂੰ "ਹਿੰਦਸਾ" ਕਹਿੰਦੇ ਹਨ। ਵਾਈਸ ਚਾਂਸਲਰ, ਡਾ: ਜੇ. ਐਸ. ਗਰੇਵਾਲ ਨੇ ਸੈਮੀਨਾਰ ਦੇ ਪਹਿਲੇ ਸੈਸ਼ਨ ਦੀ ਪ੍ਰਧਾਨਗੀ ਕੀਤੀ, ਇਸਤੋਂ ਪਹਿਲਾਂ ਵਿਭਾਗ ਦੇ ਮੁਖੀ, ਡਾਕਟਰ ਪੀ. ਐਸ. ਬਾਸੀ ਨੇ ਆਏ ਡੈਲੀਗੇਟਾਂ ਨੂੰ ਜੀ ਆਇਆਂ ਆਖਿਆ ਤੇ ਵਿਭਾਗ ਦੀਆਂ ਪ੍ਰਾਪਤੀਆਂ ਤੇ ਚਾਨਣਾ ਪਾਇਆ।

ਜ਼ਿਆ ਦੀ ਤਾਨਾਸ਼ਾਹੀ ਤੇ ਔਰਤਾਂ

ਪਾਕਿਸਤਾਨ ਦੇ ਫੌਜੀ ਤਾਨਾਸ਼ਾਹਾਂ ਨੇ ਸਾਰੇ ਪਾਕਿਸਤਾਨ ਨੂੰ ਜੇਲ ਬਣਾਕੇ ਰੱਖ ਦਿਤਾ ਹੈ। ਤਰ੍ਹਾਂ ਤਰ੍ਹਾਂ ਦੇ ਬਹਾਨੇ ਘੜਕੇ ਸ਼ਹਿਰੀਆਂ ਤੇ ਫੌਜੀ ਅਦਾਲਤ ਵਲੋਂ ਕੋੜੇ ਮਾਰਨ ਦੀ ਮਧਕਾਲ ਦੀ ਵਹਿਸ਼ੀ ਸਜ਼ਾ ਦਿਤੀ ਜਾਂਦੀ ਹੈ। ਪਰ ਪਾਕਿਸਤਾਨੀ ਔਰਤਾਂ ਤੇ ਜਿਹੜਾ ਜਬਰ ਢਾਇਆ ਜਾ ਰਿਹਾ ਹੈ ਤੇ ਜਿਸ ਤਰਾਂ ਉਹਨਾਂ ਨੂੰ ਸਾਰੇ ਸਮਾਜੀ ਖੇਤਰਾਂ ਵਿਚੋਂ ਕੱਢਕੇ ਉਹਨਾਂ ਨੂੰ ਘਰ ਦੀ ਚਾਰ ਦੀਵਾਰੀ ਵਿਚ ਬੰਦ ਕਰਨ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ। ਉਸ ਦੀ ਤਾਂ ਮਿਸਾਲ ਹੀ ਨਹੀਂ ਮਿਲਦੀ। ਔਰਤਾਂ ਤੇ ਜਬਰ ਦੀ ਤਾਜਾ ਮਿਸਾਲ ਉਦੋਂ ਵੇਖਣ ਵਿਚ ਆਈ ਜਦ ਲਾਹੌਰ ਵਿਚ ਸ਼ਹਿਰੀ ਹੱਕਾਂ ਦੀ ਰਾਖੀ ਲਈ ਔਰਤਾਂ ਵਲੋਂ ਕੱਢੇ ਗਏ ਜਲੂਸ ਤੇ ਪੁਲਸ ਨੇ ਅੰਨੇਵਾਹ ਲਾਠੀਚਾਰਜ ਕੀਤਾ। ਹੁਣੇ ਹੁਣੇ ਪ੍ਰਾਪਤ ਖਬਰਾਂ ਅਨੁਸਾਰ ਪਾਕਿਸਤਾਨੀ ਔਰਤਾਂ ਦੀ ਪ੍ਰਸਿਧ ਆਗੂ ਸ੍ਰੀਮਤੀ ਹਾਜਰਾ ਬੇਗਮ ਨੂੰ ਵੀ ਗ੍ਰਿਫਤਾਰ ਕਰ ਲਿਆ ਗਿਆ ਹੈ।

"ਘਰਾਂ ਤੋਂ ਬਾਹਰ ਨਿਕਲਣਾ ਬੰਦ ਕਰ ਦਿਓ।" ਇਸ ਤਰ੍ਹਾਂ ਦੀਆਂ ਧਮਕੀਆਂ ਭਰੀਆਂ ਚਿੱਠੀਆਂ ਪਿਛਲੇ ਦਿਨੀਂ ਕਰਾਚੀ ਦੀਆਂ ਲੜਕੀਆਂ ਦੇ ਕਾਲਜਾਂ ਤੇ ਸਕੂਲਾਂ ਦੀਆਂ ਵਿਦਿਆਰਥਣਾਂ ਤੇ ਅਧਿਆਪਕਾਂ ਨੂੰ ਮਿਲੀਆਂ ਹਨ। ਬਹੁਤ ਸਾਰੇ ਪਰਵਾਰਾਂ ਨੇ ਇਹਨਾ ਤੋਂ ਭੈਭੀਤ ਹੋ ਕੇ ਆਪਣੀਆਂ ਲੜਕੀਆਂ ਦਾ ਘਰਾਂ ਤੋਂ ਬਾਹਰ ਜਾਣਾ ਹੀ ਬੰਦ ਕਰ ਦਿਤਾ ਤੇ ਉਹ ਇਕ ਮਹੀਨੇ ਤਕ ਸਕੂਲ ਤੇ ਕਾਲਜ ਨਾ ਜਾ ਸਕੀਆਂ।

ਕੀ ਹੁਣ ਤੋਂ ਪਹਿਲਾਂ ਪਾਕਿਸਤਾਨ ਵਿਚਲੀ ਔਰਤ ਏਨੀ ਅਸੁਰਖਿਆਤ ਸੀ? ਇਹ ਸਹੀ ਹੈ ਕਿ ਉਸ ਨੂੰ ਬਹੁਤ ਘੱਟ ਹੱਕ ਪ੍ਰਾਪਤ ਸਨ। ਸਮਾਜ ਵਿਚ ਉਸਦਾ ਮਾਣ ਤੇ ਇਜਤ ਬਹੁਤ ਘਟ ਸੀ। ਪਰ ਇਹ ਹਾਲਤ ਵੀ ਨਹੀਂ ਸੀ ਕਿ ਉਸ ਲਈ ਘਰ ਤੋਂ ਬਾਹਰ ਕਦਮ ਰਖਣ ਤੇ ਘੁੰਮਣਾ ਫਿਰਨਾ ਆਦਿ ਬੰਦ ਹੋ ਜਾਵੇ। ਇਸ ਲਈ ਇਕ ਸੁਆਲ ਪੈਦਾ ਹੁੰਦਾ ਹੈ ਕੀ ਪਾਕਿਸਤਾਨ ਵਿਚ ਔਰਤਾਂ ਲਈ ਸਥਿਤੀ ਏਨੀ ਨਾਕਾਬਲੇ ਬਰਦਾਸ਼ਤ ਕਿਉਂ ਬਣ ਗਈ ਹੈ?

ਉਂਜ ਤਾਂ ਪਾਕਿਸਤਾਨੀ ਸਮਾਜ ਹੀ ਪੂਰੀ ਤਰ੍ਹਾਂ ਕੁਚਲ ਦਿਤਾ ਗਿਆ ਹੈ। ਪਰ ਚਾਦਰ ਤੇ ਘਰ ਦੀ ਚਾਰ ਦੀਵਾਰੀ ਸੁਰਖਿਆ ਦਾ ਦਾਅਵਾ ਕਰਨ ਵਾਲੀ ਇਸ ਸਰਕਾਰ ਦੇ ਸ਼ਾਸਨ ਦੇ ਦਿਨਾਂ ਵਿਚ ਔਰਤ ਜ਼ਾਤ ਤੇ ਏਨੇ ਘਿਰਣਮਈ ਅਤਿਆਚਾਰ ਕਿਉਂ ਹੋ ਰਹੇ ਹਨ? ਇਹ ਸਭ ਕੁਝ ਕੌਣ ਕਰ ਰਿਹਾ ਹੈ?

ਇਹ ਸਭ ਕੁਝ ਸਾਧਾਰਨ ਸਥਿਤੀ ਵਿਚ ਨਹੀਂ ਹੋ ਰਿਹਾ। ਸਭ ਕੁਝ ਇਕ ਸੋਚੀ ਸਮਝੀ ਸਕੀਮ ਤੇ ਯੋਜਨਾ ਤਹਿਤ ਹੋ ਰਿਹਾ ਹੈ ਕਿ ਆਬਾਦੀ ਦੇ ਅੱਧੇ ਹਿੱਸੇ ਨੂੰ ਇਸ ਤਰ੍ਹਾਂ ਪੂਰੇ ਸਮਾਜ ਤੋਂ ਕੱਟ ਦਿਓ ਤਾਂ ਜੋ ਪੂਰੀ ਸੁਸਾਇਟੀ ਹੀ ਸਿਰ ਨਾ ਉਚਾ ਕਰ ਸਕੇ। ਕਿਸੇ ਤਰ੍ਹਾਂ ਦੀਆਂ ਰਾਜਸੀ ਤੇ ਸਮਾਜੀ ਸਰਗਰਮੀਆਂ ਵਿਚ ਨਾ ਉਲਝਣ, ਪ੍ਰੋਟੈਸਟ ਨਾ ਕਰੇ ਆਦਿ ਆਦਿ। ਪਰ ਇਸ ਸਖਤੀ ਦਾ ਸਿੱਟਾ ਇਹ ਨਿਕਲਿਆ ਹੈ ਕਿ ਅਖੀਰ ਤੇ ਉਚ ਮਧ ਵਰਗ ਦੀਆਂ ਔਰਤਾਂ ਜਿਨ੍ਹਾਂ ਸਾਹਮਣੇ ਕੋਈ ਮਾਲੀ ਮਸਲਾ ਨਹੀਂ ਹੈ, ਜਿਨ੍ਹਾਂ ਵਿਚ ਰਾਜਸੀ ਦਿਖ... ਮੌਜੂਦ ਨਹੀਂ। ਉਹ ਵੀ ਅੱਜ ਇਸ ਘੁਟਨ ਭਰੇ ਮਾਹੌਲ ਤੋਂ ਛੁਟਕਾਰਾ ਪਾਉਣ ਤੇ ਕੁਝ ਕਰ ਸਕਣ ਲਈ ਬੇਚੈਨ ਹਨ।

ਲੜਕੀਆਂ ਲਈ ਵਿਦਿਆ ਵਿਵਸਥਾ ਸੀਮਤ

ਕਰਾਚੀ ਯੂਨੀਵਰਸਿਟੀ ਵਿਚ ਬੀ. ਏ. ਆਨਰਜ਼ ਦੀਆਂ ਕਲਾਸਾਂ ਖਤਮ ਕਰ ਦਿਤੀਆਂ ਹਨ। ਇਸ ਤਰ੍ਹਾਂ ਲੜਕੀਆਂ ਦੀ ਵੱਡੀ ਗਿਣਤੀ ਵਿਗਿਆਨ ਦੀ ਪੜ੍ਹਾਈ ਤੋਂ ਵਾਂਝੀ ਕਰ ਦਿਤੀ ਗਈ ਹੈ। ਕਿਉਂਕਿ ਲੜਕੀਆਂ ਦੇ ਕਾਲਜਾਂ ਵਿਚੋਂ ਵਿਗਿਆਨ ਦੀ ਪੜ੍ਹਾਈ ਦੀਆਂ ਸਹੂਲਤਾਂ ਨਾ ਹੋਣ ਬਰਾਬਰ ਹਨ। ਇਕ ਦੋ ਕਾਲਜਾਂ ਤੋਂ ਇਲਾਵਾ ਬਾਕੀ ਕਾਲਜਾਂ ਵਿਚ ਵਿਗਿਆਨ ਦੀ ਪੜ੍ਹਾਈ ਦਾ ਕੋਈ ਪਰਬੰਧ ਹੈ ਹੀ ਨਹੀਂ।

ਵੈਸਾਖੀ ਦੀ ਖਾਲਸੇ ਲਈ ਮਹਾਨਤਾ ਅਤੇ ਸੁਨੇਹਾ

ਗੁਰਨਾਮ ਸਿੰਘ ਸੰਘੇੜਾ

1.ਭੈ ਕਾਹੂ ਕਉ ਦੇਤਿ ਨਹਿ, ਨਹਿ ਭੈ ਮਾਨਤਿ ਆਨਿ
ਕਹੁ ਨਾਨਕ ਸੁਨ ਰੇ ਮਨਾ ਗਿਆਨੀ ਤਾਹਿ ਬਖਾਨਿ ॥ (ਗੁਰੂ ਤੇਗ ਬਹਾਦਰ ਜੀ)

2. ਹਿੰਦੂ ਤੁਰਕ ਕੋਊ ਰਾਫਜ਼ੀ ਇਮਾਮੀ ਸਾਫੀ,
ਮਾਨੁਸ ਕੀ ਜਾਤਿ ਸਬੈ ਏਕੈ ਪਹਿਚਾਨਬੋ ॥ (ਅਕਾਲ ਉਸਤਤਿ)

ਵਿਸਾਖੀ ਅਤੇ ਖਾਲਸੇ ਦਾ ਅਟੁਟ ਸੰਬੰਧ ਅਤੇ ਇਸ ਨਾਲ ਜੁੜਿਆ ਹੋਇਆ ਬੇ-ਮਿਸਾਲ ਇਤਿਹਾਸ ਹੈ ਜਿਸ ਦੇ ਪਤਰੇ ਸ਼ਹੀਦਾਂ ਦੇ ਖੂਨ ਨਾਲ ਭਿੱਜੇ ਪਏ ਅਤੇ ਜਿਸ ਦਾ ਹਰ ਸ਼ਬਦ ਰੂਹਾਨੀ, ਅਟੱਲ ਬੋਲ ਅਤੇ ਸ਼ਹੀਦਾਂ ਦੇ ਚਾਨਣ ਮੁਨਾਰੇ ਹਨ। ਦੁਨੀਆਂ ਦੇ ਇਤਿਹਾਸ ਵਿਚੋਂ ਕੋਈ ਭੀ ਅਜਿਹਾ ਮਹਾਨ ਉਸਰੀਆ ਅਤੇ ਰਚਨਹਾਰਾ ਨਹੀਂ ਮਿਲ ਸਕੇਗਾ ਜਿਸ ਦੀਆਂ ਲਗਾਤਾਰ ਚਾਰ ਪੁਸ਼ਤਾਂ ਨੇ ਲੋਕ ਕਲਿਆਣ ਲਈ ਵਾਰੀਆਂ ਹੋਣ। ਜਿਸ ਮਰਦ ਅਗੰਮੜੇ ਨੇ ਆਪਣੇ ਸਾਹਿਬਜ਼ਾਦਿਆਂ ਨੂੰ ਲੋਕ ਕਲਿਆਣ ਅਤੇ ਭਲਾਈ ਲਈ ਖਿੜੇ ਮੱਥੇ ਸ਼ਹੀਦੀਆਂ ਪ੍ਰਾਪਤ ਕਰਨ ਦੀ ਜੀਵਨ ਜਾਚ ਦੱਸੀ ਹੋਵੇ ਅਤੇ ਪੀਸੀ ਜਾ ਰਹੀਤੇ ਕੁਰਲਾ ਰਹੀ ਮਨੁੱਖਤਾ ਨੂੰ ਉਚਾ ਚੁਕਣ ਅਤੇ ਸਿਰ ਧਰਿ ਤਲੀ ਗਲੀ ਮੇਰੀ ਆਓ" ਦੇ ਵਾਰਸ ਨੇ ਵੈਸਾਖੀ ਵਾਲੇ ਦਿਨ ਆਨੰਦਪੁਰ ਸਾਹਿਬ ਵਿਖੇ ਖਾਲਸੇ ਦੀ ਸਿਰਜਨਾ ਕੀਤੀ। ਰਾਜ, ਧਰਮ ਅਤੇ ਉਚ ਜ਼ਾਤੀ ਦੇ ਤੌਰ ਤੇ ਲੋਕਾਂ ਦਾ ਖੂਨ ਪੀਤਾ ਜਾ ਰਿਹਾ ਸੀ। ਲੋਕਾਂ ਦੀਆਂ ਬੇਨਤੀਆਂ ਕੁਝ ਨਾ ਸੁਆਰਦੀਆਂ ਅਤੇ ਪਹਿਲੇ ਪਾਖੰਡੀ ਫਲਸਫੇ ਨੇ ਲੋਕਾਂ ਨੂੰ ਨਿਰਬਲ ਕਰ ਦਿਤਾ ਸੀ ਅਤੇ ਸਮੇਂ ਦੀ ਮੰਗ ਸੀ ਕਿ ਹੁਣ ਭਗੌਤੀ ਬਣ ਕੇ ਅਪਰਾਧ ਅਤੇ ਜ਼ੁਲਮ ਨਾਲ ਸਫਲਤਾ ਨਾਲ ਟਕਰਾਵੇ ਅਤੇ ਨਿਮਾਣੀਆਂ ਚਿੜੀਆਂ ਤੋਂ ਬਾਜ਼ ਤੁੜਾਵੇ। ਜਿਹੜੇ ਹੱਥ ਅਤੇ ਦਿਮਾਗ ਪਾਪੀ ਅਤੇ ਜਰਵਾਣੇ ਹਾਕਮਾਂ ਅਤੇ ਸੱਤਾ ਧਾਰੀਆਂ ਦੇ ਸਾਹਮਣੇ ਭੈ ਭੀਤ ਅਤੇ ਸੁੰਨ ਹੋ ਜਾਂਦੇ ਸਨ, ਉਨ੍ਹਾਂ ਹੱਥਾਂ ਨੂੰ ਫੌਲਾਦੀ ਬਣਾ ਦਿਤਾ ਅਤੇ ਦਿਮਾਗਾਂ ਨੂੰ ਆਜ਼ਾਦ ਅਤੇ ਉਚ ਪਾਏ ਦੇ ਵਿਦਵਾਨ ਤੇ ਰਚਨਹਾਰੇ ਬਣਾਇਆ ਜਿਨਾਂ ਨੇ ਕਾਬਜ਼ ਜਮਾਤ ਨੂੰ ਕੰਬਣੀ ਛੇੜ ਦਿਤੀ।

ਹਰ ਤਰ੍ਹਾਂ ਦੇ ਹਾਲਾਤ ਬਦਲ ਚੁੱਕੇ ਸਨ ਅਤੇ ਨਵੇਂ ਨਰੋਏ ਖਿਆਲ, ਸਿਧਾਂਤ ਅਤੇ ਫਲਸਫੇ ਲੋਕਾਂ ਵਿਚ ਪਣਪ ਰਹੇ ਸਨ। ਉਸ ਸਮੇਂ ਹੀ ਗੁਰੂ ਨਾਨਕ ਦੇਵ ਜੀ ਤੋਂ ਆਰੰਭ ਹੋਏ ਸਿੱਖ ਧਰਮ ਨੇ ਕੋਈ ਸਵਾ ਦੋ ਸੌ ਸਾਲ ਵਿਚ ਟੀਸੀ ਅਤੇ ਉਚ ਪਦਵੀ ਪ੍ਰਾਪਤ ਕਰ ਲਈ ਅਤੇ ਉਸ ਸਮੇਂ ਭਾਈ ਗੁਰਦਾਸ ਦੂਜਾ ਦੇ ਅਨੁਸਾਰ :—

ਵਹਿ ਪ੍ਰਗਟਿਓ ਮਰਦ ਅਗੰਮੜਾ ਵਰਿਆਮ ਇਕੇਲਾ,
ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰ ਚੇਲਾ ॥

ਉਸ ਸਮੇਂ ਇਕ ਨਵਾਂ ਪੰਥ ਅਤੇ ਖਾਲਸੇ ਨੂੰ ਮੁਕੰਮਲ ਕੀਤਾ ਜੋ ਸੰਤ ਸਿਪਾਹੀ ਅਤੇ ਭਰਮ ਭੇਦ ਤੋਂ ਉਚਾ ਉਠਕੇ ਆਪਣੀ ਕਾਇਆ ਸੋਧੇ ਅਤੇ ਲੋਕ ਭਲਾਈ ਲਈ ਤਤਪਰ ਰਹੇ।

"ਖਾਲਸਾ ਸੋਈ, ਨਾਮ ਸਿਉ ਜੋੜੇ। ਖਾਲਸਾ ਸੋਈ, ਬੰਧਨ ਕੋ ਤੋੜੇ ॥
ਖਾਲਸਾ ਸੋਈ, ਜੋ ਚੜ੍ਹੈ ਤੁਰੰਗ। ਖਾਲਸਾ ਸੋਈ, ਜੋ ਕਰੇ ਨਿਤ ਜੰਗ।
ਖਾਲਸਾ ਸੋਈ, ਸ਼ਾਸ਼ਤ੍ਰ ਕੋ ਧਾਰੇ। ਖਾਲਸਾ ਸੋਈ, ਦੁਸ਼ਟ ਕਉ ਮਾਰੇ।
('ਤਨਖਾਹ ਨੁਮਾ' ਕਿਰਤ ਭਾਈ ਨੰਦ ਲਾਲ)

ਖਾਲਸੇ ਦੀ ਸਿਰਜਨਹਾਰ ਵਿਸਾਖੀ ਦਾ ਦਿਨ 230 ਸਾਲ ਦੀ ਤਿਆਰੀ ਅਤੇ ਸਿਖੀ ਗਿਆਨ ਅਤੇ ਗਿਆਨ ਦੇ ਲਗਾਤਾਰ ਪਸਾਰ ਅਤੇ ਅਕਹਿ ਤੇ ਅਸਹਿ ਜ਼ੁਲਮ ਖਿੜੇ ਮੱਥੇ ਸਹਿੰਦੀ ਤੇ ਤਲਵਾਰ ਦੀ ਧਾਰ ਤੇ ਤੁਰਦੀ ਹੋਈ, ਇਸ ਮੁਕੰਮਲ ਤਿਆਰੀ ਵਾਲੇ ਦਿਨ ਆ ਪਹੁੰਚੀ ਜਿਸ ਦਿਨ ਇਸ ਵਧੇ ਫੁਲੇ ਅਤੇ ਸਮੇਂ ਦੇ ਤਾਨਾ ਸ਼ਾਹਾਂ ਤੇ ਗੁਲਾਮੀ ਸੱਤਾ ਧਾਰੀਆਂ ਦਾ ਮੁਕਾਬਲਾ ਕਰਦੀ ਹੋਈ ਇਸ ਦਿਨ ਪੂਰਨਤਾ ਤੇ ਪਹੁੰਚੀ। ਪਹਿਲੇ ਗੁਰੂ ਨਾਨਕ ਦੇਵ ਤੋਂ ਅਰੰਭੇ ਹੋਏ ਕਾਰਜ ਦੀ ਪੂਰਨਤਾ ਕੀਤੀ ਗਈ ਅਤੇ ਉਸ ਬੂਟੇ ਨੂੰ ਨਵਾਂ ਸਾਜ਼ਿਆ ਖਾਲਸਾ ਪੰਥ ਦਾ ਫਲ ਲੱਗਾ। ਉਸ ਦਿਨ ਇਕ ਨਵਾਂ ਇਨਸਾਨ ਸਾਜ਼ਿਆ ਗਿਆ ਜਿਸ ਨੇ ਸੈਂਕੜੇ ਸਾਲਾਂ ਦੇ ਪੁਰਾਣੇ ਤੇ ਗਲੇ ਸੜੇ ਸੰਸਕਾਰ ਤੇ ਸੰਕਲਪ ਦਾ ਤਿਆਗ ਕਰਕੇ ਦੋ ਸੌ ਤੀਹ ਸਾਲਾਂ ਵਿਚ ਪਾਈਆਂ ਨਵੀਆਂ ਲੀਹਾਂ ਉਪਰ ਉਸ ਗਿਆਨ ਫਲਸਫੇ ਨੂੰ ਧਾਰਨ ਕਰਕੇ, ਜੀਵਨ ਦੇ ਹਰ ਪਹਿਲੂ ਵਿਚ ਲਾਉਣ ਅਤੇ ਅਸਫਲਤਾ ਪ੍ਰਾਪਤ ਕਰਨੀ ਹੈ। ਇਸ ਨਵੇਂ ਸਾਜੇ ਗੁਰ ਸਿੱਖ ਨੇ ਜ਼ਿੰਦਗੀ ਗੁਰੂ ਜੀ ਦੀ ਸਿਖਿਆ ਅਨੁਸਾਰ ਢਾਲਣੀ ਤੇ ਨਿਭਾਉਣੀ ਹੈ —

"ਧਨ ਜੀਓ ਤਿਹ ਕੋ ਜਗ ਮੈ
ਮੁਖ ਤੇ ਹਰਿ ਚਿਤ ਮੈ ਜੁੱਧ ਬਿਚਰੈ" (ਕ੍ਰਿਸ਼ਨ ਅਵਤਾਰ)

ਮੌਕੇ ਤੇ ਕੁਦਰਤ ਬਨਸਪਤੀ ਆਪਣੀ ਕਾਇਆ ਪਲਟਦੀ, ਉਸ ਵਿਚ ਖੇੜਾ ਤੇ ਖੁਸ਼ੀਆਂ ਆਉਂਦੀਆਂ ਅਤੇ ਫਲ ਲਿਆਉਣ ਵਲ ਆਉਂਦੀ ਹੈ ਤਿਵੇਂ ਹੀ ਇਸ ਮੌਕੇ ਤੇ ਮਾਨਸਿਕ, ਸਰੀਰਕ ਅਤੇ ਰੂਹਾਨੀ ਤੌਰ ਤੇ ਗੁਲਾਮੀ ਨੂੰ ਸਦੀਵੀ ਤੇ ਅਟੱਲ ਮੰਨ ਚੁੱਕੀ ਲੋਕਾਈ ਨੂੰ ਮੁੜ ਆਪਣਾ ਕਲਿਆਣ ਕਨ ਕਰਨ ਵਾਲੀ ਅਤੇ ਆਪਣੀ ਕਿਸਮਤ ਆਪ ਘਾੜੇ ਬਣਾਇਆ, ਆਪਣੀ ਕਿਸਮਤ ਅਤੇ ਆਪਣੇ ਕਰਮ ਘੜਨ ਦੇ ਹੱਕਦਾਰ ਬਣਾਉਣ ਲਈ ਨਵਾਂ ਮਨੁਖ ਪੈਦਾ ਕੀਤਾ। ਅਤੇ ਉਸ ਨਵੇਂ ਮਨੁਖ ਭਾਵ ਖਾਲਸ ਦੇ ਹੱਥ ਤਲਵਾਰ ਫੜਾਈ ਤਾਂ ਕਿ ਉਹ ਆਪਣੀ ਰਾਖੀ ਕਰ ਸਕੇ ਅਤੇ ਆਪਣੇ ਹੱਕ ਖੁਸਣ ਨਾ ਦੇਵੇ। ਉਨ੍ਹਾਂ ਨੇ ਇਹ ਤਲਵਾਰ "ਸੰਤ ਸਿਪਾਹੀ" ਦੇ ਹੱਥ ਫੜਾਈ ਜਿਸ ਦੀ ਪ੍ਰਥਾ ਛੇਵੇਂ ਗੁਰੂ ਹਰ ਗੋਬਿੰਦ ਜੀ ਨੇ ਚਲਾਈ ਸੀ। ਤਲਵਾਰ ਤਾਂ ਆਖਰੀ ਹਥਿਆਰ ਹੈ। ਪਹਿਲਾਂ ਹਰ ਹੀਲੇ ਵਸੀਲੇ ਅਤੇ ਹੋਰ ਸਾਧਨ ਵਰਤੇ ਗਏ ਕੰਮ ਨਾ ਆਉਣ ਤੇ ਹਾਂ ਪੱਖੀ, ਉਸਾਰੂ ਨਤੀਜੇ ਨਾ ਕੱਢਣ ਅਤੇ ਦੂਜਾ ਭਾਵ ਵਿਰੋਧੀ ਮਜ਼ਬੂਰ ਕਰ ਦੇਵੇ ਤਾਂ ਫਿਰ ਤਲਵਾਰ ਚੁਕਣੀ ਧਰਮ ਹੈ। ਜਿਵੇਂ ਗੁਰੂ ਗੋਬਿੰਦ ਸਿੰਘ ਜੀ ਨੇ "ਜ਼ਫਰਨਾਮਾ" ਭਾਵ "ਜਿੱਤ ਦੀ ਚਿੱਠੀ" ਵਿਚ ਸਮੇਂ ਦੇ ਤਾਨਾਸ਼ਾਹ ਔਰੰਗਜ਼ੇਬ ਨੂੰ ਇਸ ਇਸ਼ਟ ਬਾਰੇ ਇਉਂ ਦਸਿਆ —

"ਬਾ-ਲਾਚਾਰਗੀ ਦਰਮਿਯਾ ਆਮਦਮ,
ਬਾ-ਤਦਬੀਰਿ ਤੀਰੋ ਕਮਾਂ ਆਮਦਮ।
ਚੂ ਕਾਰ ਅਜ਼ਹਮਾ ਹੀਲਤੇ ਦਰ ਗੁਜ਼ਸ਼ਤ।
ਹਲਾਲ ਅਸਤ ਬੁਰਦਨ ਬ ਸ਼ਮਸ਼ੀਰ ਦਸਤ।"
(ਜ਼ਫਰਨਾਮਾ)

(ਭਾਵ—ਮੈਨੂੰ ਮਜਬੂਰਨ ਜੰਗ ਦੇ ਮੈਦਾਨ ਵਿਚ ਆਉਣਾ ਪਿਆ ਅਤੇ ਤੀਰ ਕਮਾਨ ਆਦਿ ਸ਼ਸ਼ਤਰ ਅਸਤਰ ਵਰਤਣੇ ਪਏ। ਜਦੋਂ ਕੋਈ ਕੰਮ ਸਾਰੇ ਹੀਲੇ, ਉਪਾਵਾਂ ਤੋਂ ਲੰਘ ਜਾਵੇ ਤਾਂ ਹੱਥ ਵਿਚ ਤਲਵਾਰ ਲੈਣੀ ਜਾਇਜ਼ ਹੈ)

ਕਿਉਂਕਿ ਸੱਤਾ ਧਾਰੀ ਆਪਣੀ ਸੱਤਾ ਰਖਣ ਲਈ ਜ਼ੁਲਮ ਕਰਦੇ ਹਨ ਅਤੇ ਫਿਰ ਮਜਬੂਰੀ ਵਿਚ ਲੋਕਾਂ ਨੂੰ ਉਸ ਹੀ ਤਰਾਂ ਦਾ ਜਵਾਬ ਦੇਣ ਲਈ ਤਿਆਰੀ ਕਰਨੀ ਪੈਂਦੀ। ਸਿੱਖ ਦਾ ਆਦਰਸ਼ ਨਾ ਹੀ ਹਿੰਸਾ ਅਤੇ ਨਾ ਹੀ ਅਹਿੰਸਾ ਹੈ। ਇਹ ਤਾਂ ਹਾਲਾਤ ਉਤੇ ਨਿਰਭਰ ਕਰਦਾ ਹੈ ਅਤੇ ਇਸ ਗਲ ਉਤੇ ਭੀ ਕਿ ਢੰਗ ਕਾਹਦੇ ਲਈ ਅਤੇ ਕਿਉਂ ? ਕਈ ਵਾਰ ਅਹਿੰਸਾਹੀ ਹਿੰਸਾ ਹੈ ਅਤੇ ਹਿੰਸਾ ਹੀ ਅਹਿੰਸਾ ਹੈ। ਸ਼ੁਭ ਕਰਮ ਲਈ ਅਹਿੰਸਾ ਯੋਗ ਹੈ। ਸਿੱਖ ਧਰਮ ਇਸ ਜੀਵਨ ਵਿਚ ਅਤੇ ਸਮਾਜੀ ਜੀਵਨ ਵਿਚ ਲਾਗੂ ਕਰਨਾ ਹੈ। ਸੋ ਇਸ ਨੂੰ ਸੁਚੱਜਾ ਬਣਾਉਣ ਲਈ ਜੀਵਨ ਸੰਘਰਸ਼ ਕਰਨਾ ਪਵੇਗਾ। ਮਾਇਆ ਧਾਰੀ, ਮਾਇਆ ਵਾਲੇ ਅਤੇ ਲੁੱਟ ਖਸੁੱਟ ਤੇ ਵਿਤਕਰੇ ਭਰੇ, ਅਨਿਆਂ ਵਾਲੇ ਸਮਾਜ ਵਿਚ ਆਪਣੇ ਇਸ਼ਟ ਦੀ ਪ੍ਰਾਪਤੀ ਲਈ ਘੋਲ ਕਰਨਾ ਪਵੇਗਾ। ਦੰਬੀਆਂ, ਪਾਖੰਡੀਆਂ ਅਤੇ ਲੋਕਾਂ ਦੀ ਲੁੱਟ ਕਰਨ ਵਾਲੇ ਲੁਟੇਰਿਆਂ ਦਾ ਖੰਡਨ ਕੀਤਾ ਅਤੇ ਲਹੂ ਪੀਣੀਆਂ ਜੋਕਾਂ ਬਾਰੇ ਗੁਰੂ ਨਾਨਕ ਨੇ ਇਉਂ ਫਰਮਾਇਆ —

"ਜੇ ਰਤੁ ਲਗੈ ਕਪੜੈ ਜਾਮਾ ਹੋਇ ਪਲੀਤੁ।
ਜੋ ਰਤੁ ਪੀਵਹਿ ਮਾਣਸਾਤਿਨ ਕਿਓ ਨਿਰਮਲੁ ਚੀਤੁ।"
(ਮ: 1 ਪੰਨਾ 140)

ਪਰ ਸਦੀਵੀ ਗੁਲਾਮ ਦਾ ਸ਼ਿਕਾਰ ਹੋਏ ਲੋਕ, ਬੇ-ਦਿਲ, ਨਿਸੱਲ, ਤੇ ਬੁਜ਼ਦਿਲ ਹੋ ਚੁਕੇ ਸਨ ਅਤੇ ਦਿਮਾਗੀ ਤੌਰ ਤੇ ਹੀ ਆਪਣੀ ਹੀਣਤਾ ਅਤੇ ਗੁਲਾਮੀ (ਜੋ ਜ਼ਾਤ ਪਾਤ, ਪਾਖੰਡੀ ਤੇ ਰਸਮੀ ਹਿੰਦੂ ਧਰਮ ਅਤੇ ਰਾਜਸੀ ਤੌਰ ਤੇ) ਮੰਨ ਚੁਕੇ ਸਨ, ਉਨ੍ਹਾਂ ਦੇ ਹੱਥ ਤਲਵਾਰ ਫੜਾਉਣੀ ਅਤੇ "ਸਵਾ ਲੱਖ ਸੇ ਏਕ ਲੜਾਊਂ" ਵਾਲੀ ਗਲ ਕਰਨੀ ਐਵੇਂ ਗੱਲ ਨਹੀਂ ਸੀ। ਉਸ ਆਤਮ ਹੀਣਤਾ ਅਤੇ ਦਿਮਾਗੀ ਤੇ ਸਭਿਆਚਾਰਕ ਗੁਲਾਮੀ ਵਿਚੋਂ ਕੱਢਣ ਲਈ ਦੋ ਸੌ ਤੀਹ ਸਾਲ ਤੋਂ (ਭਾਵ ਗੁਰੂ ਨਾਨਕ ਦੇਵੀ ਜੀ) ਤੋਂ ਕੰਮ ਆਰੰਭ ਸੀ ਅਤੇ ਆਪਣੇ ਆਦਰਸ਼ਕ ਅਤੇ ਚਾਨਣ ਮੁਨਾਰੇ ਵਾਲੇ ਸਮਤੋਲ ਜੀਵਨ ਰਾਹੀਂ ਲੋਕਾਂ ਨੂੰ ਗਿਆਨ ਰਾਹੀਂ ਉਤਾਂਹ ਉਠਾਇਆ ਜਾ ਰਿਹਾ ਸੀ ਅਤੇ ਅਪਣਤ ਤੇ ਸਵੈ ਮਾਨ ਤੇ ਹੋਂਦ ਭਰੀ ਜਾ ਰਹੀ ਸੀ। ਇਸ ਕੰਮ ਲਈ ਗਿਆਨ ਫਲਸਫੇ ਦਾ ਮਾਦੀ ਹਥਿਆਰ ਲੋਕ ਹਨ ਅਤੇ ਲੋਕਾਂ ਤੇ ਸੰਗਤਾਂ ਦਾ ਰੂਹਾਨੀ ਹਥਿਆਰ ਉਨ੍ਹਾਂ ਦਾ ਫਲਸਫਾ ਹੈ ਅਤੇ ਜਦੋਂ ਫਲਸਫਾ ਜਾਂ ਗਿਆਨ ਲੋਕਾਂ ਤੇ ਸੰਗਤਾ ਦੇ ਮਨਾਂ ਵਿਚ ਗ੍ਰਹਿਣ ਹੋ ਜਾਏ ਅਤੇ ਮਨਾਂ ਵਿਚ ਘਰ ਕਰ ਜਾਏ ਤਾਂ ਉਹ ਅਜਿਤ ਖੂਬੀ ਹੈ ਅਤੇ ਗਿਣਤੀ ਦੀ ਅਹਿਮੀਅਤ ਤੇ ਭਾਰ ਤਦ ਹੀ ਹੈ ਜੇ ਕਰ ਲੋਕ ਜਾਂ ਸੰਗਤਾਂ ਇਕ ਮੁਠ ਹੋਣ ਅਤੇ ਏਕਤਾ ਦੀ ਅਗਵਾਈ ਗਿਆਨ ਕਰਦਾ ਹੋਵੇ। ਇਹ ਸਭ ਤਿਆਰ ਹੋ ਚੁਕਾ ਸੀ। ਅਤੇ ਆਖਰੀ ਸ਼ਕਲ ਦੇ ਕੇ ਸੰਪੂਰਨ ਕਰਨ ਸੀ ਜਿਸ ਰਾਹੀਂ ਆਖੇ ਜਾਂਦੇ ਆਮ ਲੋਕਾਂ ਤੋਂ ਇਹ ਕਰਵਾ ਵਖਾਇਆ। ਇਸ ਸਪਿਰਟ ਨੇ ਕਮਾਲ ਦੇ ਜੌਹਰ ਵਿਖਾਏ ਹਨ।

ਭੇਡਾਂ ਕੇ ਮੈਂ ਸ਼ੇਰ ਬਨਾਊਂ, ਰਾਜਨ ਕੇ ਸੰਗ ਰੰਕ ਲੜਾਊਂ।
ਭੂਪ ਗਰੀਬਨ ਕੋ ਕਹਵਾਊ, ਚਿੜੀਓਂ ਸੇ ਮੈਂ ਬਾਜ ਤੁੜਾਊਂ।
ਸਵਾ ਲਾਖ ਸੇ ਏਕ ਲੜਾਊਂ, ਤਬੈ ਗੋਬਿੰਦ ਸਿੰਘ ਨਾਮ ਕਹਾਊਂ।
(ਸ੍ਰੀ ਗੁਰੂ ਪੰਥ ਪ੍ਰਕਾਸ਼ by ਗਿਆਨ ਗਿਆਨ ਸਿੰਘ)

ਇਹ ਗਿਆਨ ਆਪਣੀ ਹੋਂਦ ਦਾ ਅਨੁਭਵ ਕਰਾਏ ਤੇ ਸਿਖਾਏ ਜਿਸ ਰਾਹੀਂ ਜੀਵਨ ਨੂੰ ਚੰਗੀ ਤਰਾਂ ਨਿਭਾਉਣ ਅਤੇ ਸਫਲ ਕਰਨ ਲਈ ਅਤੇ ਮਿਥੇ ਤੇ ਅਪਣਾਏ ਟੀਚੇ ਤੇ ਪਹੁੰਚਾ ਦੇਣਾ ਅਤੇ ਫਿਰ ਆਪ ਨਿਰਨਾ ਤੇ ਆਪ

ਤੇ ਆਪਾ ਵਾਰਨ ਲਈ ਤਿਆਰ ਕਰੇ। ਹੁਣ ਸਭ ਤਿਆਰ ਹੋ ਚੁਕਾ ਸੀ ਅਤੇ 30 ਮਾਰਚ 1699 ਨੂੰ ਆਨੰਦਪੁਰ ਸਾਹਿਬ ਵਿਖੇ, ਉਸ ਗਿਆਨ ਦੀ ਅਗਵਾਈ ਨਾਲ ਚੱਲ ਕੇ, ਆਪਾ ਵਾਰਨ ਵਾਲੇ ਸਿੱਖਾਂ ਦੀ ਲੋੜ ਸੀ ਜੋ ਅਤਿ ਕਠਨ ਇਮਤਿਹਾਨ ਵਿਚ ਅਤਿ ਹੀ ਕਠਨ ਪਰਚੇ ਵਿਚੋਂ ਸੌ ਵਿਚੋਂ ਸੌ ਨੰਬਰ ਲੈ ਕੇ ਪਾਸ ਹੋਣ ਪਿਛੋਂ ਨਵੇਂ ਰੂਪ ਵਿਚ ਨਵੇਂ ਪੰਥ ਵਿਚ ਤੇ ਅਨੁਸਾਸ਼ਨ ਅਧੀਨ (ਰਹਿਤ) ਪਰੋਏ ਗਏ। ਉਸ ਦਿਨ ਵਖਰੀਆਂ ਵਖਰੀਆਂ ਅਖੌਤੀ ਨੀਵੀਆਂ ਜਾਤੀਆਂ ਵਾਲੇ ਫਲਸਫੇ ਹੋਏ ਅਤੇ ਨਵੀਂ ਕਾਇਆ ਕਲਪ ਹੋਈ।

ਗੁਰੂ ਨਾਨਕ ਦੇਵ ਜੀ ਨੇ 1508 ਵਿਚ ਵਿਸਾਖੀ ਵਾਲੇ ਦਿਨ ਹਰਦੁਆਰ ਵਿਖੇ ਪੂਰਬ ਵਲ ਸੂਰਜ ਨੂੰ ਪਾਣੀ ਸੁੱਟਣ ਦੀ ਥਾਂ ਪੱਛਮ ਵੱਲ ਪੰਜਾਬ ਪਹੁੰਚਾਉਣ ਲਈ ਪਾਣੀ ਦੇਣਾ ਅਤੇ ਗਿਆਨ ਦਿਤਾ। ਆਖਦੇ ਹਨ

(ਬਾਕੀ ਪੰਨਾ ੨੨ ਤੇ)

ਬੀ. ਸੀ. ਸਰਕਾਰ ਦਾ ਖੇਤ ਮਜ਼ਦੂਰਾਂ ਨਾਲ ਵਿਤਕਰਾ

ਵਰਕਰਜ਼ ਕੰਪਨਸੇਸ਼ਨ ਨਿਯਮ ਫਾਰਮਵਰਕਰਾਂ ਤੇ ਲਾਗੂ ਨਹੀਂ ਹੋਣਗੇ

ਗੁਰਨਾਮ ਸਹੋਤਾ

ਖੇਤ ਮਜ਼ਦੂਰਾਂ ਲਈ ਵਰਕਰਜ਼ ਕੰਪਨਸੇਸ਼ਨ ਸੇਫਟੀ ਨਿਯਮ ਬੀ. ਸੀ. ਲੇਬਰ ਮਨਿਸਟਰ ਬੌਬ ਮਕਲੈਲੈਂਡ ਦੀ ਦਖਲ-ਅੰਦਾਜ਼ੀ ਕਾਰਨ ਇਕ ਵਾਰ ਫਿਰ ਠੱਪ ਕਰ ਦਿਤੇ ਗਏ ਹਨ।

ਇਹ ਨਿਯਮ 4 ਅਪਰੈਲ 1983 ਤੋਂ ਲਾਗੂ ਹੋਏ ਸਨ ਜਦੋਂ ਕਿ ਬੀ. ਸੀ. ਦੇ ਸਾਰੇ ਖੇਤ ਮਜ਼ਦੂਰਾਂ ਤੇ ਵਰਕਰਜ਼ ਕੰਪਨਸੇਸ਼ਨ ਦਾ ਕਾਨੂੰਨ ਲਾਗੂ ਹੋਣਾ ਹੈ। ਪਰ ਇਹਨਾ ਨਿਯਮਾਂ ਦੀ ਬਜਾਇ ਫਾਰਮਰਾਂ ਵਲੋਂ ਇਕ "ਫਾਰਮ ਸੇਫਟੀ ਏਜੰਸੀ" ਬਣਾਈ ਜਾਵੇਗੀ ਜਿਸਦਾ ਨਿਸ਼ਾਨਾ ਪਰਚਾਰ ਦੇ ਪਰੋਗਰਾਮ ਰਾਹੀਂ ਫਾਰਮਾਂ ਵਿਚ "ਸੇਫਟੀ ਹਾਲਤਾਂ ਦਾ ਸੁਧਾਰ" ਕਰਨਾ ਹੋਵੇਗਾ।

ਸਰਕਾਰ ਦੇ ਇਸ ਐਲਾਨ ਬਾਰੇ ਕਨੇਡੀਅਨ ਫਾਰਮਵਰਕਜ਼ ਯੂਨੀਅਨ ਦੇ ਪਰਧਾਨ ਰਾਜ ਚੌਹਾਨ ਨੇ ਕਿਹਾ "ਬੀ. ਸੀ. ਦੀ ਸੌਕਰਡ ਸਰਕਾਰ ਨੇ ਖੇਤ ਮਜ਼ਦੂਰਾਂ ਨਾਲ ਇਕ ਬਹੁਤ ਵੱਡਾ ਧੋਖਾ ਕੀਤਾ ਹੈ।" ਉਹਨਾ ਕਿਹਾ, "ਜੇ ਸਰਕਾਰ ਸਾਡੇ ਨਾਲ ਅਜਿਹਾ ਕਰ ਸਕਦੀ ਹੈ ਤਾਂ ਹੋਰਨਾਂ ਵਰਕਰਾਂ ਨਾਲ ਭੀ ਅਜਿਹਾ ਕਰਨ ਤੋਂ ਨਹੀਂ ਝਿਜਕੇਗੀ।"

ਫਾਰਮਰਾਂ ਦੀ ਜਥੇਬੰਦੀ ਬੀ. ਸੀ. ਫੈਡਰੇਸ਼ਨ ਆਫ ਐਗਰੀਕਲਚਰ ਵਲੋਂ "ਫਾਰਮ ਸੇਫਟੀ ਏਜੰਸੀ" ਬਣਾਉਣ ਬਾਰੇ ਕੀਤੇ ਗਏ ਐਲਾਨ ਤੋਂ ਸਰਕਾਰ ਦੀ ਸਿਆਸੀ ਮੌਕਾ ਪਰਸਤੀ ਸਪੱਸ਼ਟ ਜ਼ਾਹਰ ਹੋ ਰਹੀ ਸੀ। ਇਹ "ਏਜੰਸੀ" ਸਥਾਪਤ ਕਰਨ ਦਾ ਫੈਸਲਾ ਕੈਬਨਿਟ ਨੇ 10 ਮਾਰਚ ਵਾਲੇ ਦਿਨ ਕਰਨਾ ਸੀ। ਪਰ ਇਸ ਫੈਸਲੇ ਦਾ ਐਲਾਨ ਬੀ. ਸੀ. ਫੈਡਰੇਸ਼ਨ ਆਫ ਐਗਰੀਕਲਚਰ ਨੇ 9 ਮਾਰਚ ਨੂੰ ਭੇਜੀ ਹੋਈ ਪਰੈਸ ਰਲੀਜ਼ ਵਿਚ ਕਰ ਦਿਤਾ। ਕਨੇਡੀਅਨ ਫਾਰਮਵਰਕਜ਼ ਯੂਨੀਅਨ ਦੇ ਪਰਧਾਨ ਰਾਜ ਚੌਹਾਨ ਨੇ ਕਿਹਾ, "ਇਕ ਪਾਸੇ ਤਾਂ ਸਾਡੀਆਂ ਵਰਕਰਜ਼ ਕੰਪਨਸੇਸ਼ਨ ਬੋਰਡ ਅਤੇ ਬੀ. ਸੀ. ਫੈਡਰੇਸ਼ਨ ਆਫ ਐਗਰੀਕਲਚਰ ਨਾਲ ਮੀਟਿੰਗਾਂ ਹੋ ਰਹੀਆਂ ਸੀ ਕਿ ਸਿਹਤ ਅਤੇ ਸੇਫਟੀ ਸਬੰਧੀ ਨਿਯਮ ਕੀ ਹੋਣੇ ਚਾਹੀਦੇ ਹਨ ਅਤੇ ਦੂਸਰੇ ਪਾਸੇ ਫਾਰਮਰਾਂ ਅਤੇ ਸਰਕਾਰ ਵਿਚਕਾਰ ਨਿਯਮਾਂ ਖਿਲਾਫ ਸਾਜ਼ਿਸ਼ ਹੋ ਰਹੀ ਸੀ। ਇਸ ਵਿਚ ਕੋਈ ਸ਼ੱਕ ਨਹੀਂ ਰਹਿੰਦੀ ਕਿ ਸਰਕਾਰ ਨੇ ਫਾਰਮਰਾਂ ਦੀਆਂ ਵੋਟਾਂ ਲੈਣ ਲਈ ਅਤੇ ਵੋਟਾਂ ਲਈ ਫੰਡ ਲੈਣ ਨੂੰ ਖੇਤ ਮਜ਼ਦੂਰਾਂ ਦੀਆਂ ਜਾਨਾਂ ਬਚਾਉਣਾ ਜ਼ਰੂਰੀ ਨਹੀਂ ਸਮਝਿਆ।"

ਬੀ. ਸੀ. ਫੈਡਰੇਸ਼ਨ ਆਫ ਐਗਰੀਕਲਚਰ ਵਲੋਂ 9 ਮਾਰਚ 1983 ਨੂੰ ਕੀਤੇ ਗਏ ਐਲਾਨ ਦੇ ਸਮੇਂ ਤਕ ਕੰਪਨਸੇਸ਼ਨ ਬੋਰਡ ਦੇ ਚੇਅਰਮੈਨ ਆਰਟ ਗਿਬਨਜ਼ (Art Gibbons) ਦਾ ਕਹਿਣਾ ਸੀ ਸੇਫਟੀ ਨਿਯਮਾਂ ਦਾ ਐਲਾਨ ਪਹਿਲੀ ਅਪਰੈਲ 1983 ਨੂੰ ਕਰ ਦਿਤਾ ਜਾਵੇਗਾ ਪਰ ਉਹ ਨਿਯਮ ਇਕ ਸਾਲ ਲਈ ਲਾਗੂ ਨਹੀਂ ਕੀਤੇ ਜਾਣਗੇ ਤਾਂ ਕਿ ਉਹਨਾਂ ਬਾਰੇ ਫਾਰਮਰਾਂ ਨੂੰ ਪਤਾ ਲੱਗ ਸਕੇ। ਵਰਕਰਜ਼ ਕੰਪਨਸੇਸ਼ਨ ਬੋਰਡ ਦੇ ਕਮਿਸ਼ਨਰ ਮਾਈਕ ਪਾਰ (Mike Parr) ਨੇ ਪੱਤਰਕਾਰਾਂ ਨੂੰ ਕਿਹਾ ਕਿ ਇਸ ਐਲਾਨ ਹੋਣ ਦੇ ਸਮੇਂ ਤਕ ਕੰਪਨਸੇਸ਼ਨ ਬੋਰਡ ਦਾ ਖਿਆਲ ਸੀ ਕਿ ਸੇਫਟੀ ਨਿਯਮ ਪਹਿਲੀ ਅਪਰੈਲ ਤਕ ਮਿਥ ਲਏ ਜਾਣਗੇ।

ਪਰੌਵਿੰਸ (The Province) ਅਖਬਾਰ ਵਿਚ ਛਪੀ ਇਕ ਰਿਪੋਰਟ ਅਨੁਸਾਰ ਐਗਰੀਕਲਚਰ ਮਨਿਸਟਰ ਜਿਨ ਹੇਊਟ (Jim Hewitt) ਨੇ ਕੁਛ ਸਮਾਂ ਪਹਿਲਾਂ ਵਰਕਰਜ਼ ਕੰਪਨਸੇਸ਼ਨ ਬੋਰਡ ਦੇ ਚੇਅਰਮੈਨ ਆਰਟ ਗਿਬਨਜ਼ ਨੂੰ ਇਹ ਧਮਕੀ ਦਿਤੀ ਸੀ ਕਿ ਜੇ ਸੇਫਟੀ ਨਿਯਮ ਸਰਕਾਰ ਨੂੰ ਠੀਕ ਨਾ ਲੱਗੇ ਤਾਂ ਕੈਬਨਿਟ ਉਸਨੂੰ ਬਰਖਾਸਤ ਕਰ ਸਕਦੀ ਹੈ।

ਹੈਰਾਨੀ ਵਾਲੀ ਗੱਲ ਹੈ ਕਿ ਸਰਕਾਰ ਨੇ ਫਾਰਮਵਰਕਰਾਂ ਤੇ ਨਿਯਮ ਨਾ ਲਾਗੂ ਕਰਨ ਦਾ ਫੈਸਲਾ ਉਸ ਸਮੇਂ ਕੀਤਾ ਜਦੋਂ ਕਿ ਨਿਊਵੈਸਟਮਿਨਸਟਰ ਵਿਚ ਇਕ ਕੌਰਨਰ ਜਿਊਰੀ ਇਕ 20 ਸਾਲਾਂ ਦੇ ਨੌਜਵਾਨ ਫਾਰਮਵਰਕਰ ਜਰਨੈਲ ਸਿੰਘ ਦਿਉਲ ਦੀ ਖਤਰਨਾਕ ਕੀੜੇ ਮਾਰ ਦਵਾਈਆਂ ਨਾਲ ਹੋਈ ਮੌਤ ਦੀ ਜਾਂਚ ਪੜਤਾਲ ਕਰ ਰਹੀ ਸੀ।

ਬੀ. ਸੀ. ਦੇ ਸੇਫਟੀ ਨਿਯਮ ਲਾਗੂ ਨਾ ਕਰਨ ਦਾ ਫੈਸਲਾ ਬੋਰਡ ਦੇ ਇਤਿਹਾਸ ਵਿਚ ਪਹਿਲੀ ਵਾਰੀ ਅਜਿਹਾ ਫੈਸਲਾ ਹੈ ਜਦੋਂ ਕਿ ਕਿਸੇ ਖਾਸ ਵਰਕਰਾਂ ਉਪਰ ਵਰਕਰਜ਼ ਕੰਪਨਸੇਸ਼ਨ ਦਾ ਕਾਨੂੰਨ ਤਾਂ ਲਾਗੂ ਹੋਵੇ ਪਰ ਸੇਫਟੀ ਨਿਯਮ ਲਾਗੂ ਨਾ ਹੋਣ।

ਬੀ. ਸੀ. ਸਰਕਾਰ ਦਾ ਖੇਤ ਮਜ਼ਦੂਰਾਂ ਨਾਲ ਇਹ ਵਿਤਕਰਾ ਕਰਨ ਦਾ ਫੈਸਲਾ ਬੀ. ਸੀ. ਮੈਡੀਕਲ ਐਸੋਸੀਏਸ਼ਨ ਅਤੇ ਸਰਕਾਰ ਦੇ ਆਪਣੇ ਮਨੁਖੀ ਅਧਿਕਾਰਾਂ ਦੇ ਕਮਿਸ਼ਨ (Human Rights Commission) ਦੀਆਂ ਸਿਫਾਰਸ਼ਾਂ ਦੇ ਬਿਲਕੁਲ ਉਲਟ ਹੈ।

ਬੀ. ਸੀ. ਦੀ ਨਿਊ ਡੈਮੋਕਰੈਟਿਕ ਪਾਰਟੀ (N.D.P.) ਅਤੇ ਵੈਨਕੂਵਰ ਵਿਚ ਮਨੁੱਖੀ ਅਧਿਕਾਰਾਂ ਸਬੰਧੀ ਜਥੇਬੰਦੀਆਂ ਦੇ ਇਕ ਗੱਠ ਜੋੜ ਨੇ ਸਰਕਾਰ ਦੇ ਇਸ ਫੈਸਲੇ ਦੀ ਨਿਖੇਧੀ ਕੀਤੀ ਹੈ।

ਐਨ. ਡੀ. ਪੀ. ਦੀ ਲੇਬਰ critic ਕੌਰਨ ਸੈਨਫੋਰਡ ਨੇ ਇਕ ਬਿਆਨ ਵਿਚ ਕਿਹਾ ਕਿ "ਸੌਕਰਡ ਸਰਕਾਰ ਨੇ ਬੀ. ਸੀ. ਫੈਡਰੇਸ਼ਨ ਆਫ ਐਗਰੀਕਲਚਰ ਨਾਲ ਸਾਜ਼ਿਸ਼ ਕਰਕੇ ਖੇਤ ਮਜ਼ਦੂਰਾਂ ਨਾਲ ਇਕ ਬਹੁਤ ਵੱਡਾ ਧੋਖਾ ਕੀਤਾ ਹੈ।" ਉਹਨਾਂ ਕਿਹਾ ਕਿ, "ਇਸ ਸਕੈਂਡਲ ਦੇ ਨਤੀਜੇ ਵਜੋਂ ਖੇਤ ਮਜ਼ਦੂਰਾਂ ਨੂੰ ਕੰਮ ਦੀਆਂ ਖਤਰਨਾਕ ਹਾਲਤਾਂ ਵਿਚ ਸੁਧਾਰ ਕਰਨ ਦੀ ਬਹੁਤ ਘੱਟ ਆਸ ਹੈ।"

ਵੈਨਕੂਵਰ ਦੇ ਦੋਨੇਂ ਵੱਡੇ ਅਖਬਾਰਾਂ ਵੈਨਕੂਵਰ ਸਨ (The Vancouver Sun) ਅਤੇ ਪ੍ਰੌਵਿੰਸ(The Province) ਨੇ ਸਰਕਾਰ ਦੇ ਇਸ ਫੈਸਲੇ ਦੀ ਆਪਦੇ ਸੰਪਾਦਕੀ ਲੇਖਾਂ ਵਿਚ ਨਿਖੇਧੀ ਕੀਤੀ ਹੈ।

ਸਮਗਲਿੰਗ ਦੇ ਮਾਲ ਤੇ ਅਕਾਲੀ ਆਗੂਆਂ ਦੀ ਲੜਾਈ—ਕੀ ਅਗਵਾ ਕੀਤੇ ਬੰਦੇ ਕਤਲ ਕਰ ਦਿਤੇ ?

ਜਲੰਧਰ—ਸਮਗਲਿੰਗ ਦਾ ਮਾਲ ਵੰਡਣ ਤੋਂ ਅਕਾਲੀ ਦਲ ਦੇ ਦੋ ਗਰੁਪਾਂ ਵਿਚਕਾਰ ਸ਼ੁਰੂ ਹੋਈ ਲੜਾਈ ਗੰਭੀਰ ਰੂਪ ਧਾਰਨ ਕਰਦੀ ਜਾ ਰਹੀ ਹੈ ਪਤਾ ਲੱਗਾ ਹੈ ਕਿ ਇਕ ਗਰੁਪ ਵਲੋਂ ਅਗਵਾ ਕੀਤੇ ਗਏ ਦੂਸਰੇ ਗਰੁਪ ਦੇ ਤਿੰਨ ਵਿਅਕਤੀ ਕਤਲ ਕਰ ਦਿਤੇ ਗਏ ਹਨ ?

ਸਰਹੱਦੀ ਖੇਤਰਾਂ ਦੇ ਪਿੰਡ ਰਣਗੜ੍ਹ ਦੇ ਇਕ ਉਘੇ ਅਕਾਲੀ ਆਗੂ ਨੇ ਕੁਝ ਦਿਨ ਪਹਿਲਾਂ ਸੰਤ ਹਰਚੰਦ ਸਿੰਘ ਲੌਂਗੋਵਾਲ ਤੋਂ ਮੰਗ ਕੀਤੀ ਸੀ ਕਿ ਉਹਨਾਂ ਦੇ ਅਗਵਾ ਕੀਤੇ ਵਿਅਕਤੀ ਵਾਪਸ ਦੁਆਏ ਜਾਣ। ਸਮਗਲਰਾਂ ਦੇ ਇਕ ਗਰੁਪ ਦਾ ਸਬੰਧ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਆਗੂ ਹਰਮਿੰਦਰ ਸਿੰਘ ਸੰਧੂ ਦੇ ਭਰਾ ਨਾਲ ਹੈ ਜਿਸ ਨੂੰ ਪੁਲਸ ਨੇ ਅਤਿਵਾਦੀ ਸਰਗਰਮੀਆਂ ਅਧੀਨ ਗ੍ਰਿਫਤਾਰ ਕੀਤਾ ਸੀ।

ਮਿੰਨੀ ਕਹਾਣੀ

"ਬਾਬੂ ਜੀ"

ਕੇਸਰ ਬਾਂਸਲ

"ਬਾਬੂ ਜੀ ਮੁਝੇ ਲੋਨ ਮਿਲੇਗਾ ?" ਇਹ ਕਹਿੰਦਿਆਂ ਹੋਇਆਂ ਇਕ ਗਰੀਬ ਕਿਸਾਨ ਬੈਂਕ ਦੇ ਬਾਬੂ ਦੇ ਸਾਹਮਣੇ ਖੜਾ ਹੋ ਗਿਆ। ਪਰ ਬਾਬੂ ਚੁਪ ਚਪੀਤੇ ਤੇ ਬਿਨਾਂ ਕੁਝ ਜਵਾਬ ਦਿੰਦੇ ਹੋਏ ਆਪਣੀਆਂ ਫਾਈਲਾਂ ਦੇ ਪੰਨੇ ਪਲਟ ਰਿਹਾ ਸੀ। ਸ਼ਾਇਦ ਕਿ ਬਾਬੂ ਨੇ ਉਸ ਗਰੀਬ ਕਿਸਾਨ ਦਾ ਇਹ ਸਵਾਲ ਸੁਣਿਆ ਹੀ ਨਾ ਹੋਵੇ। ਬਾਬੂ ਦੇ ਪਿਛਲੇ ਟੇਬਲ ਤੋਂ ਉਸਦੇ ਦੋਸਤ ਰਾਮੂ ਨੇ ਅਵਾਜ਼ ਦਿੰਦੇ ਹੋਏ ਕਿਹਾ "ਓ ਰਵੀ, ਕਿਆ ਅੱਜ ਪਾਨ-ਸ਼ਾਨ ਦੀ ਕੋਈ ਨਹੀਂ ਹੈ ?" ਰਵੀ ਨੇ ਵੀ ਉਸੇ ਹੀ ਅੰਦਾਜ਼ ਵਿਚ ਜਵਾਬ ਦਿਤਾ, "ਹਾਂ-ਹਾਂ ਚਲੋ।" ਦੋਵੇਂ ਬਾਬੂ ਗੱਲਾਂ ਬਾਤਾਂ ਕਰਦੇ ਹੋਏ ਬਾਹਰ ਨਿਕਲ ਗਏ। ਪਰ ਗਰੀਬ ਕਿਸਾਨ ਕੁਝ ਕਹਿੰਦਾ ਕਹਿੰਦਾ ਹੀ ਰੁਕ ਗਿਆ।

ਗਰੀਬ ਕਿਸਾਨ ਉਹਨਾਂ ਦੀ ਵਾਪਸੀ ਆਉਣ ਦੀ ਇੰਤਜ਼ਾਰ ਕਰ ਰਿਹਾ ਸੀ। ਲਗਪਗ 30-40 ਮਿੰਟਾਂ ਦੇ ਬਾਅਦ ਉਹ ਦੋਵੇਂ ਬਾਬੂ ਵਾਪਿਸ ਆਏ। ਦੋਵੇਂ ਬਾਬੂ ਗੱਲਾਂ-ਬਾਤਾਂ ਵਿਚ ਖੁਸ਼ ਨਜ਼ਰ ਆ ਰਹੇ ਸਨ ਤੇ ਗਰੀਬ ਦੀਆਂ ਅੱਖਾਂ ਵਿਚ ਵੀ ਖੁਸ਼ੀ ਦੀ ਲਹਿਰ ਦੌੜ ਆਈ ਕਿ ਹੁਣ ਲੋਨ ਜ਼ਰੂਰ ਹੀ ਮਿਲ ਜਾਵੇਗਾ। ਗਰੀਬ ਕਿਸਾਨ ਫਿਰ ਉਸੀ ਹੀ ਅਵਾਜ਼ ਵਿਚ ਗਿੜਗੜਾ ਕੇ ਬੋਲਿਆ, "ਬਾਬੂ ਜੀ ......!" ਉਹ ਬਾਬੂ ਬੜੇ ਹੀ ਗੁਸੇ ਭਰੀ ਅਵਾਜ਼ ਵਿਚ ਬੋਲਿਆ ਉਏ ਤੈਨੂੰ ਦਿਸਦਾ ਨਹੀਂ ਹੈ ਪਾਗਲਾ ਕਿ ਹੁਣ ਸਾਡਾ ਲੰਚ ਟਾਈਮ ਹੋ ਰਿਹਾ ਹੈ।" ਕਿਤੇ ਟਾਈਮ ਵੀ ਦੇਖ ਲਿਆ ਕਰੋ ਆ ਜਾਂਦੇ ਹਨ ਲੋਨ ਲੈਣ ਨੂੰ। ਪਰ ਵਿਚਾਰਾ ਕਿਸਾਨ ਬੜੀ ਹੀ ਨਿਮਰਤਾ ਨਾਲ ਬੋਲਿਆ, "ਅੱਛਾ ਬਾਬੂ ਜੀ ਸਾਹਿਬ ਜੀ।" ਪਰ ਉਹਨਾ ਦੇ ਬਾਬੂਆਂ ਦੇ ਆਫਿਸ ਦਾ ਲੰਚ ਸ਼ਾਮ ਦੇ ਚਾਰ ਵਜੇ ਤੱਕ ਚਲਦਾ ਰਿਹਾ। ਗਰੀਬ ਕਿਸਾਨ ਚਾਰ ਵਜੇ ਤਕ ਇਕ ਬੈਂਕ ਦੀ ਨੁਕਰ ਵਿਚ ਪਏ ਹੋਏ ਬੈਂਚ ਤੇ ਬੈਠਾ ਹੋਇਆ ਬੈਂਕ ਵਿਚ ਲੱਗੇ ਹੋਏ ਪੋਸਟਰਾਂ ਵੱਲ ਤੱਕਦਾ ਰਿਹਾ। ਟਰੈਕਟਰ ਚਲਾਉਂਦਾ ਹੋਇਆ ਕਿਸਾਨ, ਲਹਿਲਹਾਂਦੀਆਂ ਹੋਈਆਂ ਫਸਲਾਂ ਵਾਲੇ ਲੱਗੇ ਹੋਏ ਪੋਸਟਰ ਵਾਰ ਵਾਰ ਉਸਦੇ ਦਿਮਾਗ ਵਿਚ ਆ ਰਹੇ ਸਨ। ਇਹ ਸਭ ਕੁਝ ਵੇਖ ਕੇ ਉਸਦਾ ਮਨ ਖੁਸ਼ ਹੋ ਰਿਹਾ ਸੀ। ਉਸ ਦਫਤਰ ਦੇ ਸਭ ਲੋਕ ਹੌਲੀ ਹੌਲੀ ਦਫਤਰ ਵੱਲ ਆਉਣ ਲੱਗੇ ਉਹ ਬਾਬੂ ਜੀ ਆਪਣੀ ਕੁਰਸੀ ਤੇ ਆ ਕੇ ਬੈਠ ਗਿਆ ਅਤੇ ਦਰਾਜ ਵਿਚੋਂ ਕੁਝ ਫਿਲਮੀ ਮੈਗਜ਼ੀਨਾਂ ਦੇ ਵਰਕੇ ਪਲਟਣ ਲੱਗਾ। ਕਿਸਾਨ ਫਿਰ ਉਸ ਬਾਬੂ ਦੇ ਕੋਲ ਆਇਆ, ਤੇ ਨਿਮਰਤਾ ਨਾਲ ਕੁਝ ਕਹਿਣ ਲੱਗਾ, "ਬਾਬੂ ਜੀ ......।" ਉਸ ਕਿਸਾਨ ਦੇ ਲਫਜ਼ ਪੂਰੇ ਵੀ ਨਹੀਂ ਸਨ ਹੋਏ ਕਿ ਬਾਬੂ ਮੀਂਹ ਵਾਂਗੂੰ ਉਸ ਉਤੇ ਵਰਸ ਪਿਆ। ਕਿ ਤੈਨੂੰ ਮੈਂ ਸਵੇਰ ਤੋਂ ਦੇਖ ਰਿਹਾ ਹਾਂ ਕਿ ਤੂੰ ਮੇਰੇ ਸਿਰ ਤੇ ਸਵਾਰ ਹੋਇਆ ਏਂ, ਸਾਨੂੰ ਦਫਤਰ ਦਾ ਕੰਮ ਵੀ ਨਹੀਂ ਕਰਨ ਦਿੰਦਾ। ਤੇ ਫਿਰ ਬਾਬੂ ਨੇ ਚਪੜਾਸੀ ਨੂੰ ਇਕ ਤੇਜ਼ ਅਵਾਜ਼ ਦਿੱਤੀ, "ਉਏ ਹਰੀਆ .....।" ਹਰੀਆ ਉਸ ਕਿਸਾਨ ਨੂੰ ਦਫਤਰ ਵਿਚੋਂ ਧੱਕੇ ਮਾਰ ਕੇ ਬਾਹਰ ਕੱਢ ਗਿਆ ਸੀ ਤੇ ਦਫਤਰ ਦੇ ਸਭ ਲੋਕ ਆਪਣਾ ਆਪਣਾ ਕੰਮ ਕਰ ਰਹੇ ਸਨ।

ਅਕਾਲੀ ਅਸਤੀਫਿਆਂ ਬਾਰੇ ਫੈਸਲਾ ਸਪੀਕਰ ਸਮਾਗਮ ਉਠਣ ਤੋਂ ਬਾਅਦ ਦੇਣਗੇ।

ਜੀਪ ਪੁਲਸ ਦੀ ਮਿਲੀ ਭੁਗਤ ਨਾਲ ਹੀ ਚੌਕ ਮਹਿਤਾ ਲਈ ਰਵਾਨਾ ਹੋਈ ਸੀ ਪਰ ...?

ਜਲੰਧਰ—ਇਕ ਪੁਲਸ ਅਧਿਕਾਰੀ ਨੂੰ ਜ਼ਖਮੀ ਕਰਕੇ ਭੱਜ ਜਾਣ ਵਾਲੀ ਜੀਪ ਵਾਰੇ ਅਤਿਵਾਦੀ ਸਿੱਖ ਆਗੂ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਨੇ ਕਿਹਾ ਹੈ ਕਿ ਇਹ ਜੀਪ ਉਹਦੇ ਸ਼ਰਧਾਲੂਆਂ ਦੀ ਸੀ ਜਿਹੜੇ ਕਿ ਮਹਿਤਾ ਚੌਕ ਨੂੰ ਜਾ ਰਹੇ ਸਨ। ਭਰੋਸੇ ਯੋਗ ਵਸੀਲਿਆਂ ਤੋਂ ਪ੍ਰਾਪਤ ਰੀਪੋਰਟਾਂ ਅਨੁਸਾਰ ਇਹ ਗੱਲ ਠੀਕ ਹੈ ਕਿ ਇਹ ਜੀਪ ਅਸਲੇ ਨਾਲ ਭਰੀ ਹੋਈ ਸੀ ਕਿਉਂਕਿ ਸੰਤ ਜਰਨੈਲ ਸਿੰਘ ਅਕਾਲੀ ਆਗੂਆਂ ਨਾਲ ਮਤਭੇਦ ਪੈਦਾ ਹੋ ਜਾਣ ਕਰਕੇ ਗੁਰੂ ਨਾਨਕ ਨਿਵਾਸ ਵਿਚੋਂ ਨਿਕਲਕੇ ਚੌਕ ਮਹਿਤਾ ਜਾਣਾ ਚਾਹੁੰਦਾ ਹੈ ਅਤੇ ਇਸ ਤੋਂ ਪਹਿਲਾਂ ਉਹ ਸਾਰਾ ਸਾਜੋ ਸਮਾਨ ਉਥੇ ਪਹਚਾਉਣਾ ਚਾਹੁੰਦਾ ਹੈ। ਇਹ ਜੀਪ ਇਸੇ ਸਕੀਮ ਦਾ ਇਕ ਅੰਗ ਸੀ। ਇਹਨਾਂ ਸੂਤਰਾਂ ਨੇ ਕਿਹਾ ਕਿ ਜੀਪ ਗੁਰੂ ਨਾਨਕ ਨਿਵਾਸ ਵਿਚੋਂ ਕੁਝ ਪੁਲਸ ਅਫਸਰਾਂ ਦੀ ਮਦਦ ਨਾਲ ਹੀ ਰਾਤੀਂ ਦੋ ਵਜੇ ਨਿਕਲੀ ਸੀ ਅਤੇ ਇਸ ਨੇ ਚੁਪ ਚਾਪ ਚੌਕ ਮਹਿਤਾ ਪੁੱਜ ਜਾਣਾ ਸੀ। ਪਰ ਪੁਲਸ ਅਧਿਕਾਰੀਆਂ ਦੀ ਆਪਸ ਵਿਚ ਠਣ ਜਾਣ ਕਾਰਨ ਮਾਮਲਾ ਗੜਬੜ ਹੋ ਗਿਆ। ਇਥੇ ਇਹ ਵੀ ਵਰਨਣ ਯੋਗ ਹੈ ਕਿ ਅਕਾਲੀ ਦਲ ਦਾ ਇਕ ਧੜਾ ਵਾਰ ਵਾਰ ਇਹ ਜ਼ੋਰ ਪਾ ਰਿਹਾ ਹੈ ਕਿ ਜਿੰਨਾ ਚਿਰ ਭਿੰਡਰਾਂਵਾਲਾ ਗੁਰੂ ਨਾਨਕ ਨਿਵਾਸ ਵਿਚੋਂ ਬਾਹਰ ਨਹੀਂ ਨਿਕਲਦਾ ਉਨਾ ਚਿਰ ਮੋਰਚਾ ਕਿਸੇ ਕੰਢੇ ਨਹੀਂ ਲਗ ਸਕਦਾ।

ਅਤਿਵਾਦੀਆਂ ਨੂੰ ਗੁਰਦੁਆਰਿਆਂ ਵਿਚੋਂ ਕਢਿਆ ਜ ਵੇ-ਯੂਥ ਅਕਾਲੀ ਨੇਤਾ ਦੀਮੰਗ

ਬਾਬਾ ਬਕਾਲਾ — ਯੂਥ ਅਕਾਲੀ ਦਲ ਸਰਕਲ ਬਿਆਸ ਦੇ ਇਕ ਪਰਮੁਖ ਨੇਤਾ ਸਰਬਜੀਤ ਸਿੰਘ ਨੇ ਅਕਾਲੀ ਦਲ ਦੇ ਪ੍ਰਧਾਨ ਸੰਤ ਹਰਚੰਦ ਸਿੰਘ ਲੌਂਗੋਵਾਲ ਤੋਂ ਮੰਗ ਕੀਤੀ ਹੈ ਕਿ ਗੁਰਦੁਆਰਿਆਂ ਵਿਚ ਛਿਪੇ ਬੈਠੇ ਅਤਿਵਾਦੀ ਅੰਸਰਾਂ ਨੂੰ ਤੁਰੰਤ ਬਾਹਰ ਕਢਿਆ ਜਾਵੇ ਤਾਂ ਕਿ ਧਾਰਮਿਕ ਅਸਥਾਨਾਂ ਦੀ ਪਵਿੱਤਰਤਾ ਨੂੰ ਠੇਸ ਲਗਣ ਤੋਂ ਬਚਾਇਆ ਜਾ ਸਕੇ.

ਬੀਤੇ ਦਿਨ ਆਪਣੇ ਬਿਆਨ ਵਿਚ ਸਾ: ਸਰਬਜੀਤ ਸਿੰਘ ਨੇ ਅਕਾਲੀ ਨੇਤਾ ਤੇ ਸਾਬਕਾ ਮੰਤਰੀ ਜਥੇਦਾਰ ਜੀਵਨ ਸਿੰਘ ਉਮਰਾ ਨੰਗਲ ਦੇ ਬਿਆਨ ਦੀ ਭਰਪੂਰ ਹਮਇਤ ਕੀਤੀ ਕਿ ਅੱਤਵਾਦੀਆਂ ਨੂੰ ਗੁਰਦਵਾਰਿਆਂ ਵਿਚੋਂ ਬਾਹਰ ਕਢਿਆ ਜਏ ਯੂਥ ਅਕਾਲੀ ਨੇਤਾ ਨੇ ਕਿਹਾ ਕਿ ਯੂਥ ਅਕਾਲੀ ਦਲ ਉਹਨਾਂ ਲੀਡਰਾਂ ਦੀ ਨਿਖੇਧੀ ਕਰਦਾ ਹੈ ਜਿਹੜੇ ਜਥੇਦਾਰ ਉਮਰਨੰਗਲ ਦੀ ਮੰਗ ਦਾ ਵਿਰੋਧ ਕਰਦੇ ਹਨ.

ਸੀ. ਪੀ. ਐਮ. ਤੈਲਗੂ ਦੇਸ਼ਮ ਦੇ ਨਜ਼ਦੀਕ ਆਉਣ ਲੱਗੀ

ਕਲਕੱਤਾ—ਸਮਝਿਆ ਜਾ ਰਿਹਾ ਹੈ ਕਿ ਸੀ. ਪੀ. ਐਮ ਨੇ ਤੈਲਗੂ ਦੇਸਮ ਪਾਰਟੀ ਨਾਲ ਨਜ਼ਦੀਕੀ ਸਾਂਝ ਪਾਉਣ ਦਾ ਫੈਸਲਾ ਕਰ ਲਿਆ ਹੈ। ਭਰੋਸੇ ਯੋਗ ਸੂਤਰਾਂ ਅਨੁਸਾਰ ਸੀ. ਪੀ. ਐਮ ਦੀ ਕੇਂਦਰੀ ਕਮੇਟੀ ਦੀ ਬੈਠਕ ਵਿਚ ਸਿਆਸੀ ਹਾਲਾਤ ਖਾਸ ਕਰ ਦੱਖਣ ਵਿਚ ਹੋਈਆਂ ਚੋਣਾਂ ਦਾ ਜਾਇਜ਼ਾ ਲਿਆ ਗਿਆ। ਅਤੇ ਇਸ ਜਾਇਜ਼ੇ ਦੇ ਹਿੱਸੇ ਵਜੋਂ ਹੀ ਉਪਰੋਕਤ ਫੈਸਲਾ ਕੀਤਾ ਗਿਆ।

AMBIKA

Sale

5125 Victoria D
B.C. C
Phone: 3

Farine Atta ਆਟਾ
3.99 10 kg.

Vegetabl
2.99 3 lt

Almond ਬਦਾਮ
1.75 lb.

We reserve the right to limit quantities — Quantities until last.

2

Chicken Legs ਮੁਰਗੇ ਦੀਆਂ ਲੱਤਾਂ
1.28 lb. per box

Whole ਮੁਰਗਾ
9

Cashew ਕਾਜੂ
3.29 lb.

Amla Achar ਔਲ
Lotus Root P

FOODS

Sale

ive Vancouver,
nada
27-0295

Sale 1st to 10th April 1983

Oil
ਜੀਟੇਬਲ ਆਇਲ

Basmati Rice
69¢ lb. ਬਾਸਮਤੀ ਚਾਵਲ

ਗੰਢੇ Onion
5 lb. 2.89

All ਦਾਲਾਂ Daal
Special Sale

Chicken
9¢ lb. per box.

Pachranga can
1.99 ਪਚਰੰਗਾ ਆਚਾਰ each

ਦਾ ਆਚਾਰ
ਅ
ckle

Haldi
79¢ lb.
ਹਲਦੀ

ਸੁਹਾਗਾ ਤਵਾਸੀਰ
ਠੀਕਰੀ ਨੁਸ਼ਾਦਰ ਚਵਨ ਪਰਾਸ਼
Suhaga Tabasir
Thikri Nushadar
Chawan Prash
Available Now

ਸਿੰਘ ਸਾਹਿਬ ਦੀ ਸ਼ਹਾਦਤ (ਨਾਵਲ)

ਸਿੰਘ ਸਾਹਿਬ ਭਾਈ ਬਲਵੰਤ ਸਿੰਘ ਜੀ(ਪਿੰਡ ਖੁਰਦਪੁਰ,ਜ਼ਿਲਾ ਜਲੰਧਰ) .ਖਾਲਸਾ ਦੀਵਾਨ ਸੋਸਾਇਟੀ ਗੁਰਦੁਆਰਾ ਵੈਨਕੂਵਰ, ਕੈਨੇਡਾ ਦੀ ਜੀਵਨ ਗਾਥਾ।

(ਲੜੀਵਾਰ)

ਕਿਸ਼ਤ ਦਸਵੀਂ

ਕੇਸਰ ਸਿੰਘ ਨਾਵਲਿਸਟ



ਕਾਂਡ 22

ਨੱਥਾ ਸਿੰਘ ਨੇ ਅਮਾਨ ਉਲ੍ਹਾ ਦਾ ਬੂਹਾ ਖੜਕਾਇਆ। ਉਹ ਲੇਟ ਜਾਣ ਦੀਆਂ ਤਿਆਰੀਆਂ ਕਰ ਰਿਹਾ ਸੀ। ਜਦ ਦੂਜੀ ਵਾਰ ਬੂਹਾ ਖੜਕਾਇਆ ਤਾਂ ਉਸ ਨੇ ਅੰਦਰੋਂ ਭੀਤਾਂ ਵਿਚੋਂ ਵੇਖ ਕੇ, ਥੋੜ੍ਹਾ ਜਿਹਾ ਬੂਹਾ ਖੋਲ੍ਹ ਕੇ, ਬਾਹਰ ਵੱਲ ਵੇਖਿਆ। ਉਹ ਸਿਰੋਂ ਨੰਗਾ ਸੀ। ਗਲ ਉਸਦੇ ਲੰਮਾ ਜਿਹਾ ਕੁੜਤਾ ਤੇ ਲਕ ਤਹਿਮਤ। ਉਸ ਨੇ ਕੰਧ ਨਾਲ ਲੱਗ ਕੇ ਖਲੋਤੇ ਨੱਥਾ ਸਿੰਘ ਨੂੰ ਵੇਖ ਕੇ, ਸੱਜੇ ਹੱਥ ਵਿਚ ਫੜਿਆ ਹੋਇਆ ਪਿਸਤੌਲ ਆਪਣੀ ਡੱਬ ਵਿਚ ਰਖੱਦਿਆਂ ਪੁੱਛਿਆ—"ਨੱਥਾ! ਕਿਆ ਬਾਤ ਹੈ? ਨਸ਼ੇ ਮੇਂ ਹੈ। ਤਾੜੀ ਬਹੁਤ ਪੀ ਲੀਆ। ਜਾਹ। ਘਰ ਜਾਹ। ਸੁਬਾ ਮਿਲੇਗਾ।"

"ਨਹੀਂ ਖਾਨ! ਤੂੰ ਬਾਹਰ ਆ। ਤੇਰੇ ਨਾਲ ਬੜੀ ਜ਼ਰੂਰੀ ਗੱਲ ਕਰਨੀ ਆਂ।"

"ਸੁਬਾ ਕਰੇਗਾ।"

"ਨਹੀਂ ਤੂੰ ਹੁਣੇ ਬਾਹਰ ਆ।"

"ਕਿਆ ਮਦਤ ਮਾਂਗਤਾ। ਕਿਸੀ ਸੇ ਲੜਾਈ ਝਗੜਾ ਹੋ ਗਿਆ?"

"ਨਹੀਂ ਖਾਨ, ਨਹੀਂ। ਮੈਨੂੰ ਅੰਦਰ ਆ ਲੈਣ ਦੇਹ।"

ਅਮਾਨ ਉਲਾ ਕਦੇ ਕਿਸੇ ਦੋਸਤ ਨੂੰ ਆਪਣੇ ਘਰ ਨਹੀਂ ਸੀ ਲਿਆਉਂਦਾ। ਉਸ ਦੀ ਔਰਤ ਪਰਦਾ ਕਰਦੀ ਸੀ। ਉਸ ਨੇ ਜ਼ਰਾ ਖਹੁਰੀ ਅਵਾਜ਼ ਵਿਚ ਕਿਹਾ—ਨੱਥੇ ਕਾ ਤੁਖਮ। ਤੁਮ ਹਮਾਰੇ ਘਰ ਕੈਸੇ ਆਏਗਾ। ਜਾਹ ਭਾਗ ਜਾਹ। ਸੁਬਾ ਮਿਲੇਗਾ।"

ਨੱਥਾ ਸਿੰਘ ਨੇ ਉਸਦੀ ਬਾਂਹ ਫੜ ਲਈ ਤੇ ਤਰਲੇ ਨਾਲ ਕਿਹਾ—"ਖਾਨ! ਬਹੁਤ। ਜ਼ਰੂਰੀ ਕੰਮ ਐ। ਤੂੰ ਮੇਰੇ ਘਰ ਚਲ।"

ਅਮਾਨ ਉਲਾ ਜਾਣਾ ਨਹੀਂ ਸੀ ਚਾਹੁੰਦਾ ਪਰ ਮਜ਼ਬੂਰ ਹੋ ਕੇ ਉਸ ਦੇ ਨਾਲ ਜਾਣ ਲਈ ਤਿਆਰ ਹੋ ਪਿਆ। ਸੋਚਣ ਲੱਗਾ ਕਿ ਤਾੜੀ ਦੇ ਦੋ ਗਲਾਸ ਵੀ ਪੀ ਆਵੇਗਾ।

ਭਾਈ ਸਾਹਬ ਤੇ ਠਾਕਰ ਸਿੰਘ ਨੂੰ ਨੱਥਾ ਸਿੰਘ ਦੇ ਘਰ ਦੇਖ ਕੇ ਅਮਾਨ ਉਲਾ ਕੁਝ ਹੈਰਾਨ ਜਿਹਾ ਹੋ ਪਿਆ। ਉਹ ਠੰਠਬਰ ਕੇ ਖਲੋ ਗਿਆ। ਕੁਝ ਸੋਚਦਿਆਂ ਸੋਚਦਿਆਂ ਉਨ੍ਹਾਂ ਨਾਲ ਹੱਥ ਮਿਲਾ ਕੇ ਮੰਜੀ ਉਤੇ ਬੈਠ ਗਿਆ। ਨੱਥਾ ਸਿੰਘ ਨੇ ਕਿਹਾ—"ਖਾਨ ਸਾਹਿਬ! ਇਹ ਮੇਰੇ ਦੋਸਤ ਐ। ਇਹਨਾਂ ਨੂੰ ਹੱਦ ਟਪਾਣੀ ਐ ਸਵੇਰੇ ਸਵੇਰੇ। ਮੈਂ ਵੀ ਨਾਲ ਚਲੂੰ।"

ਅਮਾਨ ਉਲਾ ਕਦੇ ਠਾਕਰ ਸਿੰਘ ਵੱਲ ਵੇਖਦਾ ਤੇ ਕਦੇ ਭਾਈ ਸਾਹਬ ਵੱਲ। ਨੱਥਾ ਸਿੰਘ ਫਿਰ ਬੋਲ ਪਿਆ—"ਮੈਂ ਇਹਨਾਂ ਨੂੰ ਕਿਹੈ, ਏਥੇ ਹੀ ਕੰਮ ਕਰ ਲਓ। ਇਹ ਨਹੀਂ ਮੰਨਦੇ। ਕਹਿੰਦੇ ਐ, ਸੋਨੇ ਦੀ ਕਾਨਾਂ 'ਚ ਕੰਮ ਕਰਨੈ। ਤੂੰ ਇਹਨਾਂ ਨੂੰ ਹਨੇਰੇ ਹਨੇਰੇ ਹੱਦ ਟਪਾ ਦੇਹ।"

ਅਮਾਨ ਉਲਾ ਨੇ ਭਾਈ ਸਾਹਬ ਦੀਆਂ ਅੱਖਾਂ ਵਿਚ ਅੱਖਾਂ ਪਾ ਕੇ ਭਰਵੀਂ ਅਵਾਜ਼ ਵਿਚ ਕਿਹਾ—"ਸੀਖ ਲੋਗ ਬਹੁਤ ਖਤਰਨਾਕ ਹੈ। ਜਬ ਹਮ ਤੁਮ ਕੋ ਦੇਖਾ ਹਮ ਅਪਨੇ ਦਿਲ ਮੇ ਬੋਲਾ ਯਹ ਬਹੁਤ ਬੜਾ ਆਦਮੀ ਹੈ। ਬਹੁਤ ਆਲਮ ਮਾਲੂਮ ਹੋਤਾ ਹੈ। ਹਮ ਸੇ ਛੁਪਾਤਾ ਹੈ। ਫੌਜ ਕੋ ਬਿਗਾੜਨੇ ਵਾਲਾ ਸੀਖ ਹੈ। ਹਮ ਭੀ ਜਮਾਨਾ ਦੇਖਾ ਹੈ। ਚਾਲ ਦੇਖ ਕੇ ਪਹਚਿਾਨ ਲੇਤਾ ਹੈ।" ਕਹਿੰਦਿਆਂ ਉਸ ਨੇ ਚੌਹੀਂ ਪਾਸੀਂ ਨਜ਼ਰ ਮਾਰੀ।

ਭਾਈ ਸਾਹਬ ਤੇ ਠਾਕਰ ਸਿੰਘ ਅਮਾਨ ਉਲਾ ਦੀਆਂ ਗੱਲਾਂ ਸੁਣ ਕੇ ਹੈਰਾਨ ਹੋ ਗਏ। ਉਨ੍ਹਾਂ ਦੇ ਮਨ ਵਿਚ ਕੁਝ ਤੌਖਲਾ ਉਠ ਆਇਆ। ਠਾਕਰ ਸਿੰਘ ਆਪਣੇ ਥੈਲੇ ਵਿਚ ਪਏ ਪਿਸਤੌਲ ਨੂੰ ਟੋਹਣ ਲੱਗ ਪਿਆ। ਨੱਥਾ ਸਿੰਘ ਨੂੰ ਅਮਾਨ ਉਲਾ ਦੀ ਕੋਈ ਗੱਲ ਸਮਝ ਨਹੀਂ ਸੀ ਆ ਰਹੀ। ਅਮਾਨ ਉਲਾ ਬੋਲ ਪਿਆ—"ਹਮ ਪਠਾਣ ਹੈ। ਹਰਾਮ ਤੁਖਮ ਨਹੀਂ ਹੈ। ਹਮਾਰਾ ਬੀਬੀ ਬੱਚਾ ਹੈ। ਡਰ ਕੇ ਰਹਿਤਾ ਹੈ। ਹਮ ਤੋ ਕਰਨੇ ਕੁਛ ਨਹੀਂ ਸਕਤਾ।" ਬਾਹਰ ਕੁਝ ਖੜਾਕ ਹੋਇਆ। ਸਭ ਦਾ ਧਿਆਨ ਉਸ ਪਾਸੇ ਹੋ ਗਿਆ। ਨੱਥਾ ਸਿੰਘ ਨੇ ਬੂਹਾ ਖੋਲ੍ਹ ਕੇ ਬਾਹਰ ਤਕਿਆ। ਇਕ ਮੁੰਡਾ ਲੰਘਦਾ ਲੰਘਦਾ ਉਸ ਦੇ ਬੂਹੇ ਨੂੰ ਧੱਕਾ ਮਾਰ ਗਿਆ ਸੀ। ਉਸ ਨੇ ਮੁੜ ਕੇ ਅਮਾਨ ਉਲਾ ਦੇ ਕੋਲ ਖਲੋਂਦਿਆਂ ਕਿਹਾ—"ਖਾਨ, ਹਨੇਰੇ ਹਨੇਰੇ ਆ ਜਾਈਂ। ਇਨ੍ਹਾਂ ਨੂੰ ਹੱਦ ਟਪਾ ਆਈਏ।"

"ਜਬਆਪ ਲੋਗ ਮਿਲਾ, ਹਮ ਘਰ ਪਹੁੰਚਾ। ਵੁਹ ਹਰਾਮ ਤੁਖਮ, ਮੇਰੀ ਬੇਗਮ ਕਾ ਭਾਈ—ਗਫੂਰ ਆਗੇ ਘਰ ਬੈਠਾ ਥਾ। ਹਮ ਕੋ ਪੱਕਾ ਯਕੀਨ ਹੋ ਗਿਆ ਕਿ ਵੁਹ ਖਰ-ਤੁਖਮ ਤੁਮਾਰੇ ਪੀਛੇ ਲੱਗਾ ਹੋਗਾ। ਤੁਮ ਲੋਗ ਫੌਜ ਕੋ ਬਿਗਾੜ ਕੇ ਆਇਆ ਹੋਗਾ। ਅਬੀ ਗੋਰਾ—ਬਾਰਕ ਮੇਂ ਗਿਆ ਹੂਆ ਹੈ। ਕਹਿਤਾ ਥਾ ਰਾਤ ਕੋ ਵਹੀਂ ਰਹੇਗਾ। ਔਰ ਸੁਬਾ ਨਾਸ਼ਤਾ ਹਮਾਰੇ ਘਰ ਕਰੇਗਾ। ਸਰਦਾਰ! ਤੁਮ ਬਹੁਤ ਖਤਰਨਾਕ ਲੋਕ ਹੈ। ਹਮਾਰਾ ਦਿਲ ਤੁਮਾਰੇ ਸਾਥ ਹੈ ਲੇਕਿਨ ਸਾਲਾ ਗਫੂਰ ...।" ਕਹਿ ਕੇ ਉਹ ਚੁੱਪ ਹੋ ਗਿਆ।

ਮੌਕਾ ਤਾੜ ਕੇ ਭਾਈ ਸਾਹਬ ਨੇ ਕਿਹਾ—"ਖਾਨ ਸਾਹਬ! ਪਠਾਨ ਦੀ ਕੌਮ ਬਹੁਤ ਬਹਾਦਰ ਕੌਮ ਹੈ। ਆਪ ਲੋਗ ਕੌਮ ਪ੍ਰਸਤ ਹੈ।"

ਅਮਾਨ ਉਲਾ ਦੇ ਚਿਹਰੇ ਉਤੇ ਖੁਸ਼ੀ ਆ ਗਈ। ਜਗ ਰਹੀ ਲਾਲਟੈਨ ਭੱਪ ਭੱਪ ਕਰਕੇ ਬੁੱਝ ਗਈ। ਨੱਥਾ ਸਿੰਘ ਜਗਾਉਣ ਲੱਗਾ ਤਾਂ ਅਮਾਨ ਉਲਾ ਨੇ ਕਿਹਾ —"ਸਰਦਾਰ! ਮੱਤ ਜਲਾ।" ਉਸ ਨੇ ਉਠ ਕੇ ਭਾਈ ਸਾਹਬ ਦੇ ਕੋਲ ਬਹਿੰਦਿਆਂ ਉਨ੍ਹਾਂ ਦੀ ਸੱਜੀ ਬਾਂਹ ਫੜ ਕੇ ਦੱਸਿਆ—"ਵੁਹ ਸਾਲਾ ਗਫੂਰ ਏਕ ਔਰ ਹਰਾਮ-ਤੁਖਮ ਕੋ ਸਾਥ ਲਾਇਆ ਹੈ। ਵੁਹ ਭੀ ਜ਼ਰੂਰ "ਮਾਤਾ-ਗਲਾਫ" ਹੋਗਾ। ਵੁਹ ਸੀਖ ਹੈ ਪਰ ਉਸ ਕਾ ਦਾੜ੍ਹੀ ਆਧਾ ਆਧਾ ਹੈ। ਵੁਹ ਸਾਲਾ ਕਲ ਸ਼ਾਮ ਕਪੜਾ ਵਾਲੀ ਦੁਕਾਨ ਪਰ ਬੈਠਾ ਰਹਾ। ਅਬ ਹਮ ਕੋ ਸਭ ਬਾਤ ਮਾਲੂਮ ਹੋ ਗਿਆ। ਗਫੂਰ ਔਰ ਵੁਹ ਆਪ ਕੇ ਪੀਛੇ ਲੱਗਾ ਹੈ। ਤੁਮ ਲੋਕ ਸਿਆਮ ਕੋ ਭਾਗਤਾ ਹੈ।" ਉਸ ਨੇ ਉਠ ਕੇ ਆਕੜ ਭੰਨਦਿਆ ਕਿਹਾ—"ਹਮ ਅੱਲਸੁਬਾ ਆ ਜਾਏਗਾ। ਹਮ ਕਿਸੀ ਸੇ ਡਰਨੇ ਵਾਲਾ ਨਹੀਂ ਹੈ। ਪਠਾਨ ਕਾ ਬੇਟਾ ਹੈ। ਹਮਾਰਾ ਵਾਲਦ ਸਾਹਿਬ ਭੀ ਗੋਰਾ ਲੋਗ ਕੋ ਗ਼ਾਲੀ ਨਿਕਾਲਤਾ ਥਾ।" ਕਹਿ ਕੇ ਉਹ ਬਾਹਰ ਵੱਲ ਤੁਰ ਪਿਆ। ਨੱਥਾ ਸਿੰਘ ਨੂੰ, ਭਾਈ ਸਾਹਬ ਤੇ ਠਾਕਰ ਸਿੰਘ ਤੋਂ ਡਰ ਲੱਗਣ ਲੱਗ ਪਿਆ। ਉਹ ਵੀ ਅਮਾਨ ਉਲਾ ਦੇ ਨਾਲ ਹੀ ਬਾਹਰ ਨਿਕਲ ਤੁਰਿਆ—ਬਾਹਰ ਨਿਕਲਦਿਆਂ ਹੀ ਅਮਾਨ ਉਲਾ ਨੇ ਨੱਥਾ ਸਿੰਘ ਦਾ ਸੱਜਾ ਡੌਲਾ ਘੁਟਦਿਆਂ ਕਿਹਾ—"ਚਲ ਨੱਥੇ ਸਰਦਾਰ! ਅਬ ਤਾੜੀ ਕੇ ਦੋ ਗਲਾਸ ਪਿਲਾ ਦੇ। ਬੇਗਮ ਤੋ ਸੋ ਗਈ ਹੋਗੀ।"

ਕਾਂਡ 23

ਅਮਾਨ ਉਲਾ ਤੇ ਠਾਕਰ ਸਿੰਘ ਨਿਕਲੇ ਹੀ ਸਨ ਕਿ ਭਾਈ ਸਾਹਬ ਨੇ ਕਿਹਾ—"ਛੇਤੀ ਸੌਂ ਜਾਈਏ। ਤੜਕੇ ਉਠਣਾ ਹੋਵੇਗਾ।"

"ਨੱਥਾ ਸਿਹੁੰ ਪਤਾ ਨਹੀਂ ਕਦੋਂ ਮੁੜੇ?"

"ਉਹ ਬਾਹਰੋਂ ਜੰਦਾ ਮਾਰ ਗਿਆ ਹੈ। ਜਦ ਜੀਆ ਚਾਹੇਗਾ ਆ ਜਾਏਗਾ।" ਭਾਈ ਸਾਹਿਬ ਲੇਟ ਗਏ। ਠਾਕਰ ਸਿੰਘ ਲੇਟਦਾ ਹੀ ਸੌਂ ਗਿਆ। ਉਹ ਘੁਰਾੜੇ ਮਾਰ ਰਿਹਾ ਸੀ। ਭਾਈ ਸਾਹਬ ਨੂੰ ਨੀਂਦ ਨਹੀਂ ਸੀ ਆ ਰਹੀ। ਉਹ ਉਠ ਕੇ ਬੈਠ ਗਏ। ਉਨ੍ਹਾਂ ਨੇ ਨਿੱਕੀ ਦਸਤਾਰ ਮੁੜ ਕੇ ਘੁੱਟ ਕੇ ਬੱਧੀ ਤੇ ਮੁੜ ਕੇ ਲੇਟ ਗਏ। ਲੰਮੇ ਪੈਂਦਿਆਂ ਹੀ ਉਹਨਾਂ ਦਾ ਧਿਆਨ ਕਰਤਾਰ ਕੌਰ ਤੇ ਬੱਚਿਆਂ ਵੱਲ ਚਲਾ ਗਿਆ। ਉਨ੍ਹਾਂ ਦਾ ਮਨ ਸੀ ਕਿ ਉਹ ਪੀਨਾਂਗ ਉਤਰ ਕੇ ਭਾਵੇਂ ਉਨ੍ਹਾਂ ਨੂੰ ਨਹੀਂ ਮਿਲ ਸਕਣਗੇ ਪਰ ਉਸ ਜਹਾਜ਼ ਨੂੰ ਦੂਰੋਂ ਦੂਰੋਂ ਤਕ ਸਕਣਗੇ ਜਿਸ ਉਤੇ ਉਨ੍ਹਾਂ ਦਾ ਪਰਵਾਰ ਤੇ ਉਨਾਂ ਦਾ ਜਾਨੀ ਮਿਤਰ ਕਰਤਾਰ ਸਿੰਘ ਨਵਾਂ ਚੰਦ ਦੇਸ ਨੂੰ ਜਾ ਰਹੇ ਸਨ।

ਉਨ੍ਹਾਂ ਨੇ ਖਤਰਿਆਂ ਨੂੰ ਟਾਲਣ ਲਈ, ਮਜ਼ਬੂਰ ਹੋ ਕੇ, ਪੀਨਾਂਗ ਵਾਲੇ ਰਾਹ ਦਾ ਖਿਆਲ ਛੱਡ ਕੇ ਕੋਤਾਭਾਰੂ ਵਾਲਾ ਰਾਹ ਫੜਿਆ ਸੀ। ਉਹ ਸੋਚ ਰਹੇ ਸਨ ਕਿ ਕੀ ਉਹ ਜਹਾਜ਼ ਅਜੇ ਤੱਕ ਪੀਨਾਂਗ ਦੀ ਖਾੜੀ ਵਿਚ ਹੀ ਖਲੋਤਾ ਹੋਵੇਗਾ। ਉਹ ਖਿਆਲਾਂ ਹੀ ਖਿਆਲਾਂ ਵਿਚ ਪੀਨਾਂਗ ਪਹੁੰਚ ਗਏ। ਪੀਨਾਂਗ ਦੀ ਜੈੱਟੀ ਤੋਂ ਦੂਰ ਖਲੋ ਕੇ ਕਲਪਤ ਜਹਾਜ਼ ਨੂੰ ਤੱਕਣ ਲੱਗ ਪਏ। ਉਨ੍ਹਾਂ ਨੂੰ ਜਹਾਜ਼ ਵਿਚੋਂ ਹਰਦਿਆਲ ਸਿੰਘ ਦੇ ਰੋਣ ਦੀ ਅਵਾਜ਼ ਸੁਣਨ ਲੱਗ ਪਈ। ਉਹ "ਬਾਪੂ-ਬਾਪੂ" ਵਾਜਾਂ ਮਾਰ ਰਿਹਾ ਸੀ। ਉਨ੍ਹਾਂ ਨੇ ਖਿਆਲਾਂ ਹੀ ਖਿਆਲਾਂ ਵਿਚ ਹਰਿਦਿਆਲ ਸਿੰਘ ਨੂੰ ਆਪਣੀ ਛਾਤੀ ਨਾਲ ਘੁਟ ਲਿਆ। ਊਧਮ ਕੌਰ ਤੇ ਨਿਰੰਜਨ ਕੌਰ ਦੀਆਂ ਰੋਣ ਦੀਆਂ ਅਵਾਜਾਂ ਉਨ੍ਹਾਂ ਦੇ ਕੰਨਾਂ ਵਿਚ ਪੈਣ ਲੱਗ ਪਈਆਂ। ਉਨ੍ਹਾਂ ਨੇ ਦੋਵੇਂ ਹੱਥ ਆਪਣੇ ਕੰਨਾਂ ਉਤੇ ਰੱਖ ਲਏ। ਉਨ੍ਹਾਂ ਨੇ ਕਰਤਾਰ ਕੌਰ ਨੂੰ ਆਪਣੇ ਸਾਹਮਣੇ ਖਲੋਤਿਆਂ ਤਕਿਆ। ਉਹ ਕਹਿ ਰਹੀ ਸੀ—"ਦਸਮ ਪਾਤਸ਼ਾਹ ਮਿਹਰ ਕਰੀਂ! ਮੇਰੇ ਪਤੀ ਦੇ ਸੀਸ ਉਤੇ ਆਪਣੀ ਮਿਹਰ ਦਾ ਹੱਥ ਰੱਖੀਂ। ਸਿੱਖੀ-ਸਿਦਕ ਕੇਸਾਂ-ਸੁਆਸਾਂ ਨਾਲ ਨਿਭਾਈਂ ਚੜ੍ਹਦੀਆਂ ਕਲਾਂ ਰੱਖੀਂ। ਮੇਰੇ ਮਨ ਨੂੰ ਡੋਲਣ ਤੋਂ ਬਚਾਈਂ।" ਇਹ ਖਿਆਲ ਆਉਂਦਿਆਂ ਹੀ ਭਾਈ ਸਾਹਬ ਉਠ ਕੇ ਬੈਠ ਗਏ। ਸੋਚਣ ਲੱਗੇ ਕਿ ਉਨ੍ਹਾਂ ਦਾ ਆਪਣਾ ਮਨ, ਆਪਣੀ ਪਤਨੀ ਤੇ ਬੱਚਿਆਂ ਦੇ ਮੋਹ ਵਿਚ ਕਿਉਂ ਡੋਲ ਰਿਹਾ ਹੈ। ਉਹ ਮੂੰਹ ਵਿਚ ਹੀ ਸ਼ਬਦ ਪੜ੍ਹਨ ਲੱਗ ਪਏ—

"ਹਮ ਅਵਗੁਣ ਭਰੇ ਏਕ ਗੁਣ ਨਾਹੀ।
ਅੰਮ੍ਰਿਤ ਛਾਡ ਬਿਖੈ ਬਿਖ ਖਾਹੀਂ॥
ਮਾਇਆ ਮੋਹ ਭਰਮ ਪਹਿ ਭੂਲੇ,
ਸੁਤ ਦਾਰਾ ਸਿਉ ਪ੍ਰੀਤਿ ਲਗਾਈ॥
ਇਕ ਉਤਮ ਪੰਥ ਸੁਣਿਓ ਗੁਰ ਸੰਗਤ,
ਤਿਹ ਮਿਲੰਤ ਜਮ ਤਰਾਸ ਮਿਟਾਈ॥
ਇਕ ਅਰਦਾਸ ਭਾਟ ਕੀਰਤ ਕੀ,
ਗੁਰ ਰਾਮਦਾਸ ਰਾਖਹੁ ਸਰਣਾਈ॥

ਉਹ ਆਪਣੇ ਮਨ ਨੂੰ ਕਾਬੂ ਕਰਕੇ ਪਰਵਾਰ ਦੇ ਮੋਹ ਤੋਂ ਆਜ਼ਾਦ ਕਰਾਉਣ ਦਾਂ ਤਰਲਾ ਲੈ ਰਹੇ ਸਨ ਪਰ ਉਨ੍ਹਾਂ ਦਾ ਮਨ ਤਿਲਕ ਤਿਲਕ ਜਾ ਰਿਹਾ ਸੀ। ਉਨ੍ਹਾਂ ਨੇ ਚੌਕੜੀ ਮਾਰ ਲਈ। ਸਾਵਧਾਨ ਹੋ ਕੇ ਬੈਠ ਗਏ। ਚੰਗੀ ਭਲੀ ਬੱਧੀ ਨਿੱਕੀ ਦਸਤਾਰ ਉਨ੍ਹਾਂ ਫਿਰ ਖੋਲ੍ਹੀ। ਫਿਰ ਹੋਰ ਘੁੱਟ ਕੇ ਬੱਧੀ।

ਬੂਹੇ ਦਾ ਖੜਾਕ ਹੁੰਦਿਆਂ ਉਹਨਾਂ ਦਾ ਧਿਆਨ ਉਧਰ ਚਲਾ ਗਿਆ। ਨੱਥਾ ਸਿੰਘ ਜਿੰਦਰਾ ਖੋਲ੍ਹ ਰਿਹਾ ਸੀ। ਉਹ ਅੰਦਰ ਵੜਦਾ ਹੀ ਲੜਖੜਾ ਰਿਹਾ ਸੀ। ਤਾੜੀ ਦੇ ਨਸ਼ੇ ਵਿਚ ਉਹ ਲੜਖੜਾਂਦਾ ਮੰਜੇ ਵੱਲ ਜਾਂਦਾ ਡਿੱਗ ਪਿਆ। ਭਾਈ ਸਾਹਬ ਨੇ ਉਠ ਕੇ, ਉਸ ਨੂੰ ਉਠਾਅ ਕੇ ਸੰਭਾਲ ਕੇ ਉਸ ਦੇ ਮੰਜੇ ਉਤੇ ਲਿਟਾਇਆ। ਉਸ ਦੀ ਭੁੰਜੇ ਲਮਕਦੀ ਆ ਰਹੀ ਪੱਗ ਸੰਭਾਲ ਕੇ ਉਸ ਦੇ ਮੰਜੇ ਉਤੇ ਰੱਖੀ। ਉਹ ਮੂੰਹ ਹੀ ਮੂੰਹ ਵਿਚ ਕੁਝ ਬੁੜ ਬੁੜਾ ਰਿਹਾ ਸੀ। ਭਾਈ ਸਾਹਬ ਨੇ ਉਸਦੇ ਬੂਟਾਂ ਦੇ ਤਸਮੇ ਖੋਲ੍ਹ ਕੇ ਉਸ ਦੇ ਬੂਟ ਲਾਹੇ। ਹੱਥ ਧੋਤੇ। ਫਿਰ ਆਪਣੇ ਮੰਜੇ ਉਤੇ ਚੌਂਕੜੀ ਮਾਰ ਕੇ ਕੀਰਤਨ ਸੋਹਿਲੇ ਦਾ ਪਾਠ ਕਰਨ ਲੱਗ ਪਏ। ਠਾਕਰ ਸਿੰਘ ਖੱਬੇ ਪਾਸੇ ਤੇ ਨੱਥਾ ਸਿੰਘ ਸੱਜੇ ਪਾਸੇ ਸੁੱਤੇ ਘੁਰਾੜੇ ਮਾਰ ਰਹੇ ਸਨ।

(ਚਲਦਾ)

"ਗੁਰੂ ਪੰਥ ਗੁਲਾਮ ਨਹੀਂ ਹੋ ਸਕਦਾ"

ਗੁਰਦੇਵ ਸਿੰਘ 'ਮਾਨ'



ਗੁਰੂ ਪੰਥ ਵਿਸਾਖੀ ਨੂੰ ਹੋਇਆ ਪ੍ਰਗਟ, ਇਹਦਾ ਸਾਨੀ ਕੋਈ ਨਹੀਂ ਹੋ ਸਕਦਾ
ਵਰ ਮੇਚ ਕਹੇ ਇਹਦੀ ਕ੍ਰਿਪਾਨ ਦੇ ਨਾਲ, ਦੁਨੀਆਂ ਵਿਚ ਨਹੀਂ ਕੋਈ ਖਲੋ ਸਕਦਾ
ਇਹਦੀਆਂ ਜੜ੍ਹਾਂ ਪਤਾਲ ਤੋਂ ਡੂੰਘੀਆਂ ਨੇ, ਕੋਈ ਜੜ੍ਹਾਂ ਵਿਚ ਤੇਲ ਨਹੀਂ ਚੋ ਸਕਦਾ
ਜੋ ਜੋ ਨਾਲ ਕੁਰਬਾਨੀਆਂ ਉਕਰੀਆਂ ਨੇ, ਇਹਦੀਆਂ ਕਰਨੀਆਂ ਕੋਈ ਨਹੀਂ ਧੋ ਸਕਦਾ
ਬੂਟਾ ਸਦਾ ਬਹਾਰ ਹੈ ਧਰਮ ਦਾ ਇਹ, ਇਹਦੀ ਖੋਹ ਨਹੀਂ ਕੋਈ ਖੁਸ਼ਬੋ ਸਕਦਾ
ਉਲਟ ਸਕਦੇ ਨੇ ਧਰਤ ਅਕਾਸ਼ ਦੋਵੇਂ,(ਪਰ) ਗੁਰੂ ਪੰਥ ਗੁਲਾਮ ਨਹੀਂ ਹੋ ਸਕਦਾ॥

ਪੰਥ ਹੋਇਆ ਗੁਲਾਮ ਨਾ ਅੱਜ ਤੀਕਣ, ਨਾ ਹੀ ਪੀਣਾ ਤੌਕ ਗੁਲਾਮੀਆਂ ਦਾ
ਸਿੱਧਾ ਨਾਲ ਅਕਾਲ ਦੇ ਹੈ ਰਿਸ਼ਤਾ, ਮੇਰੇ ਸਤਿਗੁਰਾਂ ਪੰਥ ਦੇ ਬਾਨੀਆਂ ਦਾ
ਹੋਈਆਂ ਸਾਜ਼ਸ਼ਾਂ ਪੰਥ ਵਿਰੁਧ ਲੱਖਾਂ, ਚੱਕਰ ਚੱਲਦਾ ਰਿਹਾ ਸ਼ੈਤਾਨੀਆਂ ਦਾ
ਸਦਾ ਚੜ੍ਹਦੀਆਂ ਕਲਾਂ ਵਿਚ ਰਿਹਾ ਐਪਰ, ਗੁਰ ਪੰਥ ਇਹ ਸਿਰਾਂ ਦੇ ਦਾਨੀਆਂ ਦਾ
ਪੰਥ ਖਾਲਸੈ, 'ਸੂਰਜ' ਦੂਤੀ - ਖਾਰੀ ਹੇਠ ਨਹੀਂ ਇਹਨੂੰ ਲੁਕੋ ਸਕਦਾ
ਸਾਗਰ ਸੁੱਕ ਸਕਦੇ, ਪਰਬਤ ਝੁਕ ਸਕਦੇ, (ਪਰ) ਗੁਰੂ ਪੰਥ ਗੁਲਾਮ ਨਹੀਂ ਹੋ ਸਕਦਾ॥

ਇਹਦੇ ਖੂਨ ਦੇ ਹੜ੍ਹ ਵਗਾ ਕੇ ਵੀ, ਗਰਕ ਗਏ ਖੁਦ ਇਹਨੂੰ ਗਰਕਾਣ ਵਾਲੇ
ਸੜ ਗਏ ਆਪਣੇ ਪਾਪਾਂ ਦੀ ਅੱਗ ਅੰਦਰ, ਇਹਦੇ ਘਰ ਵਿਚ ਲੂਤੀਆਂ ਲਾਣ ਵਾਲੇ
ਸਫ਼ਾ ਹਸਤੀ ਤੇ ਰਿਹਾ ਨਿਸ਼ਾਨ ਵੀ ਨਹੀਂ, ਮਿਟ ਗਏ ਆਪ ਹੀ ਇਹਨੂੰ ਮਿਟਾਣ ਵਾਲੇ॥
ਪੈਰਾਂ ਹੇਠ ਇਹਦੇ ਤਲੀਆਂ ਰੱਖਦੇ ਸੀ, ਇਹਦੇ ਉਤੋਂ ਦੀ ਇੰਜਣ ਚਲਾਣ ਵਾਲੇ
ਸਾਡੇ ਉਤੇ ਕੋਈ ਚਿਕੜ ਤਾਂ ਸੁੱਟ ਸਕਦੈ, ਸਾਡੇ ਲੇਖ ਤਾਂ ਕੋਈ ਨਹੀਂ ਧੋ ਸਕਦਾ
ਧੁਰੋਂ ਚੜ੍ਹਦੀਆਂ ਕਲਾਂ ਨੇ 'ਮਾਨ' ਮਿਲੀਆਂ - ਢਹਿੰਦੀਆਂ ਕਲਾ ਵਿਚ ਪੰਥ ਨਹੀਂ ਹੋ ਸਕਦਾ॥

ਹਾਊਸ ਆਫ ਲਾਰਡਜ਼ ਵਲੋਂ ਦਸਤਾਰ ਸਬੰਧੀ ਇਤਿਹਾਸਕ ਫੈਸਲਾ

ਲੰਡਨ—ਹਾਊਸ ਆਫ ਲਾਰਡਜ਼ ਨੇ ਆਪਣੇ ਇਤਿਹਾਸਕ ਫੈਸਲੇ ਵਿਚ ਗੁਰਿੰਦਰ ਸਿੰਘ ਮਾਂਡਲਾ ਦੇ ਹੱਕ ਵਿਚ ਫੈਸਲਾ ਦੇ ਦਿਤਾ ਹੈ। ਫੈਸਲੇ ਵਿਚ ਕਿਹਾ ਗਿਆ ਹੈ ਕਿ ਸਕੂਲ ਦੇ ਹੈਡਮਾਸਟਰ ਵਲੋਂ ਗੁਰਿੰਦਰ ਨੂੰ ਦਸਤਾਰ ਸਜਾ ਕੇ ਸਕੂਲ ਵਿਚ ਆਉਣ ਤੋਂ ਰੋਕਣਾ ਹੈਡਮਾਸਟਰ ਦਾ ਗਲਤ ਕਦਮ ਸੀ। ਯਾਦ ਰਹੇ ਕਿ ਇਸ ਇਤਿਹਾਸਕ ਫੈਸਲੇ ਨਾਲ ਹਾਊਸ ਆਫ ਲਾਰਡਜ਼ ਨੇ ਦਸਤਾਰ ਸਜਾਉਣ ਦੇ ਹੱਕ ਦੀ ਮੰਗ ਮੰਨ ਕੇ ਸਮੂਹ ਸਿੱਖ ਧਰਮ ਪਰੰਪਰਾ ਦਾ ਸਨਮਾਨ ਦੁਨੀਆਂ ਭਰ ਵਿਚ ਕਾਇਮ ਕਰ ਦਿਤਾ ਹੈ।

ਜੋ ਮੇਰੇ ਨਾਲ ਨਾਲ ਆਇਆ ਹੈ.
ਇਹ ਤੂੰ ਨਹੀਂ ਇਹ ਤਿਰਾ ਸਾਇਆ ਹੈ.

ਫੁੱਲ ਨੂੰ ਚੁੰਮਿਆ ਮਹਿਕ ਸੀ ਬੇਗਾਨੀ,
ਤੈਨੂੰ ਖੋਇਆ ਜਾਂ ਤੈਨੂੰ ਪਾਇਆ ਹੈ.

"ਪੰਜਾਬ ਦਾ ਲੋਕ ਨਾਚ ਭੰਗੜਾ"

ਮੁਹਿੰਦਰ ਸੁਮਲ, ਵੈਨਕੂਵਰ



ਪੰਜਾਬੀ ਕਲਚਰਲ ਐਸੋਸੀਏਸ਼ਨ ਦੀ ਭੰਗੜੇ ਦੀ ਟੀਮ ਸਟੇਜ ਤੇ

ਭੰਗੜਾ ਪਾਉਂਦੇ ਪੰਜਾਬੀ



ਪੰਜਾਬੀ ਕਲਚਰਲ ਐਸੋਸੀਏਸ਼ਨ—ਛੋਟੇ ਬੱਚਿਆਂ ਦੀ ਟੀਮ

ਪੰਜਾਬੀ ਸਭਿਅਤਾ ਮੂਲ ਵਿਚ ਕਿਰਸਾਨੀ ਹੈ। ਪੰਜਾਬੀਅਤਾਂ ਦੀ ਜਿੰਦ ਪਿੰਡਾਂ ਦੇ ਖੁਲ੍ਹੇ ਮਾਹੌਲ ਵਿਚ ਸਾਹ ਲੈਂਦੀ ਹੈ। ਇਸੇ ਤਰਾਂ ਇਨਾਂ ਦੇ ਲੋਕ ਨਾਚ ਵੀ ਬੜੇ ਖੁਲ੍ਹੇ ਤੇ ਕੁਦਰਤੀ ਹਨ। ਇਨਾਂ ਤੇ ਕਲਾਸਕੀ ਨਾਚਾਂ ਵਾਂਗ ਬਹੁਤੇ ਕਟੜੇ ਨੇਮ ਨਹੀਂ ਹਨ। ਸਭ ਤੋਂ ਵੱਡੀ ਗੱਲ ਇਨ੍ਹਾਂ ਨਾਚਾਂ ਨੂੰ ਕਿਸੇ ਵੀ ਧਰਮ ਦੀ ਲਪੇਟ ਨਹੀਂ, ਸਗੋਂ ਇਹ ਤਾਂ ਖੁਲ੍ਹੇ ਬੇਹੜਿਆਂ ਤੇ ਖੁਲ੍ਹੇ ਖੇਤਾਂ ਦੀ ਦੇਣ ਹਨ, ਇਨ੍ਹਾਂ ਵਿਚੋਂ ਭਰਪੂਰ ਖੇਤਾਂ ਦੀ ਜਵਾਨੀ, ਤੇ ਫਸਲਾਂ ਦੀ ਮਹਿਕ ਆਉਂਦੀ ਹੈ। ਜਿਸ ਤਰਾਂ ਸਿਆਣੇ ਆਖਦੇ ਹਨ, "ਜੇ ਕਿਸੇ ਕੌਮ ਦੀ ਪਛਾਣ ਕਰਨੀ ਹੋਵੇ ਤਾਂ ਇਸਦੇ ਲੋਕ ਨਾਚਾਂ ਤੋਂ ਕੀਤੀ ਜਾ ਸਕਦੀ ਹੈ।" ਇਹ ਗੱਲ ਪੰਜਾਬ ਦੇ ਲੋਕ ਨਾਚਾਂ ਉਪਰ ਠੀਕ ਢੁਕਦੀ ਹੈ। ਗਿੱਧੇ ਦਾ ਨਾਮ ਲੈਂਦਿਆਂ ਹੀ ਪੰਜਾਬ ਦੀ ਮੁਟਿਆਰ ਦਾ ਚੇਹਰਾ ਸਾਹਮਣੇ ਆ ਜਾਂਦਾ ਹੈ। ਇਸੇ ਤਰਾਂ ਜਦੋਂ ਕੋਈ ਭੰਗੜੇ ਦਾ ਨਾਮ ਲੈਂਦਾ ਤਾਂ ਪੰਜਾਬ ਦਾ ਅਲਬੇਲਾ ਗਭਰੂ ਬਾਹਵਾਂ ਲਹਿਰਾਂ ਵਾਂਗ ਉਛਾਲਦਾ ਅੱਖਾਂ ਸਾਹਮਣੇ ਆ ਜਾਂਦਾ ਹੈ।

ਪੰਜਾਬ ਦੇ ਲੋਕ ਨਾਚਾਂ ਵਿਚੋਂ ਸਭ ਤੋਂ ਹਰਮਨ ਪਿਆਰਾ ਨਾਚ ਭੰਗੜਾ ਹੈ। ਭੰਗੜਾ ਪੰਜਾਬੀਆਂ ਦਾ ਕੌਮੀ ਨਾਚ ਮੰਨਿਆ ਜਾਂਦਾ ਹੈ। ਇਸ ਨੂੰ ਨੱਚਣ ਲਈ ਤਕੜੇ ਜੁੱਸੇ ਦੀ ਲੋੜ ਹੈ, ਇਹ ਪੂਰੇ ਵੇਗ ਨਾਲ ਨੱਚਣ ਦੀ ਸ਼ਕਤੀ ਮੰਗਦਾ ਹੈ, ਇਸ ਪੱਖੋਂ ਭਾਰਤ ਦਾ ਹੋਰ ਕੋਈ ਵੀ ਨਾਚ ਇਸ ਦਾ ਮੁਕਾਬਲਾ ਨਹੀਂ ਕਰਦਾ, ਇਸ ਨੂੰ ਬਹੁਤ ਸਾਜ਼ਾਂ ਦੀ ਲੋੜ ਨਹੀਂ ਪੈਂਦੀ, ਸਗੋਂ ਇਕ ਢੋਲ ਦੇ ਤਾਲ ਨਾਲ ਹੀ ਨੱਚਿਆਂ ਜਾਂਦਾ ਹੈ।

ਇਸ ਨਾਚ ਦਾ ਮੁੱਢ ਪੰਜਾਬ ਦੀ ਕਿਰਸਾਨੀ ਸੰਸਕ੍ਰਿਤੀ ਜਿੰਨਾਂ ਹੀ ਪੁਰਾਣਾ ਹੈ, ਕੁਝ ਲੋਕ ਇਸ ਨੂੰ ਝੂੰਮਰ ਦਾ ਹੀ ਦੂਸਰਾ ਰੂਪ ਆਖਦੇ ਹਨ, ਝੂੰਮਰ ਲਹਿੰਦੇ ਪੰਜਾਬ ਦਾ ਪ੍ਰਸਿਧ ਨਾਚ ਹੈ। ਭੰਗੜੇ ਨੂੰ ਵਿਸਾਖੀ ਨਾਚ ਵੀ ਆਖਿਆ ਜਾਂਦਾ ਹੈ ਕਿਉਂਕਿ ਵਿਸਾਖ ਦੇ ਮਹੀਨੇ, ਜਦੋਂ ਜੱਟ ਦੇ ਬੀਜ਼ੇ ਹੋਏ ਖੇਤ ਸੋਨ ਸੁਨਿਹਰੀ ਕਣਕਾਂ ਦੇ ਸਿੱਟੇ ਆਪਸ ਵਿਚ ਟਕਰਾਉਂਦੇ ਹਨ ਤਾਂ ਜੱਟ ਦੀ ਖੁਸ਼ੀ ਦਾ ਪ੍ਰਗਟਾਵਾ ਵਿਸਾਖੀ ਦੇ ਮੇਲੇ ਤੇ ਇਕੱਠੇ ਭੰਗੜਾ ਪਾ ਕੇ ਕਰਦੇ ਹਨ। ਜਿਵੇਂ :—

ਕਣਕਾਂ ਦੇ ਮੂੰਹ ਆ ਗਈ ਲਾਲੀ
ਖੁਸ਼ੀਆਂ ਭਰੇ ਕਿਆਰੇ
ਜਿਉਂ ਗਿੱਧੇ ਵਿਚ ਨੱਚਣ ਕੁੜੀਆਂ
ਫਸਲਾਂ ਲੈਣ ਹੁਲਾਰੇ
ਭੰਗੜਾ ਪਾ ਮੁੰਡਿਆਂ
ਤੈਨੂੰ ਕਣਕਾਂ ਸੈਨਤਾਂ ਮਾਰੇ

ਇਸ ਵਕਤ ਭੰਗੜਾ ਸਿਰਫ ਪੰਜਾਬੀਆਂ ਦਾ ਹੀ ਨਹੀਂ ਸਗੋਂ ਹਿੰਦੂਸਤਾਨ ਦੇ ਲੋਕਾਂ ਦਾ ਹਰਮਨ ਪਿਆਰਾ ਨਾਚ ਮੰਨਿਆਂ ਜਾਂਦਾ ਹੈ। ਹੁਣ ਜਦੋਂ ਵੀ ਕਦੇ ਬਾਹਰਲੇ ਮੁਲਕਾਂ ਨੂੰ ਕਲਾਕਾਰਾਂ ਦੇ ਡੈਲੀਗੇਸ਼ਨ ਵੰਨ ਸਵੰਨੇ ਲੋਕ ਨਾਚ ਪੇਸ਼ ਕਰਨ ਆਉਂਦੇ ਹਨ ਤਾਂ ਭੰਗੜੇ ਨੂੰ ਵੀ ਪਹਿਲ ਦਿਤੀ ਜਾਂਦੀ ਹੈ। ਪਰ ਜੋ ਭੰਗੜਾ ਅੱਜ ਕੱਲ੍ਹ ਫਿਲਮਾਂ ਵਿਚ ਆ ਰਿਹਾ ਉਹ ਬਿਲਕੁਲ ਕਲਾ ਤੋਂ ਖਾਲੀ ਹੈ, ਆਪਣੀ ਸਾਦਗੀ ਤੇ ਪੰਜਾਬੀਆਂ ਦੇ ਸੁਭਾਅ ਤੋਂ ਬਿਲਕੁਲ ਵੱਖਰਾ ਪੇਸ਼ ਕੀਤਾ ਜਾਂਦਾ ਹੈ। ਵਿਦੇਸ਼ਾਂ ਵਿਚ ਵਸਦੇ ਪੰਜਾਬੀਆਂ ਲਈ ਇਹ ਬਹੁਤ ਜ਼ਰੂਰੀ ਹੈ ਕਿ ਉਹ ਆਪਣੇ ਸਭਿਆਚਾਰ, ਆਪਣੇ ਲੋਕ ਨਾਚ ਤੇ ਆਪਣੀ ਮਾਂ ਬੋਲੀ ਨੂੰ ਕਾਇਮ ਰੱਖਣ।

ਅਸੀਂ ਪੰਜਾਬ ਦੀ ਧਰਤੀ ਤੇ ਜੰਮੇ ਪਲੇ ਤੇ ਉਥੋਂ ਦਾ ਪਾਣੀ ਪੀਤਾ, ਪੰਜਾਬੀ ਸੁਭਾਅ ਸਾਡੇ ਅੰਗ ਸੰਗ ਵਿਚ ਵਸਿਆ ਹੋਇਆ ਸਾਡਾ ਕਲਚਰ ਸਾਡਾ ਅਨਿਖੜਵਾਂ ਅੰਗ ਬਣ ਚੁੱਕਾ ਹੈ। ਜਿਤਨੀ ਕਿਸੇ ਕੌਮ ਦੀ ਉਮਰ ਵਧਦੀ ਹੈ ਉਤਨੀ ਹੀ ਕੌਮ ਦੀ ਸਭਿਅਤਾ ਅਮੀਰ ਹੁੰਦੀ ਹੈ, ਕੀ ਇਹ ਗੱਲ ਸਾਡੀ ਪੰਜਾਬੀ ਕੌਮ ਉਪਰ ਢੁਕਦੀ ਹੈ, ਖਾਸ ਕਰ ਬਾਹਰ ਵਸਦੇ ਪੰਜਾਬੀਆਂ ਉਪਰ ਬਿਲਕੁਲ ਨਹੀਂ।

ਇਥੋਂ ਦੇ ਕਲਚਰਲ ਜਥੇਬੰਦੀਆਂ ਦਾ ਜ਼ਿਕਰ ਕੀਤੇ ਬਿਨਾਂ ਨਹੀਂ ਰਿਹਾ ਜਾ ਸਕਦਾ ਜਿਹੜੀਆਂ ਕਿ ਕਈ ਸਾਲਾਂ ਤੋਂ ਭਾਰਤੀ ਸਭਿਆਚਾਰ ਨੂੰ ਕਨੇਡੀਅਨ ਲੋਕਾਂ ਸਾਹਮਣੇ ਉਭਾਰ ਰਹੀਆਂ ਹਨ, ਪੰਜਾਬ ਕਲਚਰਲ ਐਸੋਸੀਏਸ਼ਨ ਵੈਨਕੂਵਰ ਅਤੇ ਸਰੀ ਇੰਡੀਆ ਆਰਟਸ ਕਲੱਬ, ਇਨ੍ਹਾਂ ਹੀ ਜਥੇਬੰਦੀਆਂ ਦਾ ਸਦਕਾ 1980 ਵਿਚ P.N.E. ਪਰੇਡ ਤੇ ਫਲੋਟ ਕੱਢਣ ਸਦਕਾ ਭਾਰਤੀ ਫਲੋਟ ਨੂੰ 1980 ਦੀ ਕਲਚਰਲ ਟਰਾਫੀ ਦਿੱਤੀ ਗਈ, ਪੰਜਾਬ ਕਲਚਰਲ ਐਸੋਸੀਏਸ਼ਨ ਕਈ ਸਾਲਾਂ ਤੋਂ 5-6 ਸਾਲ ਦੇ ਬੱਚਿਆਂ ਨੂੰ ਆਪਣੇ ਲੋਕ ਨਾਚ ਭੰਗੜੇ ਵਾਰੇ ਹਫਤੇ ਸਿਖਲਾਈ ਦਿੰਦੀ ਹੈ। ਇਸੇ ਤਰਾਂ ਹੁਣ ਸਰੀ ਇੰਡੀਆ ਆਰਟਸ ਕਲੱਬ ਵੀ ਛੋਟੇ ਛੋਟੇ ਬੱਚਿਆਂ ਨੂੰ ਭੰਗੜਾ ਸਿਖਾਲ ਰਹੀ ਹੈ।

ਕਈ ਸੱਜਣਾਂ ਦੀ ਸੋਚ ਹੈ ਕਿ ਜਦ ਮੁਲਕ ਹੀ ਛੱਡ ਕੇ ਆ ਗਏ ਤਾਂ ਫਿਰ ਕਲਚਰ ਦੀ ਕੀ ਲੋੜ ਹੈ। ਲੋਕ ਚੰਗਾ ਖਾਂਦੇ ਹਨ ਤੇ ਵਾਹਵਾ ਕਮਾਉਂਦੇ ਹਨ, ਉਨ੍ਹਾਂ ਨੂੰ ਕੋਈ ਫਰਕ ਨਹੀਂ ਪੈਂਦਾ ਕਿ ਸਾਡਾ ਨਾਚ ਕੀ ਹੈ ਸਾਡੀ ਬੋਲੀ ਕੀ ਹੈ, ਉਨ੍ਹਾਂ ਨੂੰ ਪੰਜਾਬੀ ਸਾਹਿਤ ਤੇ ਸਭਿਆਚਾਰ ਨਾਲ ਕੋਈ ਵਾਸਤਾ ਨਹੀਂ।

ਸਮੇਂ ਦੀ ਨਬਜ਼ ਪਛਾਨਣੀ ਚਾਹੀਦੀ ਹੈ। ਵੈਸੇ ਤਾਂ ਪੰਜਾਬੀ ਆਪਣੇ ਆਪ ਨੂੰ ਬਹੁਤ ਉਚੀ ਸਖਸ਼ੀਅਤ ਦੇ ਮਾਲਕ ਸਮਝਦੇ ਹਨ, ਪਰ ਵਿਦੇਸ਼ਾਂ ਵਿਚ ਵਧਦੇ ਪੰਜਾਬੀ ਸਿਰਫ ਵਕਤ ਗੁਜ਼ਾਰਨ ਦਾ ਯਤਨ ਹੀ ਕਰ ਰਹੇ ਹਨ, ਆਉਣ ਵਾਲੇ ਸਮੇਂ ਲਈ ਕੁਛ ਨਹੀਂ ਸੋਚਿਆ ਜਾ ਰਿਹਾ ਸਗੋਂ ਕੌਮ ਦਿਨੋਂ ਦਿਨ ਫਿਰਕਾ ਪ੍ਰਸਤੀ ਦੀ ਸ਼ਕਲ ਵਿਚ ਫਸ ਰਹੀ ਹੈ, ਸਾਡੇ ਬੱਚਿਆਂ ਲਈ ਕੋਈ ਸਾਂਝੀ ਜਗ੍ਹਾ ਕਲਚਰਲ ਸੈਂਟਰ ਜਾਂ ਕਮਿਊਨਿਟੀ ਸੈਂਟਰ ਨਹੀਂ ਹੈ ਜਿਥੇ ਉਨ੍ਹਾਂ ਨੂੰ ਆਪਣੇ ਸਭਿਆਚਾਰ ਵਾਰੇ ਦੱਸਿਆ ਜਾ ਸਕੇ, ਆਪਣੇ ਪਿਛੋਕੜ ਵਾਰੇ ਉਨ੍ਹਾਂ ਨੂੰ ਜਾਣਕਾਰੀ ਦੇ ਸਕੀਏ।



ਇਕ ਛੇ ਸਾਲ ਦਾ ਬੱਚਾ—ਪਰੀਤਪਾਲ



ਸਰੀ ਇੰਡੀਆ ਆਰਟਸ ਕਲੱਬ



ਬੁੱਢੇ ਵੀ ਭੰਗੜਾ ਪਾਉਂਦੇ ਹਨ

(ਪੰਨਾ ੨੭ ਦੀ ਬਾਕੀ)

ਤਿਆਰ ਦਿਸਦੇ ਹਨ। ਘੋੜੇ ਦੀ ਸਵਾਰੀ ਤੇ ਸੰਭਾਲ ਅਜ ਹਜ਼ਾਰ ਚੋਂ ਕੋਈ ਅੱਧਾ ਹੀ ਕਰ ਸਕਦਾ ਹੈ। ਊਠਾਂ ਨੂੰ ਤਾਂ ਜਿਵੇਂ ਕਿ ਸੱਸੀ ਦਾ ਸਰਾਪ ਹੀ ਲੱਗ ਗਿਆ ਹੋਵੇ। ਹੁਣ ਮੇਲਿਆਂ ਤੇ ਲੋਕ ਸਪੈਸ਼ਲ ਬੱਸਾਂ, ਗੱਡੀਆਂ, ਟਰੱਕਾਂ, ਕਾਰਾਂ, ਟਰੈਕਟਰਾਂ, ਟਰਾਲੀਆਂ, ਮੋਟਰ ਸਾਈਕਲਾਂ, ਸਕੂਟਰਾਂ ਤੇ ਸਾਈਕਲਾਂ ਤੇ ਹੀ ਜਾਂਦੇ ਹਨ। ਹੁਣ ਦੇ ਮੇਲਿਆਂ ਵਿਚ ਧੂਵੇਂ ਚਾਦਰਿਆਂ ਦੇ ਅਤੇ ਸਮਲਿਆਂ ਵਾਲੇ ਕੋਨਿਆਂ ਜਿੱਡੇ ਜਿੱਡੇ ਗਭਰੂਆਂ ਦੀ ਥਾਵੇਂ ਪੱਛਮੀ ਸਭਿਅਤਾ ਦੇ ਰੰਗ ਵਿਚ ਰੰਗੀ ਸੂਤ ਸੂਤ ਜਿਹੇ ਚੁਲਬਲੇ ਚੰਚਲ ਨੌਜਵਾਨ ਹੱਥਾਂ ਵਿਚ ਡਾਗਾਂ ਦੀ ਥਾਵੇਂ ਮੋਢਿਆਂ ਵਿਚ ਟੇਪਰਿਕਾਰਡਰ, ਕੈਮਰੇ, ਤੇ ਬੈਗ ਲਟਕਾਈ ਨਜ਼ਰੀ ਪੈਂਦੇ ਹਨ।

ਲੋਕਾਂ ਦੇ ਰਾਜਨੀਤਕ ਪੱਖੋਂ ਚਿੰਤਨ ਹੋਣ ਦੇ ਸਿੱਟੇ ਵਜੋਂ ਅਜੋਕੇ ਮੇਲਿਆਂ ਵਿਚ ਅਲੱਗ ਅਲੱਗ ਪਾਰਟੀਆਂ ਵਲੋਂ ਰਾਜਸੀ ਕਾਨਫਰੰਸਾਂ ਕੀਤੀਆਂ ਜਾਂਦੀਆਂ ਹਨ। ਵੱਡੇ ਇਕੱਠਾਂ ਦਾ ਫਾਇਦਾ ਉਠਾਉਂਦੇ ਹੋਏ ਵੱਡੇ ਵੱਡੇ ਸ਼ਾਮਿਆਨਿਆਂ ਹੇਠ ਨੇਤਾਂ ਲੋਕ ਭਾਸ਼ਨ ਝਾੜਦੇ ਹਨ ਤੇ ਇਹਨਾ ਭਾਸ਼ਨਾਂ ਨੂੰ ਗੂਹ ਨਾਲ ਸੁਣਦੇ ਲੋਕ ਗੱਲ ਗੱਲ ਤੇ ਆਪਸ ਵਿਚ ਘੁਸਰ ਮੁਸਰ ਕਰਦੇ ਹਨ। ਜਿਥੇ ਕੋਈ ਮੇਲਿਆਂ ਵਿਚ ਕੁਸ਼ਤੀਆਂ, ਕਬੱਡੀ ਅਤੇ ਮੁਗਧਰ ਬੋਰੀ ਦੇ ਮੁਕਾਬਲੇ ਹੀ ਹੁੰਦੇ ਸਨ, ਉਥੇ ਅੱਜ ਕੱਲ੍ਹ ਕਿਲ੍ਹਾ ਰਾਇਪੁਰ, ਸਰਾਭਾ, ਸੁਨਾਮ, ਸਰੀਂਹ, ਬਦੌਲੀ, ਪਟਿਆਲਾ, ਲੁਧਿਆਣਾ, ਕਮਾਲਪੁਰਾ ਆਦਿ ਪਿੰਡਾਂ ਤੇ ਸ਼ਹਿਰਾਂ ਵਿਚ ਖੇਡਾਂ ਦੇ ਹੀ ਖਾਸ ਮੇਲੇ ਤੇ ਟੂਰਨਾਮੈਂਟ ਹੁੰਦੇ ਹਨ ਜਿਹਨਾ ਵਿਚ ਹਾਕੀ, ਫੁਟਬਾਲ, ਵਾਲੀਬਾਲ ਤੇ ਹੋਰ ਆਧੁਨਿਕ ਖੇਡਾ ਦੇ ਦੇ ਮੁਕਾਬਲੇ ਜ਼ੋਰ ਫੜ ਰਹੇ ਹਨ। ਪਹਿਲੇ ਮੇਲਿਆਂ ਵਾਂਗ ਗੱਡੀਆਂ ਭਜਾਉਣ ਜਾਂ ਕਿਸੇ ਚੋਬਰ ਵਲੋਂ ਸਾਨ੍ਹ ਕੱਟੇ ਨਾਲ ਭਿੜਨ ਦਾ ਵਿਕੋਲਤਰਾ ਕੌਤਕ ਕਦੇ ਕਦਾਈਂ ਕਿਲ੍ਹਾਂ ਰਾਇਪੁਰ ਵਰਗੇ ਮੇਲੇ ਤੇ ਹੀ ਦੇਖਣ ਨੂੰ ਮਿਲਦਾ ਹੈ। ਆਨੰਦਪੁਰ ਦੇ ਹੋਲੇ ਮਹੱਲੇ ਫਤਹਗੜ੍ਹ ਸਾਹਿਬ ਦੇ ਚਮਕੌਰ ਸਾਹਿਬ ਦੀਆਂ ਸਭਾਵਾਂ, ਮੁਕਤਸਰ ਦੀ ਮਾਘੀ ਤੇ ਦਮਦਮਾ ਸਾਹਿਬ ਦੀ ਵਿਸਾਖੀ ਤੇ ਸਜੀਲਛਬੀਲੇ ਸ਼ਸਤਰਧਾਰੀ ਨਿਹੰਗ ਸਿੰਘਾਂ ਦੇ ਘੋੜੇ ਦੌੜ ਨੇਜ਼ਾਬਾਜਸੀ, ਗੱਤਕੇਬਾਜ਼ੀ ਤੇ ਕਿਰਪਾਨ ਦੇ ਕਰਤਬ ਅੱਜ ਵੀ ਦਰਸ਼ਕਾਂ ਨੂੰ ਕੀਲ ਲੈਂਦੇ ਹਨ। ਕਈ ਮੇਲਿਆਂ ਨਾਲ ਪਸ਼ੂਆ ਦੀਆ ਮੰਡੀਆਂ ਵੀ ਲੱਗਦੀਆਂ ਹਨ। ਜਿਵੇਂ ਛਪਾਰ ਦੇ ਮੇਲੇ ਨਾਲ ਘੋੜਿਆਂ ਗਧਿਆਂ ਤੇ ਖਰਚਾ ਦੀ ਮੰਡੀ, ਮੁਕਤਸਰ ਦੀ ਮਾਘੀ ਤੇ ਊਠਾਂ ਤੇ ਘੋੜਿਆਂ ਦੀ ਮੰਡੀ ਤੇ ਅੰਮ੍ਰਿਤਸਰ ਦੀ ਦੀਵਾਲੀ ਤੇ ਘੋੜਿਆਂ ਦੀ ਮੰਡੀ। ਇਹਨਾਂ ਮੰਡੀਆਂ ਵਿਚ ਕਦੇ ਕਦੇ ਇਕ ਇਕ ਲੱਖ ਰੁਪੇ ਦਾ ਘੋੜਾ ਤੇ ਚਾਲੀਚਾਲੀ ਹਜ਼ਾਰ ਰੁਪੇ ਦਾ ਊਠ ਵੀ ਵਿਕਦਾ ਹੈ। ਹੋਰ ਤਾ ਹੋਰ ਡਰੋਲੀ ਭਾਈ (ਜਿਲਾਂ ਫਰੀਦਕੋਟ) ਵਿਚ ਕੁਤਿਆਂ ਦੀਆਂ ਦੌੜਾਂ ਵਾਲੇ ਮੇਲੇ ਵਿਚ ਪੰਦਰਾਂ ਪੰਦਰਾਂ ਹਜ਼ਾਰ ਦੀ ਕੀਮਤ ਦੇ ਕੁੱਤੇ ਵੀ ਦੌੜਦੇ ਹਨ। ਖੈਰ — ਮੇਲਿਆਂ ਨਾਲ ਲਗਦੀਆਂ। ਮੰਡੀਆਂ ਦਾ ਵਿਉਪਾਰਕ ਤੇ ਆਰਥਿਕ ਪੱਖ ਤੋਂ ਬਹੁਤ ਮਹੱਤਵ ਹੈ। ਇਹਨਾਂ ਚੋਂ ਪੰਜਾਬੀ ਦੀ ਖੁਸ਼ਹਾਲੀ, ਖੁਲ ਦਿਲੀ ਤੇ ਉਹਨਾਂ ਦੇ ਨਿਵੇਕਲੇ ਸ਼ੌਕਾਂ ਦੀ ਝਲਕ ਦਿਸਦੀ ਹੈ।

ਅਜੋਕੇ ਮੇਲਿਆਂ ਵਿਚੋਂ ਜਿਥੇ ਸਪੇਰੇ, ਦਵਾਈਆਂ ਬੂਟੀਆਂ ਵੇਚਣ ਵਾਲੇ ਅਤੇ ਕਿਸੇ ਵੇਚਣ ਵਾਲੇ ਅਲੋਪ ਹੋ ਰਹੇ ਹਨ ਉਥੇ ਸੰਤਾਨ-ਸੰਜਮ ਜੀਵਨ ਬੀਮਾ ਨਿਗਮ ਤੇ ਟਿਊਬਵੈਲਾ ਟਰੈਕਟਰਾਂ ਦੀਆਂ ਏਜੰਸੀਆਂ ਵਾਲਿਆਂ ਤੇ ਤੰਬੂ ਤੇ ਪੁਸਤਕ ਵਿਕਰੇਤਾਵਾਂ ਦੇ ਸਟਾਲ ਵਧ ਰਹੇ ਹਨ। ਅੱਜ ਕੱਲ ਮੇਲਿਆਂ ਤੇ ਪਹਿਲਾਂ ਵਾਂਗੂ ਲੜਾਈ ਜਾਂ ਮਾਰ-ਕੁਟਾਈ ਦੀ ਘਟਨਾ ਵੱਧ ਹੀ ਵਾਪਰਦੀ ਹੈ।

ਪੰਜਾਬ ਦੇ ਮੇਲਿਆਂ ਦੇ ਸਭਿਆਚਾਰ ਦੀ ਗੱਲ ਅਧੂਰੀ ਰਹੇਗੀ ਜੇ ਇਸ ਵਿਚ ਪੰਜਾਬ ਐਗਰੀਕਲਚਰ ਯੂਨੀਵਰਸਿਟੀ ਲੁਧਿਆਣਾ ਵਲੋਂ ਅਯੋਜਿਤ ਕੀਤੇ ਜਾਂਦੇ ਕਿਸਾਨ ਮੇਲਿਆ ਦਾ ਜ਼ਿਕਰ ਨਾ ਕੀਤਾ ਜਾਵੇ। ਇਹ ਮੇਲੇ ਆਪਣੀ ਮਿਸਾਲ ਆਪ ਹੀ ਹਨ। ਇਹਨਾਂ ਵਿਚ ਜਿਥੇ ਕਿਸਾਨਾਂ ਦੀ ਉਪਰ ਕੇ ਮੁਕਾਬਲੇ ਕਰਵਾਏ ਜਾਂਦੇ ਹਨ ਉਥੇ ਖੇਤੀ ਬਾੜੀ ਦੇ ਮਾਹਰ ਵਿਸ਼ੇਸ਼ੱਗ ਕਿਸਾਨਾਂ ਨੂੰ ਖਾਦਾਂ, ਮਸ਼ੀਨਰੀ ਤੇ ਖੇਤੀ ਨਾਲ ਸਬੰਧਤ ਹੋਰ ਕਿਤਿਆਂ ਡੇਅਰੀ, ਸੂਰ, ਮੱਛੀ ਮੁਰਗੀ ਤੇ ਸ਼ਹਿਦ ਦੀਆਂ ਮੱਖੀਆਂ ਪਾਲਣਾ ਅਤੇ ਬਾਗਬਾਨੀ ਆਦਿ ਸੰਬਧੀ ਗਿਆਨ ਦਿੰਦੇ ਹਨ ਤੇ ਆਪਣੀਆਂ ਲੱਭਤਾਂ ਉਹਨਾਂ ਨਾਲ ਸਾਝੀਆਂ ਕਰਕੇ ਹਨ, ਇਹਨਾਂ ਮੇਲਿਆਂ ਤੇ ਸ਼ਾਂਨਦਾਰ ਸਭਿਆਚਾਰਕ ਪ੍ਰੋਗਰਾਮ ਵੀ ਪੇਸ਼ ਕੀਤੇ ਜਾਂਦੇ ਹਨ। ਵਿਦਿਆਂ ਵਿਭਾਗ ਵਲੋਂ ਵੀ ਸਕੂਲਾਂ ਵਿਚ ਸਾਇੰਸ ਮੇਲੇ ਲਗਾਏ ਜਾਂਦੇ ਹਨ। ਜਿਹਨਾਂ ਵਿਚ ਨੰਨ੍ਹੇ ਵਿਦਿਆਰਥੀ-ਵਿਗਿਆਨਕ ਆਪਣੀਆਂ ਖੋਜਾਂ ਦਾ ਪ੍ਰਦਰਸ਼ਨ ਕਰਦੇ ਹਨ। ਇਹਨਾਂ ਤੋਂ ਬਿਨਾਂ ਆਜ਼ਾਦੀ ਦਿਵਸ, ਗਣਤੰਤਰ ਦਿਵਸ ਅਤੇ ਸਾਡੇ ਕੌਮੀ ਸ਼ਹੀਦਾਂ ਦੀ ਯਾਦ ਵਿਚ ਲੱਗਦੇ ਕੌਮੀ ਮੇਲੇ। ਰੈਡ ਕਰਾਸ ਦੇ ਮੇਲੇ ਆਦਿ ਇਹਨਾਂ ਮੇਲਿਆਂ ਤੋਂ ਇਲਾਵਾਂ ਕਈ ਹੋਰ ਇਸ ਤਰ੍ਹਾਂ ਦੇ ਛੋਟੇ ਮੋਟੇ ਮੇਲੇ ਹੋਰ ਵੀ ਹਨ ਜੇਕਰ ਉਹਨਾਂ ਦਾ ਜ਼ਿਕਰ ਕੀਤਾ ਜਾਵੇ ਬਹੁਤ ਲੰਮਾ ਚੌੜਾ ਕਿੱਸਾ ਹੋ ਜਾਂਦਾ ਹੈ। ਸਾਡੀ ਕੌਮੀ ਨੁਹਾਰ, ਦੇਸ਼ ਪਿਆਰ ਤੇ ਨਵੀਂ ਚੇਤੰਨਤਾ ਦੇ ਪ੍ਰਤੀਕ ਹਨ।

ਪੰਜਾਬ ਦੇ ਮੇਲਿਆਂ ਵਿਚੋਂ ਨਿਰਛੱਲ, ਖੁੱਲੇ—ਖੁਲਾਸੇ ਤੇ ਜ਼ਿੰਦਗੀ ਨੂੰ ਪਿਆਰ ਕਰਨ ਵਾਲੇ ਬਹਾਦਰ ਪੰਜਾਬੀਆਂ ਦੇ ਸਮੁੱਚੇ ਜੀਵਨ ਦਾ ਇਕ ਝਲਕਾਰਾ ਪੈਂਦਾ ਹੈ ਜਿਸ ਵਿਚੋਂ ਉਨ੍ਹਾਂ ਦੀ ਧਾਰਮਿਕ ਵਿਸ਼ਵਾਸ਼ਾਂ, ਮੰਨਤਾਂ ਮਨੌਤਾਂ ਪਹਿਨਣ-ਪਰਚਣ, ਖਾਣ ਪੀਣਾ, ਹੱਸਣ-ਖੇਡਣ, ਨੱਚਣ ਗਾਉਂਣ ਗੱਲ ਕੀ ਜ਼ਿੰਦਗੀ ਦੇ ਸਾਰੇ ਰਸਾਂ ਕਸਾਂ ਨੂੰ ਰੱਜ ਕੇ ਪੂਰਾ ਪੂਰਾ ਮਾਨਣ ਦਾ ਵਿਵਰਣ ਮਿਲਦਾ ਹੈ। ਬੇਸ਼ੱਕ ਅੱਜ ਦੇ ਮੇਲਿਆਂ ਵਿਚ ਪੁਰਾਣੇ ਪੰਜਾਬ ਦੇ ਮੇਲਿਆਂ ਦੀ ਉਹ ਗੱਲ ਨਹੀਂ ਰਹੀਂ ਪਰ ਹਰ ਸਮੇਂ ਦੀ ਆਪਣੀ ਹੀ ਗਲ ਹੁੰਦੀ ਹੈ ਤੇ ਸਾਡੇ ਅਜੋਕੇ ਮੇਲੇ ਸਾਡੇ ਸਿਆਚਾਰਕ ਵਿਕਾਸ ਦੀ ਗੱਲ ਸੱਚਮੁਚ ਹੀ ਬੜੀ ਖੂਬਸੂਰਤੀ ਨਾਲ ਕਰਦੇ ਹਨ। ਸਾਡੇ ਮੇਲਿਆਂ ਦੇ ਸਭਿਚਾਰ ਵਿਕਾਸ ਦੀ ਗੱਲ ਸਚਮੁੱਚ ਹੀ ਵੜੀ ਖੂਬਸੂਰਤੀ ਨਾਲ ਕਰਦੇ ਹਨ। ਸਾਡੇ ਮੇਲਿਆਂ ਦੇ ਸਭਿਆਚਾਰ ਦੀ ਇਹ ਕਹਾਣੀ ਵਾਸਤਵ ਵਿਚ ਉੱਨਤੀ ਵਲ ਪਲਾਂਘ ਪੁੱਟ ਰਹੇ ਪੰਜਾਬ ਦੇ ਸਭਿਆਚਾਰ ਦੀ ਹੀ ਕਹਾਣੀ ਹੈ।

ਪੰਜਾਬ ਵਿਚ ਹਰ ਸੰਗ੍ਰਾਂਦ ਜਾਂ ਪਹਿਲੀ ਤਾਰੀਖ ਨੂੰ ਬਹੁਤ ਥਾਈਂ ਖਾਸ ਖਾਸ ਕਸਬਿਆਂ ਵਿਚ ਡੰਗਰਾਂ ਦੀਆਂ ਮੰਡੀਆਂ ਲਗਦੀਆਂ ਹਨ। ਇਹ ਮੰਡੀਆਂ ਕਿਸਾਨ ਵੀਰਾਂ ਤੇ ਮੇਲੇ ਹੁੰਦੇ ਹਨ ਜਿਥੇ ਉਹ ਆਪਣੇ ਆਰਥਕ ਲੇਖੇ ਜੋਖੇ ਤੋਂ ਇਲਾਵਾ ਮੇਲ ਮਿਲਾਪ ਦੇ ਮੌਕੇ ਵੀ ਪ੍ਰਦਾਨ ਕਰਦੇ ਹਨ।

ਗਜ਼ਲ

ਜੋਗਿੰਦਰ ਚੀਮਾ, ਫੋਰਟ ਨੈਲਸਨ

ਕਿਸ ਤਰ੍ਹਾਂ ਸਾਕੀ ਨੂੰ ਕਹਾਂ, ਜ਼ਿੰਦਗੀ ਦੇ ਦੇ,
ਇਸਦੇ ਮੈਖਾਨੇ ਵਿਚ ਹੀ ਮੇਰਾ ਖੋ ਗਿਆ ਆਪਾ।
ਰੁੱਸ ਗਿਆ ਦਿਲ ਮੇਰੇ ਦਾ ਪਟਵਾਰ,
ਹੁਣ ਕਿਸ ਤਰ੍ਹਾਂ ਰਾਸਤਾ ਜ਼ਿੰਦਗੀ ਦੇ ਸਫ਼ਰ ਦਾ ਨਾਪਾਂ।
ਅਜਿਹੀ ਰਾਤ ਆਈ ਹੈ ਸਵੇਰਾ ਹੋਣ ਨਹੀਂ ਦਿੰਦੀ,
ਕਿਸ ਤਰ੍ਹਾਂ ਕਹਿ ਦਿਆਂ ਸੂਰਜ ਦਾ ਪਾ ਲਿਆ ਝਾਕਾ।
ਬੇ-ਮੌਤ ਮਰੇ ਨੂੰ ਦੇਖ ਗਏ ਅੱਜ ਸਾਵਣ ਨੱਚਦਾ,
ਤਾਹੀਉਂ ਦੂਰ ਕਿਤੇ ਬੱਦਲਾਂ 'ਚ ਮੇਰਾ ਹੋ ਰਿਹਾ ਸਿਆਪਾ।
ਨਾਸੂਰ ਕਿਸੇ ਦੀ ਯਾਦ ਦਾ ਫੁੱਟ ਪਿਆ ਸੀ ਦਿਲ ਵਿਚ,
ਦੱਸਦੇ ਨੇ ਹਾਦਸਾ ਕੁਝ ਇਸ ਤਰ੍ਹਾਂ ਵਿਆਪਾ।

ਤਸਵੀਰ

ਅਮਰਜੀਤ ਭਿੰਡਰ

ਤੇਰਾ ਕੋਈ ਵੀ ਨਹੀਂ ਇਸ ਦੁਨੀਆਂ 'ਤੇ
ਇਹ ਗਲ ਕਿਓਂ ਮਨ ਵਸਾਈ ਐ।

ਕੋਈ ਜਿਉਂਵੇਂ ਤੇਰਾ ਨਾ ਲੈ ਕੇ,
ਫਿਰੇ ਬਣਿਆ ਕੋਈ ਸੁਦਾਈ ਐ।

ਤੇਰਾ ਨਾ ਲੈ ਕੇ ਕਰ ਪੂਜਾ ਨੀ,
ਅੱਜ ਲੱਭੀ ਕਿਸੇ ਖੁਦਾਈ ਐ।

ਐਸੀ ਦਿਲਦਾਰ ਮੂਸੱਵਰ ਨੇ,
ਤੇਰੀ ਤਸਵੀਰ ਬਣਾਈ ਐ।

ਪੰਜਾਬੀ ਲਿਟਰੇਰੀ ਐਂਡ ਕਲਚਰਲ ਐਸੋਸੀਏਸ਼ਨ, ਵਿੰਨੀਪੈਗ।

ਪੰਜਾਬੀ ਸਾਹਿਤ ਤੇ ਸਭਿਆਚਾਰਕ ਸਭਾ, ਵਿੰਨੀਪੈਗ ਵਲੋਂ 20 ਮਾਰਚ ਦਿਨ ਐਤਵਾਰ ਨੂੰ ਸ਼ਾਮ ਦੇ ਤਿੰਨ ਵਜੇ ਲੋਕਲ ਕਲਾਕਾਰਾਂ ਵਲੋਂ ਕਵਿਤਾਵਾਂ ਤੇ ਗੀਤ ਕਹੇ ਗਏ।

ਭਗਤ ਸਿੰਘ ਦੀ ਯਾਦ ਨੂੰ ਸ਼ਰਧਾਂਜਲੀਆਂ ਰਾਹੀਂ ਯਾਦ ਕੀਤਾ ਗਿਆ ਤੇ ਦਰਸ਼ਨ ਸਿੰਘ ਭਕਨਾ ਨੇ ਭਗਤ ਸਿੰਘ ਦੀ ਜੀਵਨੀ ਤੇ ਚਾਨਣਾ ਪਾਇਆ।

ਫ਼ਿਲਮ "ਉਠਣਾ ਦਾ ਵੇਲਾ" ਦੂਜੀ ਵੇਰਾਂ ਵਿੰਨੀਪੈਗ ਨਿਵਾਸੀਆਂ ਨੂੰ ਦਿਖਾਈ ਗਈ। ਇਸ ਵਾਰ ਲੋਕਾਂ ਵਲੋਂ ਭਰਵਾ ਹੁੰਗਾਰਾ ਮਿਲਿਆ। ਦਰਸ਼ਕਾਂ ਦੀ ਗਿਣਤੀ ਦੋ ਸੌ ਤੋਂ ਢਾਈ ਸੌ ਤੀਕ ਸੀ।

ਪੰਜਾਬੀ ਸਾਹਿਤ ਤੇ ਸਭਿਆਚਾਰਕ ਸਭਾ, ਵਿੰਨੀਪੈਗ ਵਲੋਂ ਪੰਜਾਬ ਨਾਟਕ ਕਲਾ-ਕੇਂਦਰ ਦੇ ਹਰਮਨ ਪਿਆਰੇ ਸ਼ਾਹਕਾਰ ਸ: ਗੁਰਸ਼ਰਨ ਸਿੰਘ ਦਾ ਪ੍ਰੋਗਰਾਮ ਜੁਲਾਈ 3 ਦਿਨ ਐਤਵਾਰ ਨੂੰ ਸ਼ਾਮ ਦੇ ਚਾਰ ਵਜੇ ਕਰਵਾ ਰਹੀ ਹੈ।

ਯੁਵਰਾਜ ਸਿੰਘ ਰਤਨ,
ਕਨਵੀਨਰ
ਪੰਜਾਬ ਸਾਹਿਤ ਤੇ ਸਭਿਆਚਾਰਕ ਸਭਾ, ਵਿੰਨੀਪੈਗ।

ਪੰਜਾਬੀ ਲਿਟਰੇਰੀ ਐਸੋਸੀਏਸ਼ਨ

(ਪੰਜਾਬੀ ਸਾਹਿਤ ਸਭਾ ਵੈਨਕੂਵਰ)

ਪੰਜਾਬੀ ਸਾਹਿਤ ਸਭਾ ਦਾ ਮੀਟਿੰਗ 13 ਮਾਰਚ 1983 ਨੂੰ ਬਾਅਦ ਦੁਪਹਿਰ ਦੋ ਵਜੇ ਗੁਰੁਦਆਰਾ ਰੌਸ ਸਟਰੀਟ ਦੇ ਸਕੂਲ ਵਿਚ ਹੋਈ। ਗਿਆਰਾਂ ਸਾਹਿਤਕ ਸੱਜਣਾਂ ਨੇ ਭਾਗ ਲਿਆ।

ਮੀਟਿੰਗ ਵਿਚ 13 ਫਰਵਰੀ 1983 ਦੀ ਮੀਟਿੰਗ ਦੀ ਕਾਰਵਾਈ ਪੜ੍ਹੀ ਗਈ। ਸੋਹਣ ਸੁਰਿੰਦਰ ਸੰਘਾ ਨੇ ਕਹਾਣੀ ਪੜ੍ਹੀ। ਇਸ ਤੋਂ ਬਾਅਦ ਦਰਸ਼ਨ ਗਿੱਲ, ਚਰਨ ਵਿਰਦੀ, ਅਮਰ ਸਿੰਘ ਬੈਨੀਪਾਲ, ਮਨਜੀਤ ਮੀਤ, ਅਤੇ ਨਿਰਮਲ ਮਹਿਰੋਕ ਨੇ ਕਵਿਤਾਵਾਂ ਪੜ੍ਹੀਆਂ। ਦਰਸ਼ਨ ਬੈਂਸ ਨੇ ਦੋ ਗਜ਼ਲਾਂ ਤਰੰਨਮ ਵਿਚ ਬੜੀ ਖੂਬਸੂਰਤੀ ਨਾਲ ਗਾਈਆਂ।

ਸਰਬ ਸੰਮਤੀ ਨਾਲ ਫੈਸਲਾ ਕੀਤਾ ਗਿਆ ਕਿ ਦਸੰਬਰ 1983 ਵਿਚ ਦਿੱਲੀ ਵਿਚ ਹੋ ਰਹੇ ਵਿਸ਼ਵ ਪੰਜਾਬੀ ਸੰਮੇਲਨ ਨੂੰ ਦੂਸਰਾ ਸੰਮੇਲਨ ਕਰਾਰ ਦਿਤਾ ਜਾਏ, ਤੀਸਰਾ ਨਹੀਂ।

ਸਰਬ ਸੰਮਤੀ ਨਾਲ ਫੈਸਲਾ ਹੋਇਆ ਕਿ ਪੰਜਾਬੀ ਲਿਟਰੇਰੀ ਐਸੋਸੀਏਸ਼ਨ ਵਲੋਂ ਹਰ ਸਾਲ ਕੈਨੇਡੀਅਨ ਲੇਖਕਾਂ ਦੀ ਨੈਸ਼ਨਲ ਪੱਧਰ ਤੇ ਕਾਨਫਰੰਸ ਕੀਤੀ ਜਾਏ। ਸਰਬ ਸੰਮਤੀ ਨਾਲ ਫੈਸਲਾ ਹੋਇਆ ਕਿ ਇਸਤਰੀ ਲੇਖਕਾਂ ਨੂੰ ਵੱਧ ਤੋਂ ਵੱਧ ਸਾਹਿਤ ਸਭਾ ਦੀ ਮੈਂਬਰ ਸ਼ਿਪ ਦਿਤੀ ਜਾਏ ਤਾਂ ਕਿ ਉਨ੍ਹਾਂ ਦੀ ਸਭਾ ਵਿਚ ਯੋਗ ਪ੍ਰਤੀਨਿਧਤਾ ਹੋ ਸਕੇ। ਤਿੰਨ ਮੈਂਬਰੀ ਆਡਿਟ ਕਮੇਟੀ ਬਣਾਈ ਗਈ ਜੋ 1982 ਦਾ ਹਿਸਾਬ ਕਿਤਾਬ ਲਏਗੀ।

ਸਭਾ ਦੀ ਕਾਰਜਕਾਰਣੀ ਕਮੇਟੀ ਨੂੰ ਹਦਾਇਤ ਕੀਤੀ ਗਈ ਕਿ ਐਸੋਸੀਏਟਿਡ ਮੈਂਬਰਾਂ ਨੂੰ ਐਕਟਿਵ ਮੈਂਬਰ ਬਣਾਉਣ ਲਈ ਵਿਚਾਰ ਕੀਤਾ ਜਾਏ।

ਸਭਾ ਦੀ ਅਗਲੀ ਮੀਟਿੰਗ 10 ਅਪ੍ਰੈਲ 1983 ਨੂੰ ਗੁਰਦੁਆਰਾ ਰੌਸ ਸਟਰੀਟ ਦੇ ਸਕੂਲ ਵਿਚ ਬਾਅਦ ਦੁਪਹਿਰ 2 ਵਜੇ ਹੋਵੇਗੀ।

ਹਰਦੇਵ ਵੜੈਚ, ਸਕੱਤਰ

MATRIMONIALS

ਉਜੱਲ ਦੁਸਾਂਝ ਦਾ ਸ਼੍ਰੀਮਤੀ ਇੰਦਰਾਂ ਗਾਂਧੀ ਦੇ ਨਾਂ ਖਤ

March 11, 1983

Mrs. Indira Gandhi
Prime Minister of India
South Block
Parliment Buildings
New Delhi, India

Dear Madam:

Re: Foreign Exchange Regulation Act (1973) and Indians Settled Abroad

Further to our letter dated February 11, 1983, we have been advised by government sources that the Reserve Bank of India shall favourably consider the question of properties in India inherited by Indians turned foreign citizens settled abroad. This is a welcome explnation of the existing policy of the Reserve Bank of India. However, as you are well aware, the policy is not law and as long as the law is not changed, the policyexplanations are meaningless We believe that the problems faced by the Indians settled abroad can only be resolved by a general amendment to Section 31 of the Act, exempting the Indians settled abroad turned foreign citizens from the application of the said section.

We have been further informed that Section 31 of the Foreign Exchange Regulations Act was enacted to deal with the problem of the absentee landlordism. We believe that insofar as our lands are concerned, a vigorous and proper application of the land ceiling laws presently on the statute books deal with that aspect of the matter. At any rate, we are not landlords. We are simply absentees living abroad under "self-imposed exile".

We believe that the Foreign Exchange Regulation Act (1973) is a law which is of paramount importance to the interests of India. We further understand that it was and is intended to protect the movable and immovable wealth of India from black-marketers, smugglers, foreign multi-nationals and foreigners. We, being Indians turned foreign citizens settled abroad, ought to be treated somewhat differently from the black-marketers, smugglers, foreign multi-nationals and foreigners.

The explanation put forth by the Reserve Bank of India indicates to us that this law applies to all foreign nationals without discrimination. We feel that by bot making a special provision for exempting us from the application of Section 31, we are, in fact, being discriminated in that we are being treated in the same manner as black-marketers, smugglers, foreign multi-nationals and foreigners.

As your are no doubt aware, we are extremely conscious of our sense of attachment to and concern for India and Section 31 of the Act, if not amended to exempt us from its application, shall deal a severe blow to our natural and eternal connection with India. Therefore, while recognizing that the true intent of the Act as a whole and, more particularly, Section 31 of the same, is to protect the national wealth of India from foreign control, we ask to be treated as Indians and thereby exempt from the application of Section 31 of the Act. In other words, we feel that Indians turned foreign citizens settled abroad or their descendants should be exempt from the application of Section 31 so that in inheriting, purchasing, selling or dealing with the immovable property in India in any other way, we are not made to require the permission of the Reserve Bank of India.

We are extremely concerned about this particular issue and we ask that it be given your attention.

Sincerely yours,
Ujjal Dosanjh,
Spokesperson, Land Law Action Committee

UD/slm

cc: The Consulate-General of India
The High Commissioner of India
The Political Parties
The Press

ਲੈਂਡ ਲਾਅ ਐਕਸ਼ਨ ਕਮੇਟੀ ਤੋਂ ਸ਼੍ਰੀ ਉਜੱਲ ਦੁਸਾਂਝ ਮੁਸਤਫ਼ੀ

ਉਜੱਲ ਦੁਸਾਂਝ

ਮੈਂ ਬੜੀ ਸੋਚ ਵਿਚਾਰ ਤੋਂ ਬਾਅਦ ਇਸ ਸਿੱਟੇ ਤੇ ਪੁੱਜਾ ਹਾਂ ਕਿ ਮੈਨੂੰ Land Law Action Committee ਦੇ ਬੁਲਾਰੇ ਦੀ ਪਦਵੀ ਤੋਂ ਅਸਤੀਫਾ ਦੇ ਦੇਣਾ ਚਾਹੀਦਾ ਹੈ। ਕਮਿਊਨਿਟੀ ਦੇ ਕੰਮ ਵਿਚ ਪਦਵੀਆਂ ਨੂੰ ਜੱਫਾ ਨਹੀਂ ਮਾਰਨਾ ਚਾਹੀਦਾ ਹੈ। ਕਮੇਟੀ ਬਣਦੇ ਸਮੇਂ ਮੇਰਾ ਇਹ ਵਾਅਦਾ ਸੀ ਕਿ ਜੇ ਕਰ ਸਾਰੇ ਗੁਰਦੁਆਰੇ ਇਕੱਠੇ ਹੋ ਕੇ ਟੁਰਦੇ ਰਹਿਣਗੇ- ਤਾਂ ਮੈਂ ਕਮੇਟੀ ਦੇ ਨਾਲ ਹਰ ਸੇਵਾ ਕਰਨ ਲਈ ਤਤਪਰ ਰਹਾਂਗਾ। ਜੇ ਐਸਾ ਨਾ ਹੋ ਸਕਿਆ ਤਾਂ ਮੈਂ ਕਮੇਟੀ ਦੇ ਬੁਲਾਰੇ ਦੇ ਤੌਰ ਪੁਰ ਕੰਮ ਜਾਰੀ ਨਹੀਂ ਰੱਖਾਂਗਾ। ਨਾਲ ਹੀ ਇਹ ਭੀ ਵਾਅਦਾ ਸੀ ਕਿ ਕਮੇਟੀ ਨੂੰ ਵੱਡੀ ਬਣਨਾ ਚਾਹੀਦਾ ਹੈ। ਕਮੇਟੀ ਨੂੰ ਵੱਡੀ ਬਣਾਉਣ ਵਿਚ ਕਈ ਕਦਮ ਪੁੱਟੇ ਜਾ ਚੁਕੇ ਹਨ। ਕਮੇਟੀ ਦੇ expand ਹੋਣ ਪੁਰ ਉਸ ਲਈ ਨਵਾਂ ਬੁਲਾਰਾ ਚੁਣਿਆ ਜਾਣਾ ਚਾਹੀਦਾ ਹੈ ਅਤੇ ਇਹ ਭੀ ਗੱਲ ਸਾਫ ਜ਼ਾਹਿਰ ਹੈ ਕਿ ਸਾਰੇ ਗੁਰਦੁਆਰੇ ਇਸ ਮਸਲੇ ਪੁਰ ਇਕੱਠੇ ਨਹੀਂ ਰਹਿ ਸਕੇ।

ਮੈਂ ਅੱਜ 21 ਮਾਰਚ 1983 ਤੋਂ ਕਮੇਟੀ ਦੇ ਬੁਲਾਰੇ ਦੀ ਪਦਵੀ ਤੋਂ ਅਸਤੀਫਾ ਦੇ ਰਿਹਾ ਹਾਂ। ਮੈਂ ਗੁਰਦੁਆਰਿਆਂ ਦੇ ਪ੍ਰਤੀਨਿਧਾਂ ਅਤੇ ਲੋਕਾਂ ਤੋਂ ਖਿਮਾ ਦਾ ਜਾਚਕ ਹਾਂ ਕਿ ਇਹਨਾਂ ਕਾਰਨਾਂ ਕਰਕੇ ਇਸ ਪਦਵੀ ਦੀਆਂ ਜ਼ਿਮੇਵਾਰੀਆਂ ਮੈਂ ਅੱਗੇ ਤੋਂ ਨਹੀਂ ਨਿਭਾ ਸਕਾਂਗਾ। ਉਹਨਾਂ ਵਲੋਂ ਦਿਤੇ ਨਿੱਘੇ ਸਹਿਯੋਗ ਅਤੇ ਮਾਣ ਦਾ ਮੈਂ ਅਤੀ ਧੰਨਵਾਦੀ ਹਾਂ।

ਇਸ ਕਮੇਟੀ ਵਲੋਂ ਚਲਾਈ ਗਈ ਨਾ-ਤਾਮੀਲੀ ਲਹਿਰ ਦਾ ਸਦਕਾ ਜ਼ਮੀਨਾਂ ਦਾ ਮਸਲਾ ਲੋਕਾਂ ਦੇ ਸਾਹਮਣੇ ਇਕ ਅਹਿਮ ਮਸਲਾ ਬਣ ਕੇ ਪੇਸ਼ ਹੋਇਆ ਹੈ। ਇਸ ਸਾਰੇ ਉਦਮ ਦਾ ਸਿਹਰਾ ਆਮ ਲੋਕਾਂ ਅਤੇ ਗੁਰਦੁਆਰਿਆਂ ਦੇ ਸਿਰ ਹੈ। ਆਪਾਂ ਸਾਰੇ ਹੀ ਇਸ ਮਸਲੇ ਪੁਰ ਸਾਂਝੀ ਜਿੱਤ ਪ੍ਰਾਪਤ ਕਰਨ ਲਈ ਤਤਪਰ ਹਾਂ।

ਮੈਂ ਇਹ ਨਹੀਂ ਚਾਹੁੰਦਾ ਕਿ ਇਸ ਮਸਲੇ ਪੁਰ ਹਿੰਦੁਸਤਾਨ ਦੀ ਸਰਕਾਰ ਨਾਲ ਜਦੋਜਹਿਦ ਕਰਨ ਦੀ ਬਜਾਇ ਅਸੀਂ ਇਥੇ ਆਪਸ ਵਿਚ ਝਗੜੀ ਜਾਈਏ। ਹੋ ਸਕਦਾ ਹੈ ਮੇਰੇ ਅਸਤੀਫੇ ਨਾਲ ਉਸ ਭੈੜੀ ਰਵਾਇਤ ਦੇ ਦੁਹਰਾਏ ਜਾਣ ਤੋਂ ਬਚ ਜਾਈਏ। ਜਿਸ ਸਦਕਾ ਸਾਡੀ ਪਰੈਸ ਦੇ ਸਫੇ ਬੇਬੁਨਿਆਦ ਇਲਜ਼ਾਮਾਂ ਅਤੇ ਜਾਤੀ ਹਮਲਿਆਂ ਨਾਲ ਕਾਲੇ ਹੁੰਦੇ ਆ ਰਹੇ ਹਨ।

ਮੇਰੀ ਇਹ ਦਿਲੀ ਇੱਛਾ ਹੈ ਕਿ ਅਸੀਂ ਆਪਣੇ ਹੱਕ ਭਾਰਤ ਸਰਕਾਰ ਤੋਂ ਲੈਣ ਵਿਚ ਕਾਮਯਾਬੀ ਹਾਸਲ ਕਰ ਸਕੀਏ। ਇਸ ਦੇ ਰਾਹ ਵਿਚ ਕੋਈ ਰੋੜਾ ਨਹੀਂ ਅਟਕਣਾ ਚਾਹੀਦਾ। ਸੱਚ ਅਤੇ ਦਿਆਨਤਦਾਰੀਨਾਲ ਸਾਨੂੰ ਅੱਗੇ ਵਧਣਾ ਚਾਹੀਦਾ ਹੈ। ਇਹ ਚੰਗਾ ਹੋਵੇਗਾ ਜੇ ਅਸੀਂ ਆਪਣੇ ਆਪ ਗੁੱਸੇ ਨੂੰ ਨਿਗਰ ਕੰਮਾਂ ਲਈ ਵਰਤੀਏ। ਇਕ ਦੂਸਰੇ ਦੇ ਖਿਲਾਫ ਜ਼ਹਿਰ ਉਗਲਣ ਦੀ ਬਜਾਇ ਖਿਆਲਾਂ ਦੀ ਲੜਾਈ ਸੁਚੱਜੇ ਤਰੀਕੇ ਨਾਲ ਲੜੀਏ ਤਾਂ ਵੱਖਰੇ ਵੱਖਰੇ ਵਿਚਾਰਾਂ ਦੇ ਹਾਮੀ ਹੁੰਦੇ ਭੀ ਮਿੱਤਰ-ਮਨੁੱਖ ਹੀ ਰਹੀਏ।

ਸਾਂਝਾ ਕੰਮ ਕਰਦਿਆਂ ਮਨੁੱਖ ਤੋਂ ਕਈ ਦਫਾ ਅਣਜਾਣੇ ਹੀ ਗਲਤੀਆਂ ਹੋ ਜਾਂਦੀਆਂ ਹਨ। ਜੇ ਇਝ ਮੈਥੋਂ ਹੋਇਆ ਹੋਵੇ ਤਾਂ ਲੋਕ-ਅਦਾਲਤ ਤੋਂ ਮੁਆਫੀ ਦੀ ਪ੍ਰਾਰਥਨਾ ਕਰਦਾ ਹਾਂ। ਥੋੜੇ ਦਿਨ ਹੋਏ ਪਤਾ ਲੱਗਾ ਸੀ ਕਿ ਸਰਕਾਰ ਜ਼ਮੀਨਾਂ ਦੇ ਮਸਲੇ ਪੁਰ ਗੰਭੀਰ ਵਿਚਾਰ ਕਰ ਰਹੀ ਹੈ। ਅਤੇ ਕਾਨੂੰਨ 'ਚ ਤਰਮੀਮ ਕਰਨ ਦੀ ਵਿਚਾਰ ਕੀਤੀ ਜਾ ਰਹੀ ਹੈ। ਮੈਨੂੰ ਯਕੀਨ ਹੈ ਕਿ ਆਪਾਂ ਸਮੁੱਚੇ ਤੌਰ ਤੇ ਹੰਭਲਾ ਮਾਰੀਏ ਤਾਂ ਨਿਰਸੰਦੇਹ ਕਾਮਯਾਬੀ ਹਾਸਲ ਹੋਵੇਗੀ। ਮੈਂ ਨਿਗੁਣਾ ਜੋ ਭੀ ਸੇਵਾ ਕਰ ਸਕਦਾ ਹੋਵਾਂ, ਕਿਸੇ ਵੀ ਸੰਸਥਾ ਜਾਂ ਕਮੇਟੀ ਨਾਲ, ਹਾਜ਼ਰ ਹਾਂ। ਪਰ ਸਿਰਫ ਇਕ ਸਧਾਰਣ ਕਾਮੇ ਦੇ ਤੌਰ ਤੇ, ਬੁਲਾਰੇ ਦੇ ਤੌਰ ਤੇ ਨਹੀਂ।

ਅੰਤ ਵਿਚ ਫਿਰ ਮੈਂ ਇਹੀ ਕਹਾਂਗਾ ਕਿ ਮੈਂ ਰਿਣੀ ਹਾਂ ਸਾਰੇ ਗੁਰਦੁਆਰਿਆਂ ਦੇ ਪ੍ਰਬੰਧਕਾਂ ਅਤੇ ਲੋਕਾਂ ਦਾ ਜਿਹਨਾਂ ਨੇ ਮੈਨੂੰ ਨਿੱਘ, ਸਹਿਯੋਗ ਅਤੇ ਮਾਣ ਦਿਤਾ-ਸੇਵਾ ਦਾ ਮੌਕਾ ਦਿਤਾ। ਲੋਕ ਸੇਵਾ ਕਰਨ ਲਈ ਨਾਲ ਹੀ ਜ਼ਿੰਦਗੀ ਜੀਉਣ ਯੋਗ ਬਣਦੀ ਹੈ। ਆਪਣੇ ਵਿਤ ਮੁਤਾਬਿਕ ਸਾਨੂੰ ਸਾਰਿਆਂ ਨੂੰ ਸਦਾ ਹੀ ਸਾਂਝੇ ਕੰਮਾਂ ਵਿਚ ਜੁਟੇ ਰਹਿਣਾ ਚਾਹੀਦਾ ਹੈ।

"ਅੰਗਰੇਜ਼ਾਂ ਦੀ ਫੌਜ ਵਿਚ ਪਹਿਲਾ ਦਿਨ"

ਹਰਭਜਨ ਸਿੰਘ ਦਿਓਲ

ਦੂਜੀ ਵਿਸ਼ਵ ਯੁੱਧ ਨੂੰ ਸ਼ੁਰੂ ਹੋਇਆਂ ਤਿੰਨ ਸਾਲ ਹੋ ਗਏ ਸਨ। ਜਰਮਨ, ਇਟਲੀ ਅਤੇ ਜਪਾਨ ਹੱਥ ਧੋ ਕੇ ਅੰਗਰੇਜ਼ਾਂ ਦੇ ਪਿਛੇ ਪਏ ਹੋਏ ਸਨ। ਅੰਗਰੇਜ਼ਾਂ ਨੇ ਸਾਰੇ ਭਾਰਤ ਵਿਚੋਂ ਟੋਲ ਟੋਲ ਕੇ ਗਭਰੂ ਫੌਜਾਂ ਵਿਚ ਲੈ ਜਾਣੇ ਸ਼ੁਰੂ ਕਰ ਦਿੱਤੇ ਸਨ। ਹਰ ਥਾਉਂ ਭਰਤੀ ਦੇ ਦਫਤਰ ਖੁਲ ਗਏ ਸਨ। ਜਿਥੇ ਸਦਾ ਹੀ ਮੇਲਾ ਲੱਗਿਆ ਰਹਿੰਦਾ ਸੀ। ਹਰ ਦਿਨ ਹੀ ਭਰਤੀ ਦਾ ਦਿਨ ਹੋਇਆ ਕਰਦਾ ਸੀ। ਪੈਨਸ਼ਨ ਆਏ ਫੌਜੀਆਂ ਨੂੰ ਸਰਕਾਰ ਵਲੋਂ ਆਦੇਸ਼ ਦਿਤੇ ਗਏ ਸਨ ਕਿ ਵੱਧ ਤੋਂ ਵੱਧ ਜਵਾਨ ਗਭਰੂ ਲਿਆ ਕੇ ਫੌਜ ਵਿਚ ਭਰਤੀ ਕਰਾਉ। ਸਰਕਾਰ ਨੇ ਲਾਲਚ ਵੀ ਦਿਤਾ ਜੋ ਕੋਈ ਵੀ ਇਕ ਜੁਆਨ ਭਰਤੀ ਕਰਾਏ ਉਸਨੂੰ ਦੋ ਰੁਪੈ ਨਕਦ ਇਨਾਮ ਵਜੋਂ ਮਿਲਦੇ ਸਨ। ਹਰ ਨਿੱਕੇ ਮੋਟੇ ਸ਼ਹਿਰ ਵਿਚ ਪੈਨਸ਼ਨੀਏ ਫੌਜੀ ਡਾਂਗਾਂ ਹੱਥ ਵਿਚ ਲਈ ਤੁਰੇ ਫਿਰਦੇ ਸਨ। ਇਨ੍ਹਾਂ ਡਾਂਗਾਂ ਨਾਲ ਉਹ ਮੁੰਡਿਆਂ ਦੇ ਕੱਦ ਨਾਪਦੇ ਸਨ ਅਤੇ ਥੋੜਾ ਬਹੁਤ ਲੈਕਚਰ ਝਾੜ ਕੇ ਉਹਨਾਂ ਨੂੰ ਭਰਤੀ ਹੋਣ ਲਈ ਪਰੇਰ ਲੈਂਦੇ ਸਨ। ਚਲਵੀਂ ਜਹੀ ਹਾਲਤ ਦੀ ਡਾਕਟਰੀ ਤੋਂ ਮਗਰੋਂ ਜਦੋਂ ਮੁੰਡਿਆਂ ਨੂੰ ਭਰਤੀ ਕਰਕੇ ਸਟੇਸ਼ਨ ਵੱਲ ਨੂੰ ਗੱਡੀ ਚੜਨ ਲਈ ਤੋਰਿਆ ਜਾਂਦਾ ਸੀ ਤਾਂ ਇਹ ਪੁਰਾਣੇ ਪੈਨਸ਼ਨਰ ਦੋ ਦੋ ਰੁਪੈ ਦੀ ਪੂੰਜੀ ਬਣਾਕੇ ਘਰਾਂ ਨੂੰ ਤੁਰੇ ਜਾਂਦੇ ਹੁੰਦੇ ਸਨ।

ਕਾਲਜ ਦੀ ਪੜ੍ਹਾਈ ਅਧੂਰੀ ਛੱਡਣ ਤੋਂ ਉਪਰੰਤ ਜਦ ਵਿਹਲੇ ਫਿਰਦੇ ਨੂੰ ਮੈਨੂੰ ਵੀ ਕੁਝ ਸਮਾਂ ਬੀਤ ਗਿਆ ਤਾਂ ਮੁਲਾਂਪੁਰ ਦੇ ਅੱਡੇ ਤੇ ਮੈਂ ਵੀ ਇਕ ਦਿਨ ਅਜਿਹੇ ਪੈਨਸ਼ਨਰਾਂ ਦੇ ਧੱਕੇ ਚੜ੍ਹ ਗਿਆ ਉਨ੍ਹਾਂ ਦੇ ਹੱਥ ਵਿਚ ਫੜੀ ਡਾਂਗ ਨੇ ਮੇਰਾ ਕੱਦ ਵੀ ਨਾਪਿਆ ਅਤੇ ਫੇਰ ਕਪੜੇ ਉਤਰਵਾ ਕੇ ਇਕ ਫੌਜੀ ਡਾਕਟਰ ਦੇ ਸਾਹਮਣੇ ਜਾ ਖੜਾ ਕੀਤਾ। ਉਸ ਨੇ ਆਪਣੀ ਡਿਊਟੀ ਕੀਤੀ ਅਤੇ 'ਪਾਸ' ਕਰਕੇ ਲੁਧਿਆਣੇ ਭੇਜ ਦਿਤਾ। ਇਥੇ ਮੇਰੇ ਵਰਗੇ ਕਈ ਹੋਰ ਵੀ ਪੁੱਜੇ ਹੋਏ ਸਨ। ਫੁਆਰੇ ਵਾਲੇ ਚੌਂਕ ਦੇ ਕੋਲ ਹੀ ਡੀ. ਸੀ. ਦੇ ਦਫਤਰ ਦੇ ਬਰਾਂਡੇ ਵਿਚ ਸਾਨੂੰ ਬਿਠਾ ਦਿਤਾ ਗਿਆ ਅਤੇ ਸ਼ਾਮ ਨੂੰ ਚਾਰ ਕੁ ਵਜੇ ਮੈਨੂੰ ਅਤੇ ਮੇਰੇ ਵਰਗੇ ਦੋ ਹੋਰ ਨਵੇਂ ਰਗਰੂਟਾਂ ਨੂੰ ਲਾਹੌਰ ਜਾਣ ਲਈ ਰੇਲ ਦਾ ਇਕ ਪਾਸ ਦਿਤਾ ਗਿਆ ਅਤੇ ਇਕ ਇਕ ਕੰਬਲ ਵੀ। ਸਾਡੇ ਕਮੀਜ਼ਾਂ ਦੇ ਉਤੇ ਵੱਡੇ ਵੱਡੇ ਅੱਖਰਾਂ ਵਿਚ ਲਿਖੀਆਂ ਪਰਚੀਆਂ ਲਾ ਦਿਤੀਆਂ ਗਈਆਂ ਜਿਨਾਂ ਤੇ ਸਾਡੇ ਹੋਣ ਵਾਲੇ ਨਵੇਂ ਟਿਕਾਣੇ ਦਾ ਪੂਰਾ ਪਤਾ ਲਿਖਿਆ ਹੋਇਆ ਸੀ। ਇਹ ਪਰਚੀਆਂ ਬਿਲਕੁਲ ਉਹੀ ਕੰਮ ਕਰਦੀਆਂ ਹਨ ਜੋ ਕੁਤਿਆਂ ਦੇ ਗਲ ਵਿਚ ਪਏ ਹੋਏ ਪਟੇ ਕਰਦੇ ਹਨ ਜਿਨਾਂ ਤੇ ਉਹਨਾਂ ਦੇ ਮਾਲਕਾਂ ਦਾ ਨਾਉਂ ਲਿਖਿਆ ਹੁੰਦਾ ਹੈ। ਮੇਰੇ ਨਵੇਂ ਦੋ ਸਾਥੀ ਸਨ। ਸੂਰਤ ਸਿੰਘ ਬੈਂਸ ਤੇ ਹਰਦੇਵ ਸਿੰਘ। ਸਾਨੂੰ ਇਹ ਦਸਿਆ ਗਿਆ ਸੀ ਕਿ ਅਸੀਂ ਦਫਤਰਾਂ ਵਿਚ ਕੰਮ ਕਰਾਂਗੇ ਅਤੇ ਸਾਨੂੰ ਸ਼ੁਰੂ ਤੋਂ ਹੀ "ਹੌਲਦਾਰ" ਬਣਾਇਆ ਜਾਇਗਾ। ਅਸੀਂ ਤਿੰਨੇ ਖੁਸ਼ ਸਾਂ ਕਿ ਫੌਜ ਵਿਚ ਨਾਉਂ ਲਿਖਾਉਂਦਿਆਂ ਸਾਰ ਹੀ ਅਸੀਂ "ਹੌਲਦਾਰ ਜੀ" ਕਹਾਵਾਂਗੇ। ਜੀਉਂਦਾ ਰਹੇ ਅੰਗਰੇਜ਼ ਹੁਣ ਅਸੀਂ ਜ਼ਰੂਰ ਜਰਮਨ ਨੂੰ ਹਰਾਵਾਂਗੇ। ਮੇਰੇ ਸਾਥੀ ਉਮਰ ਵਿਚ ਮੇਰੇ ਨਾਲੋਂ ਵੱਡੇ ਸਨ। ਭਾਵ ਹੈ ਉਹ ਪੱਕੀ ਉਮਰ ਦੇ ਸਨ ਪਰ ਉਦੋਂ ਭਰਤੀ ਲਈ ਬੰਦੇ ਚਾਹੀਦੇ ਸਨ ਉਮਰ ਦੀ ਖਾਸ ਪਾਬੰਦੀ ਨਹੀਂ ਸੀ। ਲੋਕ ਵੀ ਉਮਰ ਘੱਟ ਲਿਖਾ ਦਿੰਦੇ ਸਨ। ਗੱਡੀ ਨੇ ਲੁਧਿਆਣਾ ਛੱਡਿਆ ਅਸੀਂ ਲਾਹੌਰ ਵੱਲ ਤੁਰ ਪਏ। ਆਪਸ ਵਿਚ ਮਤਾ ਪਾਸ ਕੀਤਾ ਕਿ ਫੌਜ ਵਾਲਿਆਂ ਦਾ ਕੀ ਪਤਾ ਹੈ ਕਦੋਂ ਅਗਲੇ ਮੋਰਚਿਆਂ ਵੱਲ ਤੋਰ ਦੇਣ ਕਦੋਂ ਜਰਮਨਾਂ ਦੇ ਜਾਂ ਫਿਰ ਜਾਪਾਨੀਆਂ ਦੇ ਦਰਸ਼ਨ ਕਰਨ ਦਾ ਹੁਕਮ ਮਿਲ ਜਾਵੇ। ਇਸ ਲਈ ਰੱਬ ਦਾ ਉਲਾਂਭਾ ਵੀ ਲਾਹ ਲਿਆ ਜਾਵੇ ਭਾਵ ਹੈ ਸ੍ਰੀ ਦਰਬਾਰ ਸਾਹਿਬ ਦੇ ਦਰਸ਼ਨ ਕਰਕੇ ਹੀ ਲਾਹੌਰ ਪਹੁੰਚਿਆ ਜਾਵੇ। ਅੰਮ੍ਰਿਤਸਰ ਉਤਰ ਗਏ, ਦਰਬਾਰ ਸਾਹਿਬ ਗਏ ਇਸ਼ਨਾਨ ਕਰਨ ਤੋਂ ਉਪਰੰਤ ਜਦੋਂ ਮੁੜ ਲਾਹੌਰ ਜਾਣ ਵਾਲੀ ਗੱਡੀ ਤੇ ਬੈਠੇ ਤਾਂ ਦਿਲ ਕਾਫੀ ਤਕੜੇ ਹੋ ਗਏ ਲਗਦੇ ਸਨ। ਗੁਰੂ ਮਹਾਰਾਜ ਦੀ ਆਸ਼ੀਰਵਾਦ ਜੋ ਹੁਣ ਸਾਡੇ ਨਾਲ ਸੀ ਲਾਹੌਰ ਦੇ ਪਲੇਟ ਫਾਰਮ ਤੇ ਉਤਰਣ ਦੀ ਹੀ ਦੇਰ ਸੀ ਕਿ ਅੱਗੋਂ ਸਾਨੂੰ ਸੰਭਾਲਣ ਵਾਲੇ ਪਹਿਲਾਂ ਹੀ ਖੜੇ ਸਨ। ਉਨ੍ਹਾਂ ਨੇ ਸਰਕਾਰੀ ਲਾਰੀ ਵਿਚ ਬਿਠਾ ਕੇ ਸਾਨੂੰ ਇਕ ਸਰਕਾਰੀ ਦਫਤਰ ਅੱਗੇ ਉਤਾਰ ਦਿਤਾ। ਸਾਨੂੰ ਸਰਕਾਰੀ ਵਰਦੀਆਂ ਅਤੇ ਹੋਰ ਲੋੜੀਂਦਾ ਸਾਮਾਨ ਦਿਤਾ ਗਿਆ। ਜਿਸ ਨੂੰ ਅਸੀਂ ਬੋਰਿਆਂ ਵਿਚ (ਕਿਟ ਬੈਗਾਂ) ਪਾ ਕੇ ਇਕ ਦਰਖੱਤ ਹੇਠ ਬੈਠ ਗਏ ਲਾਹੌਰ ਦੀ ਗਰਮੀ ਵੀ ਰੰਗ ਦਖਾਉਣ ਲੱਗ ਪਈ। ਕਿਸੇ ਨੇ ਇਕ ਲੰਗਰ ਦਿਖਾਇਆ ਜਿਥੋਂ ਦੋ ਦੋ ਪਰਸ਼ਾਦੇ ਛਕ ਲਏ। ਫੌਜ ਦੇ ਅੰਕ ਦੀ ਜੇਠੀ ਕਿਸ਼ਤ ਕੱਚੇ ਖਰਬੂਜਿਆਂ ਦੀ ਬਣਾਈ ਹੋਈ ਮਿੱਠੀ ਮਿੱਠੀ ਸਬਜੀ। ਇਕ ਬੈਰਕ ਦੇ ਬਰਾਂਡੇ ਵਿਚ ਕਪੜਿਆਂ ਦੇ ਭਰੇ ਹੋਏ ਬੋਰੇ (ਕਿਟ ਬੈਗ) ਰੱਖ ਲਏ। ਕੰਬਲ ਵਿਛਾ ਕੇ ਸੌਂ ਗਏ। ਢਾਈ ਤਿੰਨ ਵਜੇ ਉਸੇ ਲੰਗਰ ਤੋਂ ਚਾਹ ਦਾ ਕੱਪ ਕੱਪ ਮਿਲ ਗਿਆ। ਹੁਕਮ ਮਿਲਿਆ ਕਿ ਜਿਸ ਨੂੰ ਮੰਜਾ ਚਾਹੀਦਾ ਹੈ ਉਹ ਸਟੋਰ ਵਿਚ ਜਾ ਕੇ ਲੈ ਆਵੇ। ਮੈਂ ਕਦੇ ਭੁੰਜੇ ਨਹੀਂ ਪਿਆ ਸੀ। ਮੰਜਾ ਲੈਣ ਲਈ ਸਭ ਤੋਂ ਮੂਹਰੇ ਤੁਰ ਪਿਆ ਅੱਧਾ ਮੀਲ ਤੁਰਨ ਤੋਂ ਬਾਅਦ ਮਗਰੋਂ ਮੀਆਂ ਮੀਰ ਦੇ ਸਟੇਸ਼ਨ ਦੇ ਲਾਗਿਓਂ ਜਿੱਥੇ ਬਹੁਤ ਸਾਰੇ ਮੰਜੇ ਪਏ ਸਨ ਇਕ ਇਕ ਮੰਜਾ ਸਿਰਾਂ ਤੇ ਚੁਕ ਕੇ ਬਾਕੀਆਂ ਦੇ ਨਾਲ ਮੈਂ ਵੀ ਮੁੜ ਪਿਆ। ਹਾਲੇ ਦੋ ਕੁ ਫਰਲਾਗਾਂ ਹੀ ਤੁਰਿਆ ਹੋਵਾਂਗਾ ਕਿ ਮੰਜੇ ਦੇ ਭਾਰ ਨੇ ਅਤੇ ਗਰਮੀ ਨੇ ਮੂੰਹ ਦਾ ਰੰਗ ਪੱਕੇ ਹੋਏ ਟਮਾਟਰਾਂ ਵਰਗਾ ਕਰ ਦਿਤਾ। ਕੁਝ ਹੋਰ ਬੰਦੇ ਵੀ ਮੰਜੇ ਚੁਕਣ ਜਾ ਰਹੇ ਸਨ। ਮੈਂ ਇਕ ਬੰਦੇ ਨੂੰ ਬੇਨਤੀ ਜਿਹੀ ਕਰਕੇ ਬੁਲਾ ਲਿਆ ਅਤੇ ਕਿਹਾ ਕਿ "ਜੇ ਤੂੰ ਮੰਜਾ ਚੁਕਣ ਜਾ ਰਿਹਾ ਹੈਂ ਤਾਂ ਮੇਰੇ ਸਿਰ ਵਾਲਾ ਮੰਜਾ ਇਥੋਂ ਹੀ ਚੁਕ ਕੇ ਮੁੜ ਜਾ, ਮੈਂ ਭੁੰਜੇ ਸੌਂ ਕੇ ਹੀ ਗੁਜ਼ਾਰਾ ਕਰ ਲਵਾਂਗਾ।" ਇਸ ਤਰਾਂ ਉਹ ਭਲੇ ਲੋਕ ਨੇ ਮੈਨੂੰ ਮੰਜੇ ਤੋਂ ਛੁੜਾਇਆ ਅਤੇ ਮੈਂ ਹੱਥ ਝਾੜ ਕੇ ਕੰਬਲ ਤੇ ਆ ਬੈਠਾ। ਅਸੀਂ ਤਿੰਨੇ ਹੀ ਚਾਰ ਕੁ ਵਜੇ ਵਾਰੀ ਵਾਰੀ ਟੂਟੀਆਂ ਹੇਠਾਂ ਇਸ਼ਨਾਨ ਕਰਕੇ ਫੇਰ ਕੰਬਲਾਂ ਤੇ ਆ ਬੈਠੇ। ਸਾਹਮਣੇ ਇਕ ਵੱਡਾ ਮੈਦਾਨ ਸੀ ਜਿਸ ਬਰਾਂਡੇ ਵਿਚ ਅਸੀਂ ਬੈਠੇ ਸਾਂ ਉਸ ਬੈਰਕ ਵਿਚ ਫੌਜੀਆਂ ਦੀ ਬਹੁਤ ਭੀੜ ਸੀ। ਭੀੜੇ ਭੀੜੇ ਕਰਕੇ ਮੰਜੇ ਲੱਗੇ ਹੋਏ ਸਨ। ਇਕ ਫੌਜੀ ਦੂਜੇ ਨੂੰ ਦੱਸ ਰਿਹਾ ਸੀ "ਅੱਜ ਸ਼ੁਕਰਵਾਰ ਹੈ ਸ਼ਾਮ ਨੂੰ ਰੂਟ ਮਾਰਚ ਹੋਵੇਗੀ।" ਛੇ ਕੁ ਵੱਜੇ ਸਨ ਜਦ ਮੈਦਾਨ ਵਿਚ ਵਰਦੀਆਂ ਪਾ ਕੇ ਸਾਰੇ ਫੌਜੀ ਆ ਗਏ ਅਤੇ ਟੋਲੀਆਂ ਬਣਾ ਕੇ ਖੜੇ ਹੋਣ ਲੱਗੇ। ਅਸੀਂ ਦੂਰੋਂ ਹੀ ਫੌਜੀਆਂ ਦਾ ਇਹ ਤਮਾਸ਼ਾ ਦੇਖ ਰਹੇ ਸਾਂ। ਇਕ ਲੰਮਾਂ ਜਿਹਾ ਫੌਜੀ ਮੁਸਲਮਾਨ ਜਿਸਨੇ ਕੁਲੇ ਵਾਲੀ ਪੱਗ ਬੰਨੀ ਹੋਈ ਸੀ ਦੌੜ ਕੇ ਸਾਡੇ ਕੋਲ ਆਇਆ ਅਤੇ ਬੜੀ ਕੁਰਖਤ ਜਹੀ ਅਵਾਜ਼ ਵਿਚ ਪੁਛਣ ਲੱਗਾ

"ਕੌਣ ਹੋ ਤੁਸੀਂ ?"

"ਅਸੀਂ ... ਅਸੀਂ ਨਵੇਂ ਭਰਤੀ ਹੋ ਕੇ ਅੱਜ ਹੀ ਆਏ ਹਾਂ" ਮੈਂ ਕਿਹਾ।

"ਫੇਰ ਤੁਸੀਂ ਨਾਨਕੀ ਤਾਂ ਨਹੀਂ ਆਏ ਜੋ ਆਰਾਮ ਨਾਲ ਕੰਬਲ ਵਿਛਾ ਕੇ ਬੈਠੇ ਹੋ ....ਛੇਤੀ ਕਰੋ ..ਤਿਆਰ ਹੋ ਜਾਵੋ ਅੱਜ ਰੂਟ ਮਾਰਚ ਹੈ" ਉਸ ਨੇ ਕਿਹਾ।

ਅਸੀਂ ਤਿੰਨੇ ਇਕ ਦੂਜੇ ਵੱਲ ਦੇਖਣ ਲੱਗੇ

"ਜੀ !...ਜੀ !! ਰੂਟ ਮਾਰਚ ਕੀ ਹੁੰਦਾ ਏ ?" ਹਰਦੇਵ ਨੇ ਪੁਛਿਆ।

"ਓਏ ਤੁਸੀਂ ਵਰਦੀਆਂ ਪਹਿਨੋ ਪਹਿਲਾਂ ... ਫੇਰ ਦੱਸਾਂਗੇ ਰੂਟ ਮਾਰਚ ਕੀ ਹੁੰਦਾ ਏ ?"

"ਜੀ ਵਰਦੀਆਂ ਤਾਂ ਹਾਲੇ ਫਿੱਟ ਕਰਵਾਉਣੀਆਂ ਹਨ"

"ਮੈਂ ਦਰਜੀ ਨਹੀਂ ਜੋ ਤੁਹਾਡੀਆਂ ਵਰਦੀਆਂ ਫਿਟ ਕਰਾਂ ...ਛੇਤੀ ਕਰੋ ਪਹਿਨੋ ਜਹੀਆਂ ਜਹੀਆਂ ਵੀ ਹਨ" ਉਹ ਥੁਕ ਸੁੱਟ ਰਿਹਾ ਸੀ।

ਬੱਸ ਫੇਰ ਕੀ ਸੀ ਅਸੀਂ ਕਮੀਜ਼ਾਂ ਪਹਿਨ ਲਈਆ ਖੁਲੀਆਂ ਖੁਲੀਆਂ ...ਨਿੱਕਰਾਂ ਵੀ ਪਹਿਨ ਲਈਆਂ...ਪਤਾ ਨਹੀਂ ਸੀ ਲਗਦਾ ਇਨ੍ਹਾਂ ਨੂੰ ਨਿੱਕਰਾਂ ਕਹੀਏ ਕਿ ਪਤਲੂਣਾਂ ਕਹੀਏ। ਗੋਡਿਆਂ ਅਤੇ ਗਿਟਿਆਂ ਦੇ ਵਿਚਕਾਰ ਤੱਕ ਇਹ ਆ ਗਈਆਂ ਲੱਕਾਂ ਤੋਂ ਬਹੁਤ ਖੁਲੀਆਂ ਸਨ। ਗਿੱਲੇ ਕਛਿਆਂ ਦੇ ਨਾਲੇ ਕੱਢੇ ਗਏ ਉਨਾਂ ਤੋਂ ਪੇਟੀਆਂ ਦਾ ਕੰਮ ਲਿਆ। ਹੁਣ ਜੇ ਕਦੇ ਫਿਲਮਾਂ ਵਿਚ ਰਾਜਿੰਦਰ ਨਾਥ ਨੂੰ ਲੰਬੀ ਨਿਕਰ ਪਹਿਨੀ ਦੇਖਦੇ ਹਾਂ ਤਾਂ ਸੋਚਦਾ ਹਾਂ ਇਸ ਨੇ ਉਦੋਂ ਸਾਡੀਆਂ ਨਿੱਕਰਾਂ ਜ਼ਰੂਰ ਦੇਖ ਲਈਆਂ ਹੋਣਗੀਆਂ। ਜੁਰਾਬਾਂ ਪਾ ਕੇ ਪੈਰਾਂ ਵਿਚ ਬੂਟ ਵੀ ਫਸਾ ਲਏ ਅਤੇ ਪੱਗਾਂ ਨੂੰ ਸਿਰਾਂ ਤੇ ਲਪੇਟ ਲਿਆ। ਹਾਂ ਜੀ ! ਲਪੇਟ ਹੀ ਲਿਆ। ਫੌਜੀਆਂ ਵਾਂਗਰ ਪੱਗਾਂ ਬੰਨਣੀਆਂ ਤਾਂ ਉਦੋਂ ਸਾਨੂੰ ਤੇਹਾਂ ਨੂੰ ਹੀ ਨਹੀਂ ਸਨ ਆਉਂਦੀਆਂ। ਥੋੜਾ ਥੋੜਾ ਹਨੇਰਾ ਵੀ ਹੋਣਾ ਸ਼ੁਰੂ ਹੋ ਗਿਆ ਸੀ। ਅਸੀਂ ਸਾਰੀਆਂ ਟੋਲੀਆਂ ਦੇ ਪਿਛੇ ਜਾ ਕੇ ਖੜੇ ਹੋ ਗਏ। ਇਕ ਬੰਦਾ ਉਚੀ ਉਚੀ ਬੋਲਣ ਲੱਗਾ

"ਸੁਣੋ ਜੁਆਨ ! ਹਮ ਲੋਗ ਰੂਟ ਮਾਰਚ ਪਰ ਜਾਏਗਾ। ਰਾਤ ਮੇਂ ਗਿਆਰਾਂ ਵਜੇ ਵਾਪਸ ਆਏਗਾ। ਰਾਸਤੇ ਮੇਂ ਕੋਈ ਬਾਤ ਨਹੀਂ ਕਰੇਗਾ, ਔਰ ਕੋਈ ਜੁਵਾਨ ਪਾਣੀ ਵੀ ਨਹੀਂ ਪੀ ਸਕਤਾ ਹੈ। ਬੇਸ਼ੱਕ ਗਰਮੀ ਸੇ ਗਿਰ ਜਾਏ"

ਕਿਸੇ ਨੇ ਹੌਲੀ ਜਹੀ ਅਵਾਜ਼ ਵਿਚ ਦਸਿਆ ਇਹ ਸੂਬੇਦਾਰ ਮੇਜਰ ਮੱਘਰ ਸਿੰਘ ਬੋਲ ਰਿਹਾ ਸੀ। ਟੋਲੀਆਂ ਇਕ ਦੂਜੇ ਦੇ ਪਿੱਛੇ ਪਿੱਛੇ ਇਕ ਸੜਕ ਤੇ ਤੁਰਨ ਲੱਗੀਆਂ। ਅਸੀਂ ਤਿੰਨੇ ਸਭ ਤੋਂ ਪਿੱਛੇ। ਫੌਜੀ ਠੀਕ ਮਾਰਚ ਕਰਦੇ ਜਾਂਦੇ ਸਨ। ਲੈਫਟ ..ਰਾਈਟ .. ਲੈਫਟ .. ਰਾਈਟ ਪਰ ਸਾਡੀ ਚਾਲ ਤਾਂ ਸਾਡੀ ਆਪਣੀ ਸੀ। ਹਰਦੇਵ ਹੁਰੀਂ ਤੁਰ ਰਹੇ ਸਨ ਜਿਵੇਂ ਜਗਰਾਵਾਂ ਦੀ ਰੌਸ਼ਨੀ ਦੇਖਦੇ ਫਿਰਦੇ ਹੋਣ ਤਿੰਨੇ ਹੀ ਮੇਲੇ ਵਿਚ ਬਣਾਏ ਸਵਾਂਗਾ ਵਾਂਗ ਦਿਸ ਰਹੇ ਸਾਂ। ਜੇ ਕੋਈ ਉਦੋਂ ਸਾਡੀ ਫੋਟੋ ਖਿਚ ਲੈਂਦਾ ਤਾਂ ਸਾਰੀ ਜ਼ਿੰਦਗੀ ਦੀ ਇਕ ਯਾਦਗੀਰੀ ਚੀਜ਼ ਬਣ ਜਾਣੀ ਸੀ। ਹਨੇਰਾ ਹੌਲੀ ਹੌਲੀ ਕਾਫੀ ਹੋ ਗਿਆ ਹਰਦੇਵ ਨੇ ਫੌਜੀ ਪੱਗ ਸਿਰ ਤੋਂ ਲਾਹ ਕੇ ਕੱਛ ਵਿਚ ਨੱਪ ਲਈ ਪਸੀਨਾ ਪੂਰੇ ਜ਼ੋਰ ਨਾਲ ਚੋ ਰਿਹਾ ਸੀ ਅਤੇ ਇਉਂ ਲੱਗਦਾ ਸੀ ਜਿਵੇਂ ਜੂਨ ਮਹੀਨੇ ਦੀ ਸਭ ਤੋਂ ਵੱਧ ਗਰਮੀ ਅੱਜ ਹੀ ਪੈਣੀ ਹੈ ... ਅਸੀਂ ਕਿਧਰ ਜਾ ਰਹੇ ਸਾਂ। ਸਾਨੂੰ ਕੋਈ ਪਤਾ ਨਹੀਂ ਸੀ ਅਸੀਂ ਤਾਂ ਕਿਸੇ ਮਦਾਰੀ ਦੇ ਨਵੇਂ ਨਵੇਂ ਫੜੇ ਬਾਂਦਰਾਂ ਵਾਂਗ ਸਾਂ। ਪਤਾ ਨਹੀਂ ਕਿਤਨੀ ਕੁ ਦੂਰ ਅਸੀਂ ਤੁਰੇ ਗਏ ਸਾਂ। ਲਾਹੌਰ ਛਾਉਣੀ ਦੀਆਂ ਬੱਤੀਆਂ ਵੀ ਨਹੀਂ ਦਿਸਦੀਆਂ ਸਨ। ਸ਼ਾਇਦ ਉਨ੍ਹਾਂ ਨੂੰ ਬਲੈਕ ਆਊਟ ਦੇ ਕਾਰਨ ਬੰਦ ਕਰ ਦਿਤਾ ਗਿਆ ਸੀ। ਇਕ ਪਾਣੀ ਦੀ ਕੱਸੀ ਦੇ ਕੁਝ ਪਲ ਆਰਾਮ ਕਰਨ ਦਾ ਹੁਕਮ ਮਿਲਿਆ। "ਲੇਕਿਨ ਕੋਈ ਜੁਆਨ ਪਾਣੀ ਨਹੀਂ ਪੀ ਸਕਦਾ" ਇਕ ਵੇਰ ਫੇਰ ਸੂਬੇਦਾਰ ਮੇਜਰ ਦੀ ਕੜਕਵੀਂ ਅਵਾਜ਼ ਸੁਣਾਈ ਦਿੱਤੀ। ਅਸੀਂ ਕੱਸੀ ਤੇ ਬੈਠ ਗਏ। ਥੱਲੇ ਭਾਵੇਂ ਬਿੱਛੂ ਹੁੰਦੇ ਭਾਵੇਂ ਸੱਪ। ਮੇਰੇ ਹਟਾਉਂਦੇ ਹਟਾਉਂਦੇ ਵੀ ਹਰਦੇਵ ਨੇ ਲੰਮੇ ਪੈ ਕੇ ਮੂੰਹ ਕੱਸੀ ਦੇ ਪਾਣੀ ਵਿਚ ਪਾ ਲਿਆ। ਅਤੇ ਰੱਜ ਕੇ ਪਾਣੀ ਪੀਤਾ ਮੈਂ ਅਤੇ ਸੂਰਤ ਸਿੰਘ ਤਾਂ ਡਰਦੇ ਹੀ ਕੋਲ ਬੈਠੇ ਰਹੇ। ਕੁਝ ਮਿੰਟਾਂ ਮਗਰੋਂ ਸੀਟੀ ਵੱਜ ਗਈ। ਫੇਰ ਤੁਰਨ ਦਾ ਹੁਕਮ ਮਿਲ ਗਿਆ। ਹੁਣ ਖੇਤਾਂ ਵਿਚੋਂ ਦੀ ਲੰਘ ਰਹੇ ਸਾਂ ਖੇਤਾਂ ਵਿਚ ਫਾਲਸੇ ਦੀ ਫਸਲ ਫਲਾਂ ਤੇ ਆਈ ਹੋਈ ਸੀ। ਫੌਜੀਆਂ ਨੇ ਕੱਚਾ ਪੱਕਾ ਫਾਲਸਾ ਨਹੀਂ ਸੀ ਦੇਖਿਆ ਸਗੋਂ ਬੂਟਿਆਂ ਨਾਲੋਂ ਸੂਤ ਕੇ ਖਾਣਾ ਸ਼ੁਰੂ ਕਰ ਦਿਤਾ। ਅਸੀਂ ਵੀ ਆਪਣੀ ਪਿਆਸ ਫਾਲਸੇ ਨਾਲ ਬੁਝਾਈ। ਲੱਤਾਂ ਘੜੀਸਦੇ ਘੜੀਸਦੇ ਪੱਗਾਂ ਲਾਹ ਕੇ ਉਨ੍ਹਾਂ ਨਾਲ ਮੂੰਹ ਤੋਂ ਪਸੀਨਾ ਪੂੰਝਦੇ ਇਕ ਦੂਜੇ ਦਾ ਸਹਾਰਾ ਲੈਂਦੇ ਆਖਰ ਅਸੀਂ ਉਨ੍ਹਾਂ ਬੈਰਕਾਂ ਕੋਲ ਆ ਗਏ। "ਸਭ ਠੀਕ ਹੈ" ਦੀ ਰਿਪੋਰਟ ਦਿਤੀ ਗਈ ਅਤੇ ਸਾਨੂੰ ਛੁੱਟੀ ਮਿਲੀ। ਅਸੀਂ ਆਪਣੇ ਕੰਬਲਾਂ ਦੇ ਬਿਸਤਰਿਆਂ ਤੇ ਵਾਪਸ ਆ ਗਏ, ਸੁਕਣੇ ਪਾਏ ਗਿੱਲੇ ਕੱਛੇ ਗਾਇਬ ਸਨ। ਜਦੋਂ ਬਾਕੀ ਸਾਮਾਨ ਦੀ ਪੜਤਾਲ ਕੀਤੀ ਤਾਂ ਦੋ ਦੋ ਜੋੜੇ ਨਵੀਆਂ ਮਿਲੀਆਂ ਗਰਮ ਜਰਾਬਾਂ ਦੇ ਵੀ ਗੁੰਮ ਸਨ। ਮੇਰੀ ਤਾਂ ਘਰੋਂ ਲਿਆਂਦੀ ਸਿਰ ਦੀ ਟਸਰੀ ਵੀ ਕਿਧਰੇ ਰੂਟ ਮਾਰਚ ਤੇ ਚਲੀ ਗਈ ਸੀ। ਧੰਨਵਾਦ ਕੀਤਾ ਲਿਜਾਣ ਵਾਲੇ ਦਾ ਜੋ ਬਾਕੀ ਸਾਰਾ ਸਾਮਾਨ (ਕਿੱਟ) ਤਾਂ ਛੱਡ ਗਿਆ ਸੀ। ਰੱਜ ਰੱਜ ਕੇ ਪਾਣੀ ਪੀਤਾ ਪਰ ਨਲਕਿਆਂ ਵਿਚ ਪਾਣੀ ਵੀ ਸ਼ਾਇਦ ਉਬਾਲ ਕੇ ਪਾਇਆ ਗਿਆ ਸੀ। ਮੱਛਰ ਕੰਨਾਂ ਕੋਲ ਆ ਕੇ ਤਰਜਾਂ ਸੁਣਾ ਰਿਹਾ ਸੀ। ਮੱਛਰਦਾਨੀਆਂ ਵਿਚ ਸਰੀਰ ਲਪੇਟਿਆ। ਨੀਂਦ ਰਾਣੀ ਨੇ ਬੜੀ ਕ੍ਰਿਪਾ ਕੀਤੀ ਜਿਸ ਨੇ ਫੌਜ ਵਿਚ ਸਾਡੇ ਪਹਿਲੇ ਦਿਨ ਦਾ ਭੋਗ ਪਾ ਦਿਤਾ।

ਬੱਬਰ ਅਕਾਲੀਆਂ ਦਾ ਸ਼ੁਭ ਦਿਹਾੜਾ

ਕੁਝ ਵਿਚਾਰ, ਕੁਝ ਸੁਝਾਓ

ਸੁਰਜੀਤ ਸਿੰਘ ਸੰਧੂ ਰਿਚਮੰਡ, ਬੀ. ਸੀ.

ਹਰ ਸਾਲ ਦੀ ਤਰ੍ਹਾਂ ਬੀ. ਸੀ. ਦੇ ਹਿੰਦੁਸਤਾਨੀ ਵਸਨੀਕ ਅਗਲੇ ਮਹੀਨੇ ਵੱਖ ਵੱਖ ਗੁਰਦੁਆਰਿਆਂ ਵਿਚ ਉਹਨਾਂ ਸ਼ਹੀਦਾਂ ਅਤੇ ਦੇਸ਼ ਭਗਤਾਂ ਦੀ ਯਾਦ ਵਿਚ ਇਕੱਠੇ ਹੋਣਗੇ ਜਿਨਾਂ ਦੀ ਅਣਖ ਨੇ ਅੰਗਰੇਜ਼ ਸਾਮਰਾਜੀਆਂ ਨਾਲ ਕਿਸੇ ਕਿਸਮ ਦੀ ਸੌਦੇ-ਬਾਜੀ ਜਾਂ ਲਿਹਾਜ਼ਦਾਰੀ ਕਰਨਾ ਆਪਣੀ ਅਣਖ, ਕੌਮ ਜਾਂ ਧਰਮ ਨਾਲ ਇਕ ਬੜਾ ਵੱਡਾ ਨਾ ਮੇਟਿਆ ਜਾ ਸਕਣ ਵਾਲਾ ਕਲੰਕ ਲਾਉਣਾ ਸਮਝਿਆ। ਵੋਟਾਂ ਨਾਲ ਚੁਣੇ ਜਾਣਾ ਜਾਂ ਹੋਰ ਕਈ ਕਿਸਮ ਦੀਆਂ ਚਾਪਲੂਸੀਆਂ ਉਹਨਾਂ ਦੇ ਮਨਾਂ ਨੂੰ ਖਰੀਦ ਨਾ ਸਕਦੀਆਂ। ਪੁਲਸ ਦਾ ਤਸ਼ੱਦਦ, ਜਾਇਦਾਦਾਂ ਦੀਆਂ ਕੁਰਕੀਆਂ, ਪ੍ਰਵਾਰਕ ਜੀਆਂ ਦੀਆਂ ਬੇਇਜ਼ਤੀਆਂ, ਅਣ-ਮਨੁਖੀ ਸਰੀਰਕ ਤਸੀਹੇ ਅਤੇ ਫਾਂਸੀ ਦੇ ਤਖਤਿਆਂ ਤੇ ਲਟਕ ਜਾਣ ਨਾਲ ਵੀ ਉਹਨਾਂ ਯੋਧਿਆਂ ਦੇ ਦਿਲਾਂ ਨੂੰ ਅੰਗਰੇਜ਼ ਅਤੇ ਉਹਨਾਂ ਦੇ ਝੋਲੀ ਚੁਕ ਟਟੂ ਥਿੜਕ ਨਾ ਸਕੇ।

ਦੂਜੇ ਪਾਸੇ ਝੋਲੀ ਚੁਕਾਂ ਨੂੰ ਵੀ ਆਪਣੇ ਮਾਲਕ ਅੰਗਰੇਜ਼ ਦੀ ਸੇਵਾ ਕਰਨ ਦਾ ਬੜਾ ਸੋਹਣਾ ਮੌਕਾ ਮਿਲਿਆ। ਉਹ ਗ਼ਦਾਰ ਜੋ ਕਿ ਆਪਣੇ ਹੱਥੀਂ ਉੜਾ ਲਿਖਣ ਵੀ ਨਹੀਂ ਸੀ ਜਾਣਦੇ, ਇਹਨਾਂ ਦੇਸ਼ ਭਗਤਾਂ ਨੂੰ ਫਾਂਸੀ ਲਵਾ ਕੇ ਠਾਣੇਦਾਰੀਆਂ, ਮੁਰੱਬੇ ਅਤੇ ਲੱਖਾਂ ਦੀਆਂ ਜਾਗੀਰਾਂ ਸੰਭਾਲ ਕੇ ਬੈਠ ਗਏ ਜਿਹੜੇ ਕਿ ਅਜੇ ਵੀ ਉਸ ਲੁੱਟ ਦਾ ਮਜ਼ਾ ਉਡਾ ਰਹੇ ਹਨ।

ਇਹਨਾ ਬੱਬਰ ਯੋਧਿਆਂ ਦੇ ਨਾਲ ਸਾਡੇ ਵਿਰਸੇ ਵਿਚ ਉਹ ਬਜ਼ੁਰਗਗ ਵੀ ਹਨ ਜੋ ਕਿ ਪ੍ਰਦੇਸਾਂ ਵਿਚ ਬੈਠੇ ਆਪਣੀ ਮਨ ਭਾਉਂਦੀ ਜ਼ਿੰਦਗੀ ਦੇ ਦਿਨ ਗੁਜ਼ਾਰ ਰਹੇ ਸਨ। ਲੱਖਾਂ ਦੀਆਂ ਜਾਇਦਾਦਾਂ ਦੇ ਮਾਲਕ ਵੀ ਬਣ ਗਏ ਸਨ। ਪਰ ਬੱਬਰ ਅਕਾਲੀਆਂ ਦੀ ਅਣਖ ਵਾਂਗ ਉਹ ਵੀ ਦੁਨੀਆਂ ਦੇ ਕਿਸੇ ਕੋਨੇ ਵਿਚ ਹੀ ਬੈਠੇ ਹੋਏ ਸਨ ਆਪਣੀ ਆਰਾਮ ਤਲਬੀ ਨੂੰ ਲੱਤ ਮਾਰਕੇ ਗ਼ਦਰ ਪਾਰਟੀ ਦੇ ਝੰਡੇ ਥੱਲੇ ਇਕੱਠੇ ਹੋ ਕੇ ਆਪਣੀ ਮਾਤ-ਭੂਮੀ ਨੂੰ ਆਜ਼ਾਦ ਕਰਾਉਣ ਲਈ ਦੇਸ਼ ਜਾ ਕੇ ਗੁਰੂ ਗੋਬਿੰਦ ਸਿੰਘ ਵਾਂਗ ਨਤੀਜਿਆਂ ਦੀ ਪਰਵਾਹ ਨਾ ਕਰਦੇ ਹੋਏ ਆਪਣੇ ਘੋਲ ਘੁਲਦੇ ਗਏ। ਬੱਬਰਾਂ ਵਾਂਗ ਹੀ ਕੁਰਕੀਆਂ ਜੇਲ੍ਹਾਂ ਅਤੇ ਫਾਂਸੀਆਂ ਤੇ ਲਟਕਦੇ ਗਏ। ਇਸ ਲਈ ਚੰਗਾ ਹੋਵੇ ਜੇ ਬੱਬਰ ਅਕਾਲੀਆਂ ਦੇ ਨਾਲ ਗ਼ਦਰ ਪਾਰਟੀ ਦਾ ਨਾਂ ਵੀ ਜੋੜਕੇ "ਬਬਰ ਅਕਾਲੀ-ਗ਼ਦਰ ਪਾਰਟੀ" ਦਿਹਾੜਾ ਰਖ ਦਿਤਾ ਜਾਵੇ। ਦੂਸਰੀ ਵਿਚਾਰ ਇਹ ਹੈ ਕਿ ਉਹਨਾਂ ਬਜ਼ੁਰਗਾਂ ਦੀ ਯਾਦ ਵਿਚ ਸਿਰਫ ਇਕ ਵਾਰ ਇਕੱਠ ਕਰ ਲੈਣਾ ਕਾਫੀ ਨਹੀਂ। ਚੰਗਾ ਹੋਵੇ ਜੇ ਕਰ ਇਸ ਦਿਹਾੜੇ ਨੂੰ ਹੋਰ ਵੀ ਸੁਚੱਜੇ ਢੰਗ ਨਾਲ ਤਰਤੀਬ ਦੇ ਕੇ ਉਹਨਾਂ ਬਜ਼ੁਰਗਾਂ ਦੀਆਂ ਘਾਲਣਾਂ ਅਤੇ ਕੁਰਬਾਨੀਆਂ ਤੇ ਰੌਸ਼ਨੀ ਪਾ ਕੇ ਆਮ ਜੰਤਾ ਨੂੰ ਵਾਕਫੀਅਤ ਦਵਾਈ ਜਾ ਸਕੇ, ਜਿਸ ਤਰਾਂ ਕਿ ਹਰ ਸਾਲ ਇਕ ਬਜ਼ੁਰਗ ਦਾ ਨਾਮ ਚੁਣ ਲਿਆ ਜਾਵੇ ਅਤੇ ਕੁਝ ਸੇਵਾਦਾਰ (ਵਾਲੰਟੀਅਰ) ਰਲ ਮਿਲਕੇ ਸਾਰਾ ਸਾਲ ਉਸਦੀ ਜੀਵਨੀ, ਪਰਵਾਰਕ ਪਿਛੋਕੜ ਅਤੇ ਕੁਰਬਾਨੀਆਂ ਆਦਿ ਦਾ ਖਰੜਾ ਤਿਆਰ ਕਰਕੇ ਇਸ ਜੋੜ ਮੇਲੇ ਤੇ ਲੋਕਾਂ ਦੀ ਭੇਟ ਕੀਤਾ ਜਾਵੇ ਤਾਂ ਕਿ ਅਸੀਂ ਅਤੇ ਸਾਡੇ ਬੱਚੇ ਉਹਨਾਂ ਬਜ਼ੁਰਗਾਂ ਦੀਆਂ ਘਾਲਣਾਂ ਤੋਂ ਹੋਰ ਵੀ ਚੰਗੀ ਤਰ੍ਹਾਂ ਜਾਣੂ ਹੋ ਸਕਣ।

ਨਾਲ ਲਗਵਾਂ ਇਕ ਗ਼ਦਾਰ ਦਾ ਨਾਂ ਵੀ ਚੁਣ ਲਿਆ ਜਾਵੇ ਅਤੇ ਉਸਦੀਆਂ ਕਰਤੂਤਾਂ ਨੂੰ ਵੀ ਚੰਗੀ ਤਰਾਂ ਖੋਲ੍ਹ ਕੇ ਲੋਕਾਂ ਸਾਹਮਣੇ ਲਿਆਂਦਾ ਜਾਵੇ। ਏਸੇ ਤਰਾਂ ਡਰਾਮੇ ਵੀ ਤਿਆਰ ਕੀਤੇ ਜਾ ਸਕਦੇ ਹਨ।

ਜੇਕਰ ਇਸ ਤਰਾਂ ਦਾ ਕੋਈ ਪ੍ਰਬੰਧ ਨਾ ਕੀਤਾ ਗਿਆ ਤਾਂ ਹੌਲੀ ਹੌਲੀ ਇਸ ਦਿਹਾੜੇ ਦੀ ਮਹਾਨਤਾ ਵੀ ਕੁਝ ਦਿਨ ਪਾ ਕੇ ਖਤਮ ਹੋ ਜਾਵੇਗੀ। ਕਿਉਂਕਿ ਉਹਨਾ ਗਦਾਰਾਂ ਦੀ ਔਲਾਦ ਏਥੇ ਬਹੁ ਗਿਣਤੀ ਵਿਚ ਆ ਚੁਕੀ ਹੈ ਅਤੇ ਬੜੇ ਮੀਣੇ ਜਹੇ ਬਣ ਕੇ ਕਈ ਕਿਸਮ ਦੇ ਧਾਰਮਿਕ ਵੇਸ ਧਾਰ ਕੇ ਲੋਕਾਂ ਵਿਚ ਜਜ਼ਬ ਹੋਣ ਦੀ ਕੋਸ਼ਿਸ਼ ਕਰ ਰਹੇ ਹਨ ਜਿਨ੍ਹਾਂ ਦਾ ਨਿਸ਼ਾਨਾ ਲੋਕ ਸੇਵਾ ਨਹੀਂ ਸਗੋਂ ਆਪਣੇ ਪਿਉ ਦਾਦੇ ਬਠਲਾਂ ਵਾਂਗ ਆਪਣੇ ਬੁਲ੍ਹਾਂ ਨੂੰ ਲੋਕਾਂ ਦੇ ਲਹੂ ਨਾਲ ਰੰਗਣਾ ਹੈ। ਦੇਸ਼ ਵਿਚ ਸ਼ਹੀਦ ਸੇਵਾ ਸਿੰਘ ਜੀ ਠੀਕਰੀਵਾਲੇ ਦੀ ਯਾਦ ਵਿਚ ਡਾਕਖਾਨੇ ਦੀ ਟਿਕਟ ਨਾ ਛਾਪਣ ਦੇਣ ਦੀ ਮਕਾਰੀ ਇਕ ਜਿਉਂਦੀ ਜਾਗਦੀ ਮਿਸਾਲ ਦਿਤੀ ਜਾ ਸਕਦੀ ਹੈ। ਆਸ ਹੈ ਕਿ ਸਾਡੀ ਕੌਮ ਦੇ ਕੈਨੇਡਾ ਵਿਚ ਰਹਿ ਰਹੇ ਲੋਕ ਇਹਨਾਂ ਵਿਚਾਰਾਂ ਵਲ ਜ਼ਰੂਰ ਸੰਜੀਦਗੀ ਨਾਲ ਵਿਚਾਰ ਕਰਨਗੇ।

ਕਹਾਣੀ: ਆਖਰੀ ਸੱਚ

—ਦਰਸ਼ਨ ਨੱਤ—

ਸ਼ਾਮ ਦੇ ਘੁਸਮੁਸੇ ਦਾ ਵੇਲਾ ਸੀ । ਮੇਰੇ ਮਕਾਨ ਦੇ ਬਾਹਰੋਂ ਦੀ ਲੋਕ ਚਹਿਲ-ਕਦਮੀ ਕਰਨ ਲਈ ਪਾਰਕ ਨੂੰ ਜਾ ਰਹੇ ਸਨ । ਖੋਖਲੇ ਲੋਕ-ਜੋ ਕਿਧਰੇ ਅੱਧਾ ਕਿਲੋਮੀਟਰ ਵੀ ਜਾਣਾ ਹੋਵੇ ਤਾਂ ਰਿਕਸ਼ਾ ਤੇ ਜਾਣਗੇ, ਪਰ ਸਵੇਰੇ ਸ਼ਾਮ 'ਸੈਰ' ਕਰਨ ਲਈ ਜ਼ਰੂਰ ਨਿਕਲ ਪੈਂਦੇ ਹਨ-ਸੋਚਦੇ ਸੋਚਦੇ ਮੈਂ ਖੁਦ ਬਾਹਰ ਸੈਰ ਕਰਨ ਲਈ ਨਿਕਲਣ ਦੇ ਵਿਚਾਰ ਨੂੰ, ਬਾਕੀ ਰਹਿੰਦੇ ਅਖਬਾਰ ਨੂੰ ਖਤਮ ਕਰਨ ਦੇ 'ਜ਼ਰੂਰੀ ਕੰਮ' ਦਾ ਬਹਾਨਾ ਬਣਾ ਕੇ ਟਾਲਣ ਦੀ ਕੋਸ਼ਿਸ਼ ਕਰ ਰਿਹਾ ਸਾਂ । ਦਲਿੱਦਰੀ ਆਦਮੀ - ਜੋ ਸਿਹਤ ਦਾ ਖਿਆਲ ਰੱਖਣ ਨੂੰ ਐਵੇਂ ਵਾਧੂ ਜਿਹਾ ਕੰਮ ਸਮਝਦਾ ਹੈ ।

ਬਾਹਰਲਾ ਲੋਹੇ ਦਾ ਗੇਟ ਜ਼ੋਰਦਾਰ ਧੱਕੇ ਤੇ ਚੀਕ ਦੀ ਆਵਾਜ਼ ਨਾਲ ਖੁੱਲ੍ਹਿਆ । ਇਸ ਗੇਟ ਸਦਕਾ ਮੈਨੂੰ ਕਿਸੇ ਬਿਜਲੀ ਦੀ ਘੰਟੀ ਦੀ ਲੋੜ ਨਹੀਂ ਪੈਂਦੀ ਤੇ ਨਾ ਹੀ ਆਉਣ ਵਾਲੇ ਨੂੰ ਦਰਵਾਜ਼ਾ ਥਪਥਪਾਉਣ ਦੀ । ਗੁਆਂਢੀ ਮਕਾਨਾਂ ਦੇ ਗੇਟਾਂ ਨਾਲੋਂ ਮੇਰੇ ਮਕਾਨ ਦੇ ਗੇਟ ਦੀ ਆਵਾਜ਼ ਨਿਰਾਲੀ ਹੈ — ਭਾਰੀ, ਖਰ੍ਹਵੀ ਜਿਹੀ ਤੇ ਚੀਕਦੀ ਹੋਈ । ਪੰਜ, ਛੇ ਸਾਲ ਇਸ ਮਕਾਨ ਵਿਚ ਰਹਿਣ ਤੋਂ ਬਾਅਦ ਇਸ ਦੀ ਆਵਾਜ਼ ਦੀ, ਇਸ ਕਦਰ ਪਹਿਚਾਣ ਹੋ ਗਈ ਹੈ ਕਿ ਨੇੜਲੇ ਗੁਆਂਢੀਆਂ ਦਾ ਗੇਟ ਚੀਕਣ ਦੀ ਆਵਾਜ਼ ਮੈਨੂੰ ਉੱਠ ਕੇ ਦਰਵਾਜ਼ੇ ਤੇ ਜਾਣ ਲਈ ਬਿਲਕੁਲ ਨਹੀਂ ਉਕਸਾਉਂਦੀ । ਗੇਟ ਖੋਲ੍ਹਣ ਦੇ ਅੰਦਾਜ਼ ਤੋਂ ਹੀ ਆਉਣ ਵਾਲੇ ਦੀ ਸਖਸ਼ੀਅਤ ਦਾ ਅੰਦਾਜ਼ਾ ਹੋ ਜਾਂਦਾ ਹੈ — ਕੋਈ ਸਭਯ, ਨਰਮ ਸੁਭਾਅ ਦਾ ਸ਼ਹਿਰੀ ਆਦਮੀ ਤਸ਼ਰੀਫ ਲਿਆ ਰਿਹਾ ਹੈ ਜਾਂ ਕੋਈ ਧੱਕੜ ਪੇਂਡੂ ।

ਉਹ ਸ਼ਹਿਨਸ਼ਾਹਾਂ ਵਾਲੇ ਅੰਦਾਜ਼ ਨਾਲ ਅੰਦਰ ਦਾਖਲ ਹੋਇਆ, ਖੁਮਾਰੀ ਜਿਹੀ 'ਚ ਝੂਮਦਾ ਹੋਇਆ, ਜਿਵੇਂ ਮੇਰਾ ਪੁਰਾਣਾ ਜਾਣੂ ਹੋਵੇ ਤੇ 'ਆਪਣੇ ਹੀ' ਘਰ ਆਇਆ ਹੋਵੇ । ਲੰਮਾ ਤੇ ਪਤਲਾ ਸੁੱਕੜ ਸਰੀਰ, ਕਣਕਵੰਨਾ ਰੰਗ, ਖਿਲਰੀਆਂ ਤੇ ਸਫੈਦੀ ਦੇ ਦਾਗਾਂ ਨਾਲ ਲਿੱਬੜੀਆਂ ਜਟੂਰੀਆਂ, ਥਾਂ ਥਾਂ ਤੋਂ ਫਟੀ ਹੋਈ ਤੇ ਉਧੜੇ ਜਿਹੇ ਬੂਟ, ਜਿਨ੍ਹਾਂ ਦੇ ਪੰਜੇ ਉੱਤਰ ਵੱਲ ਹੈ ਅਤੇ ਅੱਡੇ ਦੱਖਣ ਵੱਲ ਨੂੰ ਸੰਕੇਤ ਕਰ ਰਹੇ ਸਨ ।

"ਸਾਸਰੀ 'ਕਾਲ, ਸਰਦਾਰ ਜੀ," ਉਹ ਬੜੀ ਗਰਮ — ਜੋਸ਼ੀ ਨਾਲ ਮੇਰੇ ਵੱਲ ਵਧਦਾ ਹੋਇਆ ਬੋਲਿਆ, "ਕਮਲਾ ਭੈਣ ਜੀ ਦੀ ਕੋਠੀ ਏਹੀ ਐ ?" "ਆਹੋ, ਏਹੀ ਐ, ਮਕਾਨ ਦੀ ਹਾਲਤ ਦੇਖਣ ਵਾਸਤੇ ਭੇਜਿਐ ਉਹਨਾਂ ਨੇ ?" ਉਸ ਨੂੰ ਜੁਆਬ ਦੇ ਕੇ ਮੈਂ ਸੋਚਣ ਲੱਗਾਂ ਕਿ ਤਿੰਨ ਸਾਲਾਂ ਬਾਅਦ ਸਫੈਦੀ ਕਰਾਉਣ ਦਾ ਖਿਆਲ ਮਾਲਕ-ਮਕਾਨ ਨੂੰ ਕਿਵੇਂ ਆ ਗਿਆ ਤੇ ਫੇਰ ਨਾਂ ਇਹ ਮਾਲਕ-ਮਕਾਨ ਦੀ ਪਤਨੀ ਦਾ ਲੈ ਰਿਹੈ । ਚਲ ਹੋਊ, ਮੈਂ ਸੋਚਿਆਂ, ਇਹਨੂੰ ਮਕਾਨ ਦੀ ਹਾਲਤ ਤਾਂ ਦਿਖਾਉ, ਹੁਣ ਮੁਰੰਮਤ ਤੇ ਸਫੈਦੀ ਹੋਣ ਈ ਲੱਗੀ ਐ ਤਾਂ ਆਪਾਂ ਇੰਨ੍ਹਾਂ ਝੇੜਿਆਂ ਤੋਂ ਕੀ ਲੈਣੈਂ ।

"ਹਾਂ ਜੀ, ਉਹ ਕਹਿੰਦੇ ਐ, ਕੋਠੀ ਦੇਖ ਆ ਤੇ ਟੁੱਟ ਭੱਜ ਦੀ ਮੁਰੰਮਤ ਕਰ ਆਈਂ । ਨਾਲੇ ਸਫੈਦੀ ਬਗੈਰਾ ਖਰੀਦਣ ਦਾ ਅੰਦਾਜ਼ਾ ਲੱਗ ਜਾਊ," ਉਹ ਮੈਥੋਂ ਮੂਹਰੇ ਮਕਾਨ ਦੇ ਅੰਦਰ ਧੁੱਸ ਦੇਈ ਜਾ ਰਿਹਾ ਸੀ ਤੇ ਡਰਾਇੰਗ-ਰੂਮ ਦੀਆਂ, ਹਾਲੀਂ ਤੀਕਰ ਸਫ਼ੈਦੀ ਨਾਲ ਆਪਣੀ ਇੱਜ਼ਤ ਢਕੀ ਖੜ੍ਹੀਆਂ, ਨਾਮ ਮਾਤਰ ਸੀਮਿੰਟ ਵਾਲੀਆਂ ਕੰਧਾਂ ਨੂੰ ਥਾਂ ਥਾਂ ਤੋਂ ਠਕੋਰ ਕੇ 'ਲਿਓੜ' ਲਾਹੀ ਜਾ ਰਿਹਾ ਸੀ ।

"ਰਹਿਣ ਦੇ, ਭਾਈ, ਰਹਿਣ ਦੇ, ਡਰਾਇੰਗ - ਰੂਮ ਦੀ ਕਾਹਨੂੰ ਜੱਖਣਾ ਪੱਟਦੈਂ । ਪਤਾ ਨਹੀਂ ਮੁੜਕੇ ਕਿਸੇ ਨੇ ਹੱਥ ਫਿਰਾਉਣਾ ਵੀ ਐ ਕਿ ਨਹੀਂ, ਪਹਿਲਾਂ ਈ ਤਿੰਨ ਸਾਲ ਹੋਗੇ," ਮੇਰੀ ਪਤਨੀ ਨੇ ਤੇਜ਼ੀ ਨਾਲ ਅੱਗੇ ਵਧ ਕੇ, ਲਗਭਗ ਉਸ ਦਾ ਹੱਥ ਫੜ ਕੇ ਹੀ ਉਸਨੂੰ ਰੋਕਦੇ ਹੋਏ ਕਿਹਾ ।

"ਨਹੀਂ ਭੈਣ ਜੀ, ਐਹੋ ਜੀ ਗੱਲ ਨੀ ਹੁਣ ਕੋਈ, ਫਿਕਰ ਆਲੀ । ਹੁਣ ਮੈਂ ਆ ਹੀ ਗਿਆਂ ਤਾਂ ਕੰਮ ਕਰੂੰ ਪੂਰਾ, ਸੋਲ੍ਹਾਂ ਆਨੇ । ਖਰਾਬ ਕਰਨ ਦੀ ਆਦਤ ਨੀਂ ਆਪਣੀ । 'ਮੁਹੱਬਤ' ਦੇ ਬੰਦੇ ਆਂ, ਆਪਾਂ ਤਾਂ । ਚਾਰ ਪੈਸੇ ਵੱਧ ਕੀਤੇ ਘੱਟ ਕੀ ।" ਮੇਰੀ ਪਤਨੀ, ਮੁਸਕੜੀਏਂ ਹਸਦੀ ਹੋਈ, 'ਮੁਹੱਬਤ' ਦੇ ਨਾਂ ਤੋਂ ਸ਼ਰਮਾ ਕੇ ਅੰਦਰ ਚਲੀ ਗਈ ਤੇ ਮੈਂ ਸੋਚਣ ਲੱਗਾ ਕਿ ਅਜੀਬ ਆਦਮੀ ਐ ਇਹ, ਜਿਹੜਾ ਘੜੀ ਦੀ ਘੜੀ ਵਿਚ ਈ ਸਾਡੀ ,ਮੁਹੱਬਤ' ਦਾ ਦਾਅਵੇਦਾਰ ਹੋ ਗਿਐ ।

"ਕਮਲਾ ਭੈਣ ਜੀ ਨੇ ਆਖਿਐ, ਚੂਨੇ ਨਾਲ ਈ ਮੁਰੰਮਤਾਂ ਲਾ ਆਵੀਂ ਅੱਜ ਰਾਤ ਤੱਕ । ਚਾਹੇ ਦਸ ਵੱਜ ਜਾਣ । ਸੀਮਿੰਟ ਤਾਂ ਅੱਜ ਕੱਲ, ਤੁਸੀਂ ਸਿਆਣੇ ਓ, ਬੰਦਾ ਮਾਰੇ ਤੋਂ ਵੀ ਨੀ ਮਿਲਦਾ ।" ਚਿੜੀ ਜੀ ਜੀਭ ਵਰਗੀ ਕਰੰਡੀ ਨਾਲ ਥਾਂ ਥਾਂ ਤੋਂ ਉਖੜੀਆਂ ਕੰਧਾਂ ਤੇ ਫਰਸ਼ ਦੀ ਮੁਰੰਮਤ ਕਰਦਾ ਹੋਇਆ ਉਹ ਲਗਾਤਾਰ ਮੈਨੂੰ ਮੁਖਾਤਬ ਹੋ ਰਿਹਾ ਸੀ ਤੇ ਮੈਂ ਉੱਖਲੀ ਵਿਚ ਸਿਰ ਦੇ ਕੇ ਹੁਣ ਮੋਹਲਿਆਂ ਦੀਆਂ ਸੱਟਾਂ ਝੱਲਣ ਵਾਂਗ, ਬੱਧਾ ਰੁੱਧਾ 'ਹਾਂ 'ਹੂੰ' ਕਰਦਾ ਹੋਇਆ ਉਸ ਦੀ ਮੁਰੰਮਤ ਤੇ ਨਜ਼ਰਸਾਨੀ ਕਰ ਰਿਹਾ ਸਾਂ । "ਵੇ ਭਾਈ, ਆਹ ਰਸੋਈ ਦੀ ਸ਼ੈਲਫ ਤੇ ਹੌਦੀ ਟੂਟੀਆਂ ਪਈਐਂ ਥਾਂ ਥਾਂ ਤੋਂ । ਉਸ ਬਨਾਉਣੀਐਂ ਜ਼ਰੂਰ । ਵਿਚ ਪਾਣੀ ਖੜ੍ਹ ਕੇ ਮੁਸ਼ਕ ਮਾਰਦੈ । ਨਾਲੇ ਆਹ ਐਮਰਜੈਂਸੀ ਲਾਈਟ ਵਾਲੀ ਲੱਕੜ ਦੀ ਸ਼ੈਲਫ ਉਪਰੋਂ ਲਾਹ ਕੇ ਹੇਠਾਂ ਲਾਉਣੀ ਐਂ । ਮੇਰਾ ਤਾਂ ਜਾਏ ਖਾਣੀਆਂ ਸਵਿੱਚਾਂ ਤੱਕ ਹੱਥ ਈ ਨੀ ਅੱਪੜਦਾ" ਮੇਰੀ ਪਤਨੀ ਨੇ ਉਸ ਨੂੰ ਮਸਾਂ ਅੜਿੱਕੇ ਆਇਆ ਸਮਝ ਕੇ, ਉਸ ਤੋਂ ਵੱਧ ਤੋਂ ਵੱਧ ਕੰਮ ਕਰਵਾ ਲੈਣ ਦੀ ਨੀਅਤ ਨਾਲ ਕਿਹਾ ।

"ਆਹੋ, ਨਾਲੇ ਯਾਰ ਆਹ ਦਰਵਾਜ਼ੇ ਮੂਹਰਲਾ ਰੈਂਪ ਵੀ ਚੌੜਾ ਕਰਨੈ । ਅੰਦਰ ਕਰਨ ਵੇਲੇ ਸਕੂਟਰ ਦਾ ਪਹੀਆ ਹੇਠਾਂ ਡਿਗ ਪੈਂਦੈ," ਮੈਂ ਵੀ ਆਪਣੀ ਮੁਸ਼ਕਲ ਦੱਸੀ ।

"ਫਿਕਰ ਨਾ ਕਰੋ ਤੁਸੀ, ਸਰਦਾਰ ਜੀ, ਸਭ ਕੁਝ ਪੂਰਾ ਕਰ ਕੇ ਜਾਊਂ, ਐਨ ਤਸੱਲੀ ਨਾਲ । ਕਮਲਾ ਭੈਣ ਜੀ ਨੂੰ ਥੋੜ੍ਹੇ ਬਹੁਤੇ ਸੀਮਿੰਟ ਦਾ ਕਿਧਰੋਂ ਪਰਬੰਧ ਕਰਨ ਲਈ ਕਹਿਨੇ ਆਂ । ਹੌਦੀ 'ਚ ਚੂਨਾ ਨੀਂ ਅਟਕਣਾ । ਨਾ ਰੈਂਪ ਬਣੇ ਸੀਮਿੰਟ ਤੋਂ ਬਗੈਰ," ਉਹ ਕਹਿਣ ਲੱਗਾ ।

"ਤੂੰ ਕਿਵੇਂ ਜਾਣਦੈਂ ਇਹਨਾਂ ਨੂੰ ਬਈ, ਕੀ ਨਾਂ ਐ ਤੇਰਾ.......?" ਮੈਂ ਗੱਲ ਨੂੰ ਅਧੂਰੀ ਹੀ ਛੱਡਦੇ ਹੋਏ ਤੇ ਉਸ ਵੱਲ ਸਵਾਲੀਆਂ ਨਜ਼ਰਾਂ ਨਾਲ ਤੱਕਦੇ ਹੋਏ, ਮਾਲਕ—ਮਕਾਨ ਨਾਲ ਉਸਦੀ ਜਾਣ—ਪਛਾਣ ਬਾਰੇ ਪੁੱਛਿਆ ।

"ਨਾਂ ਮੇਰਾ 'ਰਤਨ' ਐ ਜੀ । ਰਾਜਪੁਰੇ ਲਾਗੇ ਪਿੰਡ ਐ । ਭੈਣ ਭਰਾ ਛੋਟੇ ਛੋਟੇ ਨੇ । ਪਿਉ ਹੈਂ ਨੀ । ਗੁਜ਼ਾਰਾ ਤਾਂ ਕਰਨਾ ਈ ਸੀ । ਮਜ਼ਦੂਰੀ ਕਰਨ ਲੱਗ ਪਿਆ । ਇੰਨ੍ਹਾਂ ਨੇ ਆਪਣੇ ਸ਼ਹਿਰ ਵਿਚਲੇ ਮਕਾਨ ਦਾ ਇਕ ਹੋਰ ਕਮਰਾ ਬਣਵਾਇਆ ਤਾਂ ਉਥੇ ਮਜ਼ਦੂਰੀ ਦੇ ਨਾਲ ਨਾਲ ਥੋੜੀ ਬਹੁਤ ਰਾਜਗੀਰੀ ਵੀ ਸਿੱਖ ਲਈ । ਬੜੇ ਨਿੱਘੇ ਬੰਦੇ ਐ । ਕਮਲਾ ਭੈਣ ਜੀ ਨੇ ਮੈਨੂੰ ਭਰਾ ਬਣਾ ਲਿਐ । ਮੁਹੱਬਤ ਦੇ ਬੰਦੇ ਆਂ ਆਪਾ ਤਾਂ ।" ਲਗਦਾ ਸੀ ਉਸ ਨੂੰ 'ਮੁਹੱਬਤ' ਨਾਲ ਕੁਝ ਬਹੁਤਾ ਈ ਲਗਾਉ ਸੀ ।

ਤਰਦੀ ਤਰਦੀ ਮੁਰੰਮਤ ਉਸ ਨੇ ਰਾਤੀਂ ਨੌਂ ਕੁ ਬਜੇ ਤੱਕ ਲਾ ਲਈ । ਜਾਣ ਵੇਲੇ ਕਹਿਣ ਲੱਗਿਆ,

"ਅੱਛਾ ਜੀ, ਪਰਸੋਂ ਨੂੰ ਆਊਂ ਮੈਂ ਫੇਰ ਸਫੈਦੀ ਕਰਨ । ਨਾਲੇ ਕਮਲਾ ਭੈਣ ਜੀ ਸੀਮਿੰਟ ਲੈ ਆਉਣਗੇ ਉਦੋਂ ਤੱਕ ।".........

"ਦੇਖਾਂਗੇ ਜਦੋਂ 'ਪਰਸੋਂ' ਆਊ ਤੇਰਾ । ਬਥੇਰੀ ਵਾਰ ਤੇਰੀ 'ਭੈਣ ਜੀ' ਸਫੈਦੀ ਕਰਾਉਣ ਲਈ 'ਪਰਸੋਂ' ਦਾ ਲਾਰਾ ਲਾ ਕੇ ਤੇ ਕਿਰਾਇਆ ਲੈ ਕੇ ਚਲਦੀ ਬਣੀ ਐ," ਮੇਰੀ ਪਤਨੀ ਨੇ ਉਸਨੂੰ ਤਲਖੀ ਜਿਹੀ ਨਾਲ, ਨਿਹੋਰੇ ਵਾਂਗ ਕਿਹਾ ਤਾਂ ਉਹ ਤਿਲਮਿਲਾ ਗਿਆ ।

"ਨਹੀਂ ਭੈਣ ਜੀ ਐਤਕੀਂ ਨੀ ਇਉਂ ਹੋਣ ਦਿੰਦਾ ਮੈਂ । ਐਹੋ ਜੀ ਨੀ ਕਮਲਾ ਭੈਣ ਜੀ । ਤੁਸੀਂ ਦਿਲ ਥਾਵੇਂ ਰੱਖੋ । ਮੈਂ ਪਰਸੋਂ ਨੂੰ ਐਥੇ ਖੜ੍ਹਾ ਲਊ," ਉਸਨੇ ਸਾਈਕਲ ਤੇ ਲੱਤ ਰੱਖਦੇ ਹੋਏ ਕਿਹਾ ।

"ਠੀਕ ਐ, ਠੀਕ ਐ—ਪਰਸੋਂ ਵੀ ਆਇਆ ਲੈ । ਹੱਥ ਕੰਗਣ ਨੂੰ ਆਰਸੀ ਕੀ ?" ਮੈਂ ਉਸਨੂੰ ਹੋਰ ਪੱਕਾ ਕਰਨ ਦੇ ਇਰਾਦੇ ਨਾਲ ਕਿਹਾ । ਤੇ ਉਹ ਸਾਈਕਲ ਤੇ ਲੱਤ ਦੇ ਕੇ ਤੁਰਦਾ ਬਣਿਆਂ ।

ਪੰਦਰਾਂ ਵੀਹ ਦਿਨ ਲੰਘ ਗਏ । ਉਸਦੀ 'ਪਰਸੋਂ' ਨਾ ਆਈ । ਮੈਂ ਖਿਝ ਰਿਹਾ ਸਾਂ ਕਿ ਲੋਕੀ ਵਾਅਦਾ ਕਰਕੇ ਨਿਭਾਉਂਦੇ ਕਿਉਂ ਨਹੀਂ । ਕਮੀਣੇ ਕਿਸੇ ਥਾਂ ਦੇ । ਖਾਹ-ਮ-ਖਾਹ ਅਗਲੇ ਦੇ ਮਾਈਂਡ ਵਿਚ ਟੈਂਨਸ਼ਨ ਕਰੀਏਟ ਕਰੀ ਰਖਦੇ ਐ । ਜਿਵੇਂ ਤੁਹਾਡੇ ਮਨ ਦੀ ਸ਼ਾਂਤੀ ਨਾਲ ਉਨ੍ਹਾਂ ਦਾ ਕੋਈ ਅਜ਼ਲਾਂ ਦਾ ਵੈਰ ਹੋਵੇ ।

ਪਤਨੀ ਨੇ ਲੰਮੀ ਛੁੱਟੀ ਤੋਂ ਬਾਅਦ ਡਿਊਟੀ ਜੁਆਇਨ ਕਰ ਲਈ, ਆਪਣੇ ਪੇਕੇ ਪਿੰਡ । ਛੋਟੇ ਬੱਚੇ ਨਾਲ ਹੀ ਚਲੇ ਗਏ ਸਨ । ਸਿਰਫ ਵੱਡੀ ਬੱਚੀ ਮੇਰੇ ਕੋਲ ਰੋਟੀ ਟੁੱਕ ਲਈ ਰਹਿ ਗਈ ਸੀ ।

ਇਕ ਦਿਨ ਸੁਬਹ ਸੁਬਹ ਮੈਂ ਡਿਊਟੀ ਤੇ ਜਾਣ ਲਈ ਤਿਆਰ ਹੋ ਰਿਹਾ ਸਾਂ ਕਿ ਉਹ ਤੇ 'ਕਮਲਾ ਭੈਣ ਜੀ' ਕੂਚੀਆਂ, ਘੋੜੀ, ਢੋਲ ਤੇ ਹੋਰ ਸਫੈਦੀ ਦੇ ਤੜੀਏ—ਤਮਾਣੇ ਸਮੇਤ ਆ ਧਮਕੇ । ਮੈਂ ਸੋਚਿਆ ਸ਼ੁਕਰ ਹੈ ਰਾਜੇ ਦੀ ਘੋੜੀ ਸੂਈ ਤੇ ਨਾਲ ਹੀ ਫਿਕਰ ਹੋਇਆ ਕਿ ਘਰ ਕੌਣ ਰਹੇਗਾ । ਕੱਲੀ ਲੜਕੀ ਦਾ ਘਰ ਰਹਿਣਾ ਠੀਕ ਨਹੀਂ । ਇਹ ਸੋਚ ਕੇ ਛੁੱਟੀ ਲੈ ਲਈ ।

ਕਮਰੇ ਅਸੀਂ ਫਟਾ ਫਟ ਖਾਲੀ ਕੀਤੇ । ਉਹ ਤੇ ਕਮਲਾ ਵੀ ਨਾਲ ਮੱਦਦ ਕਰਦੇ ਰਹੇ ।

ਰੱਬ ਰੱਬ ਕਰਕੇ ਸਫੈਦੀ ਸ਼ੁਰੂ ਹੋਈ ਤੇ ਨਾਲ ਹੀ ਰਤਨ ਦਾ ਸਦਾ ਬੋਲਦਾ ਰਹਿਣ ਵਾਲਾ 'ਟੇਪ-ਰੀਕਾਰਡਰ' ਵੀ । 'ਭੈਣ ਜੀ' ਸੀਮਿੰਟ ਲਿਆਉਣ ਦਾ ਇਕਰਾਰ ਕਰ ਕੇ ਆਪਣੇ ਘਰ ਚਲੀ ਗਈ ।

"ਸਰਦਾਰ ਜੀ, ਆਹ ਸਾਰੀਆਂ ਕਿਤਾਬਾਂ ਤੁਹਾਡੀਆਂ ਈ ਨੇ ?," ਮੇਰੇ ਘਰ ਦੇ ਸਮਾਨ ਵਿਚ ਹਰ ਪਾਸੇ ਕਿਤਾਬਾਂ ਦੇ ਢੇਰ ਦੇਖ ਕੇ ਉਹ ਬੋਲਿਆ, "ਕਿਤੇ ਕਿਤਾਬਾਂ ਦੀ ਦੁਕਾਨ ਐ ਆਪਣੀ ?"

"ਨਹੀਂ, ਨਹੀਂ, ਦੁਕਾਨ ਕਾਹਨੂੰ ਐਂ । ਮੈਂ ਤਾਂ ਪ੍ਰੋਫੈਸਰ ਆਂ । ਓਵਰਸੀਅਰੀ ਦੇ ਕਾਲਜ ਵਿਚ ਪੜ੍ਹਾਉਨਾਂ ।"

"ਓਵਰਸੀਅਰਾਂ ਨੂੰ ਕਿਤਾਬਾਂ ਤੁਸੀਂ ਘਰੋਂ ਦਿੰਦੇ ਹੋਵੋਗੇ ਨਾ, ਪੜ੍ਹਨ ਨੂੰ," ਉਹ ਇਸ ਮਸਲੇ ਦੀ ਤਹਿ ਤੀਕਰ ਜਾਣ ਦੀ ਕੋਸ਼ਿਸ਼ ਵਿਚ ਸੀ ।

"ਨਹੀਂ, ਨਹੀਂ, ਝੱਲਿਆ । ਮੈਂ ਕਾਹਨੂੰ ਦਿੰਨਾਂ ਕਿਤਾਬਾਂ । ਕਿਤਾਬਾਂ ਤਾਂ ਉਹ ਆਪਣੀਆਂ ਈ ਲਿਆਉਂਦੇ ਐ । ਬਹੁਤੀਆਂ ਕਿਤਾਬਾਂ ਆਪ ਪੜ੍ਹਕੇ ਤਾਂ ਈ ਤਾਂ ਕਿਸੇ ਨੂੰ ਪੜ੍ਹਾਇਆ ਜਾਂਦੇ ਨਾ ।" ਗੱਲ ਕੁਛ ਕੁਛ ਉਸ ਦੇ ਦਿਮਾਗ ਵਿਚ ਪੈ ਚੱਲੀ ਸੀ ।

"ਤੁਸੀਂ ਤਾਂ ਫੇਰ 'ਵੱਡੇ ਆਦਮੀ' ਹੋਏ ਨਾ, ਸਰਦਾਰ ਜੀ— ਓਵਰਸੀਅਰਾ ਦੇ ਉਸਤਾਦ । ਮੈਂ ਤਾਂ ਐਵੇਂ ਈ ਤੁਹਾਨੂੰ ਨਿੱਕ ਸੁੱਕ ਫੜਾਉਣ ਨੂੰ ਕਹਿੰਦਾ ਰਿਹਾ," ਉਹ ਝੇਂਪ ਰਿਹਾ ਸੀ ।

"ਓਏ ਨਹੀਂ, ਨਹੀਂ ਰਤਨ । ਵੱਡੇ ਛੋਟੇ ਦੀ ਕੀ ਗੱਲ ਐ ਇਹਦੇ 'ਚ । ਮਾੜੀ ਮੋਟੀ ਕੂਚੀ ਜਾਂ ਕਰੰਡੀ ਫੜਾਉਣ ਨਾਲ ਮੈਂ ਘਸ ਤਾ ਨਹੀਂ ਗਿਆ," ਮੇਰੇ 'ਅਗਾਂਹ-ਵਧੂ' ਆਪੇ ਨੇ ਆਪਣੀ ਨਿਰਮਾਣਤਾ ਦਿਖਾਉਂਦੇ ਹੋਏ ਕਿਹਾ ਤੇ ਨਾਲ ਹੀ ਮੈਂ ਆਪਣੀ ਧੀ ਨੂੰ ਕਿਹਾ," ਆਹ ਚਾਹ ਬਣਾਈਂ ਦੋ ਕੱਪ, ਬੇਟੇ ਕਰਾਂਤੀ ।"

"ਨਹੀਂ ਜੀ, ਚਾਹ ਨੂੰ ਕੀ ਐ । ਕਾਹਨੂੰ ਖੇਚਲ ਕਰਦੇ ਓ ?" ਉਹ ਰਸਮੀ ਤੌਰ ਤੇ ਇਨਕਾਰ ਕਰ ਰਿਹਾ ਸੀ, ਪਰ ਮੈਨੂੰ ਇਹ ਗਵਾਰਾਂ ਨਹੀਂ ਸੀ ਕਿ ਮੇਰੇ ਘਰ ਕੰਮ ਕਰਦਾ ਆਦਮੀ ਚਾਹ ਵੀ ਆਪਣੇ ਪੱਲਿਉਂ ਪੀਣ ਜਾਵੇ । ਪ੍ਰਾਹੁਣਚਾਰੀ ਦੇ ਮੇਰੇ ਪੁਰਾਣੇ ਪਿਤਾ-ਪੁਰਖੀ ਪੇਂਡੂ ਸੰਸਕਾਰ ਕਿਧਰੋਂ ਅੰਗੜਾਈ ਲੈ ਕੇ ਉੱਠ ਖੜੋਤੇ ਸਨ ।

"ਸਰਦਾਰ ਜੀ, 'ਕਰਾਂਤੀ' ਦਾ ਕੀ ਮਤਲਬ ਹੋਇਆ ? ਤੁਸੀਂ ਆਪਣੀ ਧੀ ਦਾ ਨਾਂ 'ਕਰਾਂਤੀ' ਕਾਹਤੋਂ ਰੱਖਿਐ ?" ਘੋੜੀ ਤੇ ਬੈਠਾ, ਸਫੈਦੀ-ਲਿੱਬੜੇ ਹੱਥਾਂ ਨਾਲ, ਚਾਹ ਨੂੰ ਸੁੜ੍ਹਾਕੇ ਮਾਰਦਾ ਉਹ ਪੁੱਛ ਰਿਹਾ ਸੀ ।

"ਕਰਾਂਤੀ ਦਾ ਮਤਲਬ ਹੁੰਦੈ—ਇਨਕਲਾਬ," ਮੈਂ ਦੱਸਿਆਂ, ਤਾਂ ਉਹ ਅੱਗੋਂ ਕੁਝ ਨਾ ਬੋਲਿਆ । ਮੈਨੂੰ ਜਾਪਿਆ, ਮੈਂ ਉਸ ਲਈ ਇਕ ਪਹੇਲੀ ਬਣਦਾ ਜਾ ਰਿਹਾ ਸਾਂ ।

"ਆ ਬੇਬੀ, ਅੱਜ ਤੈਨੂੰ ਪਿੰਡ ਨੂੰ ਲੈ ਚੱਲਾਂ," ਉਹ ਗੁਆਂਢੀਆਂ ਦੀ,ਸਫੈਦੀ ਦੇਖਣ ਆਈ, ਬੱਚੀ ਨੂੰ ਕਹਿਣ ਲੱਗਿਆ ।

ਮੈਂ ਕੋਈ ਮੂਰਖ ਥੋੜ੍ਹੀ ਈ ਹੂੰ, ਜੋ ਤੇਰੇ ਸਾਥ 'ਪੀਂਡ' ਜਾਊਂ," ਪੰਜਾਬੀ—ਨੁਮਾ ਹਿੰਦੀ ਵਿਚ, ਬੇਟੀ ਨੇ ਗੱਲ ਪਟਾਕ ਉਸਦੇ ਮੂੰਹ ਤੇ ਮਾਰੀ ਤਾਂ ਉਹ ਭੌਂਚੱਕਾ ਰਹਿ ਗਿਆ ।

"ਹਾਂ ਆ ਆ ..... ਹਾ ਆ, ਆ," ਉਹ ਖਿੜਖਿੜਾ ਕੇ ਉੱਚੀ, ਉੱਚੀ ਹੱਸਿਆ, "ਸਰਦਾਰ ਜੀ, ਬੇਬੀ ਸਮਝਦੀ ਐ ਪਿੰਡਾਂ 'ਚ ਸਾਰੇ ਮੂਰਖ ਈ ਵਸਦੇ ਐ ।"

"ਅਸੀਂ ਸਰਕਾਰ ਜੀ ਬੜੀ ਸੇਵਾ ਕੀਤੀ ਐ ਮਾਸਟਰਾਂ ਦੀ । ਅੱਧੀ ਰਾਤੋਂ ਗੰਨੇ ਭੰਨ ਕੇ ਲਿਆ ਦੇਣੇ, ਸਾਗ ਤੋੜ ਕੇ ਲਿਆ ਦੇਣਾ । ਪਰ ਕਿਸਮਤ ਤਾਂ ਆਪਣੀ ਹੀ ਮਾੜੀ ਸਮਝੋ, ਕੋਈ ਜਮਾਤ ਪਾਸ ਨਾ ਹੋਈ, ਨਹੀਂ ਕਾਹਨੂੰ ਸਫੈਦੀ ਨਾਲ ਹੱਥ ਪੜਵਾਉਂਦੇ," ਉਹ ਮੈਨੂੰ, 'ਲਗਭਗ ਮਾਸਟਰਾਂ ਵਰਗਾ ਹੀ' ਸਮਝਦਾ ਹੋਇਆ, ਆਪਣੇ ਬੁਰੀ ਤਰ੍ਹਾਂ ਪਾਟੇ ਹੋਏ ਹੱਥ ਦਿਖਾ ਰਿਹਾ ਸੀ ।

"ਕੋਈ ਗੱਲ ਨੀਂ, ਸ਼ਾਮ ਨੂੰ ਤੇਲ ਲਾ ਲੀਂ, " ਮੈਨੂੰ ਕੰਮ ਦਾ ਲਾਲਚ ਮਾਰ ਰਿਹਾ ਸੀ, "ਤੇਰੇ ਵਰਗੇ ਜੁਆਨ ਐਹੋ ਜੀਆਂ ਮਾੜੀਆਂ ਮੋਟੀਆਂ 'ਝਰੀਟਾਂ' ਨੂੰ ਕੀ ਗਿਣਦੇ ਐ ।" ਮੈਂ ਉਸਨੂੰ 'ਫੂਕ' ਦਿੱਤੀ ।

'ਭੈਣ ਜੀ' ਸੀਮਿੰਟ ਤੋਂ ਬਗੈਰ ਹੀ ਮੁੜ ਆਈ ਸੀ । ਮੈਥੋਂ ਉਹਲੇ ਉਹਲੇ ਉਹ ਰਤਨ ਨੂੰ ਸਮਝਾ ਰਹੀ ਸੀ ਕਿ ਉਹ ਚੂਨੇ ਨਾਲ ਹੀ ਮਾੜਾ ਮੋਟਾ 'ਠਹੀਆ-ਠੱਪਾ' ਕਰ ਦੇਵੇ । ਜਿੰਨੀ ਸਫੈਦੀ ਆ ਚੁੱਕੀ ਸੀ, ਉਸੇ ਵਿਚ ਹੀ ਕੰਮ ਸਾਰਨ ਲਈ ਉਸਨੇ ਰਤਨ ਨੂੰ ਤਾਕੀਦ ਕਰ ਦਿੱਤੀ । ਹੋਰ 'ਆਪਣੇ ਬੰਦੇ' ਦਾ ਕੀ ਫਾਇਦਾ ਹੁੰਦੈ, ਉਸਨੇ ਕਿਹਾ । ਰਤਨ ਨੇ ਮਾੜੀ ਮੋਟੀ 'ਚੂੰ-ਚਰਾਂ' ਤਾਂ ਕੀਤੀ, ਪਰ 'ਆਪਣੀ ਭੈਣ ਜੀ' ਦਾ ਪੱਖ ਵੀ ਪੂਰਨਾ ਬਣਦਾ ਸੀ । ਇਸ ਲਈ ਚੁੱਪ ਕਰਕੇ ਮਾਲਕਣ ਦੇ ਕਹੇ ਅਨੁਸਾਰ ਜੁਟ ਗਿਆ । ਮੈਂ ਸਾਰਾ ਕੁਝ ਸੁਣ ਤਾਂ ਲਿਆ ਸੀ, ਪਰ ਜ਼ਨਾਨੀ ਨਾਲ ਬਹਿਸ ਕਰਨ ਦੀ, ਮੇਰੇ 'ਪੁਰਾਣੇ' ਪੇਂਡੂ ਸੰਸਕਾਰਾਂ ਨੇ ਇਜਾਜ਼ਤ ਨਾ ਦਿੱਤੀ । ਇਸ ਲਈ ਮਨ ਮਾਰ ਕੇ ਚੁੱਪ ਕਰ ਰਿਹਾ । ਕੰਮ ਵੱਡੀ ਰਾਤ ਤੀਕਰ ਖਤਮ ਹੋਣਾ ਸੀ, ਇਸ ਲਈ ਰਤਨ ਨੇ 'ਭੈਣ ਜੀ' ਨੂੰ ਕਹਿ ਦਿੱਤਾ ਕਿ ਰਾਤ ਉਹ ਉਹਨਾਂ ਦੇ ਹੀ ਠਹਿਰੇਗਾ ਤੇ ਖਾਣਾ ਵੀ ਉੱਥੇ ਹੀ ਖਾਵੇਗਾ ।

"ਮੈਂ ਇੰਨ੍ਹਾਂ ਨੂੰ ਰੋਜ਼ ਪਿੰਡੋਂ ਗੰਨੇ ਤੇ ਸਾਗ ਲਿਆ ਕੇ ਦਿੰਨਾਂ ਸਰਦਾਰ ਜੀ, ਪਿੰਡ ਦੀਆਂ ਸੁਗਾਤਾਂ । ਬੜੇ ਚੰਗੇ ਬੰਦੇ ਆ ਇਹ । ਸ਼ਹਿਰੀਏ ਤਾਂ ਇੰਨ੍ਹਾਂ ਚੀਜ਼ਾਂ ਨੂੰ ਭੁੱਜ ਕੇ ਪੈਂਦੇ ਐ ।" ਮੈਨੂੰ ਜਾਪਿਆ ਉਹ ਮੈਨੂੰ ਹੋਰ ਹੋਰ ਗੱਲਾਂ ਵਿਚ ਭੁਚਲਾ ਕੇ, ਮਾਲਕਣ ਨਾਲ ਹੋਈ ਆਪਣੀ 'ਗੁਪਤ ਸੰਧੀ' ਤੇ ਪਰਦਾ ਪਾਉਣ ਦੀ ਕੋਸ਼ਿਸ਼ ਕਰ ਰਿਹਾ ਸੀ । ਖੈਰ, ਮੈਨੂੰ ਤਾਂ ਕੰਮ ਨਾਲ ਮਤਲਬ ਸੀ, ਇਸ ਲਈ 'ਬੱਧਾ ਚੱਟੀ' ਭਰਨ ਵਾਂਗੂ ਉਸ ਦਾ ਹੁੰਗਾਰਾ ਭਰੀ ਗਿਆ ।

ਮੈਂ ਕਿਧਰੋਂ ਥੋੜੇ ਬਹੁਤੇ ਸੀਮਿੰਟ ਦਾ ਪਰਬੰਧ ਕਰ ਲਿਆ ਸਫੈਦੀ ਹੋਣ ਮਗਰੋਂ ਰਾਤ ਪੈ ਗਈ । ਉਸਨੇ ਹੌਦੀ ਤੇ ਰੈਂਪ ਬਨਾਉਣ ਦਾ ਕੰਮ ਸ਼ੁਰੂ ਕਰ ਦਿੱਤਾ । ਬੜਾ ਅਣਥੱਕ ਬੰਦਾ ਸੀ । ਕਰਦਿਆਂ ਕਰਾਉਂਦਿਆਂ ਰਾਤ ਦੇ ਸਾਢੇ ਦਸ ਵੱਜ ਗਏ । ਉਹ ਮੇਰਾ ਸਾਈਕਲ ਲੈ ਕੇ ਮਾਲਕ-ਮਕਾਨ ਦੇ ਘਰ ਰਾਤ ਕੱਟਣ ਚਲਾ ਗਿਆ ।

"ਸਵੇਰੇ ਸਫੈਦੀ ਦਾ ਸਾਮਾਨ ਚੁੱਕ ਕੇ ਲੈ ਜਾਵਾਂਗੇ ਤੇ ਤੁਹਾਡਾ ਸਾਈਕਲ ਤੁਹਾਨੂੰ ਵਾਪਸ ਕਰ ਜਾਊਂ, ਸਰਦਾਰ ਜੀ," ਉਸਨੇ ਕਿਹਾ । ਮੈਂ ਕੋਈ ਉਜ਼ਰ ਨਾ ਕੀਤਾ ਤੇ ਉਸਨੂੰ ਬੀੜੀ - ਸਿਗਰਟ ਲਈ ਕੁਝ ਭਾਨ ਵੀ ਦੇ ਦਿੱਤੀ ।

ਅਸੀਂ ਖਾਣਾ ਖਾ ਕੇ ਸੁੱਤੇ ਹੀ ਸਾਂ ਕਿ ਬਾਹਰਲਾ ਦਰਵਾਜ਼ਾ ਜ਼ੋਰ ਜ਼ੋਰ ਦੀ ਖੜਕਾਇਆ । ਸਾਰੇ ਦਿਨ ਦੀ ਥਕਾਵਟ ਮਗਰੋਂ ਹੁਣ ਮਸਾਂ ਮਸਾਂ ਅੱਖ ਲੱਗਣ ਲੱਗੀ ਸੀ ।

"ਹੁਣ ਐਸ ਵੇਲੇ ਕਿਹੜਾ ਆ ਮਰਿਆ ?" ਮੈਂ ਖੜਕੇ ਸੋਚਿਆਂ ਤੇ ਬੁੜਬੁੜਾਉਂਦੇ ਹੋਏ, ਪਰਦਾ ਪਰੇ ਕਰ ਕੇ ਬਾਹਰ ਦੇਖਿਆ ।

ਅੱਗੇ ਉਹੀ ਸਿਰ ਸੁੱਟੀ ਖੜ੍ਹਾ ਸੀ, ਨਿੰਮੋਝਣਾ ਹੋਇਆ । "ਕੀ ਗੱਲ ਹੋ ਗਈ, ਰਤਨ ?" ਮੈਂ ਉਸ ਨੂੰ ਪੁੱਛ ਰਿਹਾ ਸਾਂ ਤੇ ਨਾਲ ਹੀ ਨਾਲ ਇਸ 'ਲਿੱਬੜੀ ਤਿੱਬੜੀ ਬਲਾ' ਨੂੰ ਦਿੱਤੇ ਜਾਣ ਵਾਲੇ ਕਿਸੇ ਪੁਰਾਣੇ ਸੁਰਾਣੇ ਬਿਸਤਰੇ ਦੇ ਪਰਬੰਧ ਬਾਰੇ ਸੋਚ ਰਿਹਾ ਸਾਂ ।

"ਗੱਲ ਕਾਹਦੀ ਐ ਜੀ । ਆਹ ਲਉ ਸਾਂਭੋ ਆਪਣਾ ਸਾਈਕਲ । ਮੈਂ ਕੋਈ ਟਰੱਕ ਦੇਖਦਾਂ ਜੀ. ਟੀ. ਰੋਡ ਤੇ, ਪਿੰਡ ਪਹੁੰਚਣ ਲਈ" ਉਹ ਅਣਮੰਨਿਆਂ ਜਿਹਾ ਕਹਿ ਤਾਂ ਰਿਹਾ ਸੀ, ਪਰ ਦੁਚਿੱਤੀ ਜਿਹੀ ਵਿਚ ਪਿਆ, ਪੈਰ ਵੀ ਨਹੀਂ ਸੀ ਪੁੱਟ ਰਿਹਾ ।

"ਫੇਰ ਵੀ ਤੂੰ ਗੱਲ ਤਾਂ ਦੱਸ ਕੀ ਹੋਈ । ਮੁੜ ਕਾਹਤੋਂ ਆਇਆ ? ਲੰਘ ਆ ਅੰਦਰ । ਹੁਣ ਐਨੀ ਠੰਢ 'ਚ ਤੂੰ ਐਸ ਵੇਲੇ ਕਿਵੇਂ ਚਲਿਆ ਜਾਵੇਗਾਂ ? ਟਰੱਕ ਵਾਲਾ ਕਿਹੜਾ ਭੜੂਆ ਚੁੱਕ ਲਊ ਤੈਨੂੰ, ਅੱਧੀ ਰਾਤ" ਮੈਂ ਆਖਿਆ ਤਾਂ ਉਹ ਮੇਰੇ ਵੱਲ ਇੰਝ ਕਿਰਤੱਗਤਾ ਨਾਲ ਝਾਕਿਆ, ਜਿਵੇਂ ਮੈਂ ਉਸ ਦੀ 'ਰੱਛਿਆ' ਕਰਨ ਵਾਲਾ 'ਤੱਤੇ ਥੰਮ੍ਹ 'ਚੋਂ ਬਹੁੜਿਆ ਨਰਸਿੰਘ ਅਵਤਾਰ' ਹੋਵਾਂ, ਤੇ ਭਾਰੇ ਭਾਰੇ ਕਦਮ ਪੁਟਦਾ ਅੰਦਰ ਲੰਘ ਆਇਆ ।

"ਮੈਂ ਉਥੇ ਪਹੁੰਚਿਆ ਤਾਂ ਉਹ ਅੱਗੇ ਘੂਕ ਸੁੱਤੇ ਪਏ ਸੀ । ਮੈਂ ਬਾਰ ਬਾਰ ਬੂਹਾ ਖੜਕਾਇਆ ਤੇ ਆਵਾਜ਼ਾਂ ਮਾਰੀਆਂ, ਪਰ ਉਹ ਘੇਸਲ ਵੱਟ ਕੇ ਪਏ ਰਹੇ । ਉਨ੍ਹਾਂ ਦੀਆਂ, ਕਾਨਾ-ਫੂਸੀ ਕਰਦੀਆਂ ਆਵਾਜ਼ਾਂ ਮੈਂ ਬਾਰੀ ਨਾਲ ਕੰਨ ਲਾ ਕੇ ਸੁਣ ਲਈਆਂ ਸਨ—'ਕਿਹੜਾ ਹੁਣ ਏਸ ਨੰਗੇ ਦੀ ਖਾਤਰ 'ਲੰਗਰ' ਤਿਆਰ ਕਰੂ ਤੇ 'ਪਲੰਘ' ਵਿਛਾਊ । ਚੁੱਪ ਕਰ ਕੇ ਪਏ ਰਹੋ, ਲੜ ਦੱਬ ਦੇ । ਆਪੇ ਅੱਕ ਕੇ ਚਲਿਆ ਜਾਊ'—ਉਹ ਕਹਿ ਰਹੇ ਸਨ । ਮੈਂ ਸੁਣਿਆਂ ਤਾਂ ਮੇਰੇ ਪੈਰਾਂ ਹੇਠੋਂ ਮਿੱਟੀ ਨਿੱਕਲ ਗਈ ਤੇ ਉਹਨੀਂ ਪੈਰੀ ਪਰਤ ਆਇਆ । ਕੋਈ ਨੀ ਕਿਸੇ ਦਾ ਸਕਾ ਬਣਦਾ ਅੱਜ ਕੱਲ੍ਹ, ਸਰਦਾਰ ਜੀ, ਜਿੰਨਾਂ ਮਰਜ਼ੀ ਐ ਕਿਸੇ ਦਾ ਭਲਾ ਕਰ ਲੋ । ਦੁਨੀਆਂ ਮਤਲਬ ਦੀ ਐ," ਉਸ ਦਾ ਗੱਚ ਭਰ ਆਇਆ ਸੀ।

ਮੈਨੂੰ ਜਾਪਿਆ ਜਿਵੇਂ ਉਹ ਕੋਈ 'ਕੁਲਜੁਗੀ ਅਵਤਾਰ' ਹੋਵੇ ਤੇ ਗਿਆਨ ਪਰਾਪਤੀ ਤੋਂ ਬਾਅਦ, ਆਪਣੇ ਪਹਿਲੇ ਪੈਰੋਕਾਰ ਨੂੰ 'ਆਖਰੀ ਸੱਚ' ਦਾ ਪੈਗਾਮ ਦੇ ਰਿਹਾ ਹੋਵੇ ।

ਅੰਤਰ-ਰਾਸ਼ਟਰੀ ਇਸਤ੍ਰੀ ਦਿਵਸ

8 ਮਾਰਚ ਦਾ ਦਿਨ ਔਰਤ ਲਈ ਇਕ ਬਹੁਤ ਮਹੱਤਵ-ਪੂਰਣ ਦਿਨ ਹੈ ਕਿਉਂਕਿ ਔਰਤਾਂ ਦੀ ਬੰਦ-ਖਲਾਸੀ ਅਤੇ ਸੰਕਲਪ ਦੀ ਨੀਂਹ ਦਾ ਦਿਨ ਹੈ।

ਹੁਣ ਤੋਂ 126 ਵਰ੍ਹੇ ਪਹਿਲਾਂ 1857 ਵਿਚ ਮਾਰਚ ਦੀ ਅੱਠ ਤਾਰੀਖ ਨੂੰ ਅਮਰੀਕਾ ਦੀਆਂ ਸੂਤੀ ਮਿਲ੍ਹਾਂ ਵਿਚ ਕੰਮ ਕਰਨ ਵਾਲੀਆਂ ਕਿਰਤੀ ਇਸਤਰੀਆਂ ਕੰਮ ਵਾਲੇ ਦਿਨ ਕੰਮ ਛੱਡ ਕੇ ਬਾਹਰ ਗਲੀਆਂ ਵਿਚ ਆ ਗਈਆਂ ਸਨ। ਉਨ੍ਹਾਂ ਨੇ ਮੰਗ ਕੀਤੀ ਕਿ ਕੰਮ ਦੀ ਦਿਹਾੜੀ ਦਾ ਸਮਾਂ 16 ਘੰਟੇ ਤੋਂ ਘਟਾ ਕੇ 10 ਘੰਟੇ ਕੀਤਾ ਜਾਵੇ।

1910 ਵਿਚ ਡੈਨਮਾਰਕ ਦੀ ਰਾਜਧਾਨੀ ਕੋਪਨਹੇਗਨ ਵਿਚ ਕੌਮਾਂਤਰੀ ਸੋਸ਼ਲਿਸਟ ਇਸਤਰੀਆਂ ਦੀ ਕਾਨਫਰੰਸ ਸਮੇਂ ਜਰਮਨੀ ਅਤੇ ਕੌਮਾਂਤਰੀ ਕਮਿਊਨਿਸਟ ਲਹਿਰ ਦੀ ਮਹਾਨ ਆਗੂ ਕਲਾਰਾ ਜੈਟਸਨ ਦੀ ਤਜ਼ਵੀਜ਼ ਤੇ ਹਿਹ ਫੈਸਲਾ ਹੋਇਆ ਕਿ ਹਰ ਸਾਲ ਅੱਠ ਮਾਰਚ ਨੂੰ ਅੰਤਰ-ਰਾਸ਼ਟਰੀ ਇਸਤਰੀ ਦਿਨ ਦੇ ਤੌਰ ਤੇ ਮਨਾਇਆ ਜਾਏ। ਉਸ ਦਿਨ ਤੋਂ ਲੈ ਕੇ ਹੁਣ ਤੱਕ ਦੁਨੀਆਂ ਭਰ ਦੀਆਂ ਅਣਗਿਣਤ ਇਸਤਰੀਆਂ ਇਸ ਦਿਹਾੜੇ ਨੂੰ ਮਨਾਉਂਦੀਆਂ ਹਨ। ਹਰ ਸਾਲ ਆਪਣੇ ਹੱਕਾਂ ਲਈ ਆਵਾਜ਼ ਉਠਾਉਂਦੀਆਂ ਹਨ।

ਹਰ ਸਾਲ ਦੀ ਤਰ੍ਹਾਂ ਇਸ ਸਾਲ ਇਹ ਦਿਨ ਵੈਨਕੂਵਰ ਵਿਚ ਮਨਾਉਣ ਲਈ ਪੰਜ ਮਾਰਚ ਸ਼ਨਿਚਰਵਾਰ ਦਾ ਦਿਨ ਨੀਯਤ ਹੋਇਆ। ਸਵੇਰੇ ਗਿਆਰਾਂ ਵਜੇ ਜਲੂਸ ਵਿਕਟਰੀ ਸਕੁਏਅਰ ਤੋਂ ਚੱਲਕੇ ਹੈਮਿਲਟਨ, ਡਨਜ਼ਮਿਊਰ ਅਤੇ ਜੌਰਜੀਆ ਆਦਿ ਤੋਂ ਹੁੰਦਾ ਹੋਇਆ ਕੁਈਨ ਐਲਿਜਬੈਥ ਚੌਂਕ ਵਿਚ ਪਹੁੰਚਿਆ। ਇਸ ਜਲੂਸ ਵਿਚ ਇੰਡੀਆ ਮਹਿਲਾ ਐਸੋਸੀਏਸ਼ਨ ਨੇ ਇਸ ਸਾਲ ਵੀ ਪਿਛਲੇ ਸਾਲਾਂ ਦੀ ਤਰ੍ਹਾਂ ਵਧ ਚੜ੍ਹ ਕੇ ਹਿਸਾ ਪਾਇਆ। ਇਹ ਬੜੇ ਮਾਣ ਦੀ ਗੱਲ ਹੈ ਕਿ ਇਸ ਸਾਲ ਇਸ ਜਥੇਬੰਦੀ ਨੇ ਪਿਛਲੇ ਸਾਲਾਂ ਦੇ ਮੁਕਾਬਲੇ ਵਿਚ ਬਹੁਤ ਜ਼ਿਆਦਾ ਉਤਸ਼ਾਹ ਦਿਖਾਇਆ। ਜਿਥੇ ਕਿਸੇ ਸਮੇਂ ਪੰਜ ਸੱਤ ਇਸਤਰੀਆਂ ਹੋਇਆ ਕਰਦੀਆਂ ਸਨ ਉਥੇ ਇਸ ਸਾਲ ਇਨ੍ਹਾਂ ਦੀ ਗਿਣਤੀ ਘੱਟ ਤੋਂ ਘੱਟ 50 ਤੇ ਕਰੀਬ ਸੀ।

ਕੁਈਨ ਐਲਜਬੈਥ ਥੀਏਟਰ ਦੇ ਚੌਂਕ ਵਿਚ ਬਹੁਤ ਵੱਡੀ ਸਟੇਜ ਲੱਗੀ ਹੋਈ ਸੀ, ਜਿਥੇ ਪਹੁੰਚ ਕੇ ਇਸਤਰੀਆਂ ਦੇ ਵੱਖੋ ਵੱਖ ਗਰੁਪਾਂ ਦੇ ਨੁਮਾਇੰਦਿਆਂ ਨੇ ਵਧ ਰਹੀਆਂ ਕੀਮਤਾਂ, ਬੇਕਾਰੀ, ਇਕੋ ਹੀ ਕੰਮ ਲਈ ਮਰਦ ਨੂੰ ਇਸਤਰੀ ਤੋਂ ਵੱਧ ਤਨਖਾਹ ਦੇਣੀ, ਹੋਰਨਾਂ ਦੇਸ਼ ਵਿਜ ਇਸਤਰੀਆਂ ਦੇ ਹਾਲਾਤ ਅਤੇ ਟਰੇਂਡ ਯੂਨੀਅਨਾਂ ਵਿਚ ਹਿਸਾ ਲੈਣ ਜਹੇ ਵਿਸ਼ਿਆਂ ਤੇ ਭਾਸ਼ਨ ਦਿਤੇ। ਕੁਝ ਇਸਤਰੀਆਂ ਨੇ ਇਸਤਰੀਆਂ ਦੇ ਜੀਵਨ ਦੇ ਮੌਜੂਦਾ ਹਾਲਾਤ ਅਤੇ ਜਾਗਰਤੀ ਲਿਆਉਣ ਵਾਲੇ ਬੜੇ ਰਸੀਲੇ ਅਤੇ ਪ੍ਰਭਾਵਸ਼ਾਲੀ ਗੀਤ ਗਾਏ।

ਢੇਰ ਚਿਰਾਂ ਤੋਂ ਔਰਤਾਂ ਅਣਮਨੁਖੀ ਸਮਾਜੀ ਜ਼ੁਲਮ ਅਤੇ ਵਖਰੇਵੇਂ ਦਾ ਸ਼ਿਕਾਰ ਰਹੀਆਂ ਹਨ। ਪਰ ਇਸ ਅਸਲੀਅਤ ਦਾ ਹਰ ਕਿਸੇ ਨੂੰ ਅਹਿਸਾਸ ਕਰਨ ਦੀ ਲੋੜ ਹੈ ਕਿ ਔਰਤਾਂ ਦੀ ਸੁਤੰਤਰਤਾ ਅਤੇ ਉਨ੍ਹਾਂ ਦੀ ਬਰਾਬਰੀ ਦਾ ਸੰਗਰਾਮ ਹੀ ਲੋਕਾਂ ਦੀ ਸਰਵ-ਪੱਖੀ ਉਨਤੀ ਅਤੇ ਸਮੁੱਚੇ ਸਮਾਜ ਦੀ ਉਨਤੀ ਦਾ ਅਨਿਖੜਵਾਂ ਅੰਗ ਹੈ। ਔਰਤਾਂ ਦੀ ਆਜ਼ਾਦੀ ਦੇ ਬਰਾਬਰ ਸਮਾਜੀ ਵਿਕਾਸ ਦੀ ਅਹਿਮ ਸ਼ਰਤ ਹੈ ਕਿ ਉਨ੍ਹਾਂ ਨੂੰ ਸਮਾਜਕ, ਆਰਥਿਕ ਰਾਜਨੀਤਕ ਅਤੇ ਸਭਿਆਚਾਰਕ ਜ਼ਿੰਦਗੀ ਨਾਲ ਪੂਰੀ ਤਰ੍ਹਾਂ ਜੁੜਨ ਦੀ ਲੋੜ ਹੈ। ਸਰੀਰ ਅਤੇ ਮਨ ਦੀ ਆਜ਼ਾਦੀ ਲਈ ਔਰਤਾਂ ਦੀ ਆਰਥਿਕ ਬਰਾਬਰੀ ਜ਼ਰੂਰੀ ਹੈ ਕਿਉਂਕਿ ਔਰਤਾਂ ਦੁਨੀਆਂ ਦੀ ਅੱਧੀ ਆਬਾਦੀ ਹਨ ਉਨ੍ਹਾਂ ਦੀਆਂ ਸਮੱਸਿਆਵਾਂ ਸਮੁਚੇ ਸਮਾਜ ਦੀਆਂ ਸਮੱਸਿਆਵਾਂ ਹਨ ਵਿਗਿਆਨ ਅਤੇ ਟਕਨੌਲੋਜੀ ਗਿਆਨ ਦੇ ਨਵੇਂ ਵਿਸਥਾਰ ਹਨ। ਇਨ੍ਹਾਂ ਅਦਭੁਤ ਦਾਤਾਂ ਨੂੰ ਹਰ ਕਿਸੇ ਤੱਕ ਪਹੁੰਚਾਉਣ ਦੀ ਲੋੜ ਹੈ। ਔਰਤਾਂ ਅਤੇ ਮਰਦਾਂ ਲਈ ਅਵਸਰ ਇਕੋ ਜਿਹੇ ਹੋਣੇ ਚਾਹੀਦੇ ਹਨ ਤਾਂ ਕਿ ਉਨ੍ਹਾਂ ਦੇ ਸਰੀਰ ਅਤੇ ਮਨ ਸਹੀ ਅਰਥਾਂ ਵਿਚ ਆਜ਼ਾਦ ਹੋ ਸਕਣ। ਔਰਤਾਂ ਦੇ ਹਰ ਕਿਸਮ ਦੇ ਪਛੜੇਵੇਂ ਨੂੰ ਦੂਰ ਕਰਨਾ ਸਾਡਾ ਮੁਖ ਕੰਮ ਹੈ। ਉਸਨੂੰ ਵਹਿਮਾਂ ਭਰਮਾਂ ਵਿਚੋਂ ਕੱਢਕੇ, ਜਬਰ ਜ਼ੁਲਮ ਅਤੇ ਅਤਿਆਚਾਰਾਂ ਤੋਂ ਬਚਾਕੇ ਆਦਮੀ ਦੇ ਜਬਰੀ ਬਣਾਏ ਕੈਦ ਖਾਨਿਆਂ ਵਿਚੋਂ ਬਾਂਹਰ ਕੱਢਣ ਦੀ ਲੋੜ ਹੈ। ਦਾਜ, ਦਹੇਜ ਆਦਿ ਦੀ ਲਾਹਨਤ ਦਾ ਡਟਕੇ ਵਿਰੋਧ ਕਰਨਾ ਚਾਹੀਦਾ ਹੈ ਕਿ ਇਸ ਨਾਲ ਔਰਤ ਦੇ ਧੁਰ ਅੰਦਰਲੇ ਨੂੰ ਜਾਗਰਤੀ ਮਿਲੇਗੀ ਜਿਸ ਨਾਲ ਉਹ ਅਬਲਾ ਨਹੀਂ ਸਗੋਂ ਸ਼ਕਤੀਸ਼ਾਲੀ ਬਣ ਜਾਏਗੀ।

ਅੱਜ ਅਮਨ ਦੀ ਰਾਖੀ ਕਰਨਾ ਮਾਨਵਤਾ ਲਈ ਸਭ ਤੋਂ ਅਹਿਮ ਕੰਮ ਹੈ। ਆਓ, ਅੰਤਰ-ਰਾਸ਼ਟਰੀ ਇਸਤਰੀ ਦਿਨ ਅੱਠ ਮਾਰਚ ਨੂੰ ਧਿਆਨ ਵਿਚ ਰੱਖ ਕੇ ਅਸੀਂ ਪ੍ਰਣ ਕਰੀਏ ਕਿ ਅਸੀਂ ਇਸ ਪਵਿਤਰ ਸੰਘਰਸ਼ ਨੂੰ ਲਗਾਤਾਰ ਮਜ਼ਬੂਤ ਕਰਾਂਗੇ ਅਤੇ ਵੱਧ ਤੋਂ ਵੱਧ ਹਰ ਵਰਗ ਤੇ ਵਿਚਾਰ ਦੀਆਂ ਭੈਣਾਂ ਨੂੰ ਇਸ ਵਿਚ ਸਰਗਰਮ ਕਰਾਂਗੇ।

ਇੰਡੀਆ ਮਹਿਲਾ ਐਸੋਸੀਏਸ਼ਨ

P.O.Box 67443
Station 'C'
Vancouver, B.C. V5W 3T5

(ਪੰਨਾ 23 ਦੀ ਬਾਕੀ)

ਅਨ੍ਹੇਵਾਹ ਗੋਲਾਬਾਰੀ ਦਾ ਸ਼ਿਕਾਰ ਬਣਾਉਣਾ ਚਾਹੁੰਦੇ ਹੋ ਤਾਂ ਤੁਸੀਂ ਜਨਾਬ ਹੇਅਰ, ਸੱਚਮੁਚ ਮੁਗ਼ਾਲਤੇ ਵਿਚ ਹੋ। ਇਸ ਹਕੀਰ ਜਿੰਦੜੀ ਦੀ ਇਕੋ ਇਕ ਸੱਧਰ 'ਪੰਥ' ਹੈ। ਇਸ ਸੀਨੇ ਵਿਚ ਇਕ ਅਰਮਾਨ ਮਚਲਦਾ ਹੈ 'ਪੰਥ ਦੀ ਚੜ੍ਹਦੀ ਕਲਾ।' ਮੈਂ ਤੁਹਾਨੂੰ ਝੂਠ ਨਹੀਂ ਕਿਹਾ, ਮੈਂ ਪਿਛਲੇ ਡੂਢ ਸਾਲ ਵਿਚ ਤਕਦੀਰ ਦੇ ਏਨੇ ਰੰਗ ਵੇਖ ਚੁਕਾ ਹਾਂ ਕਿ ਮੈਂ ਸੱਚਮੁਚ ਹਯਾਤੀ ਦੀ ਬੇੜੀ ਹਵਾਵਾਂ ਦੇ ਰੁਖ ਠੇਲ੍ਹ ਛੱਡੀ ਹੈ। ਸੱਚਮੁਚ ਹੀ ਮੈਨੂੰ ਹੁਣ ਨਾ ਕਿਸੇ ਸਾਹਿਲ ਦੀ ਤਮੰਨਾ ਹੈ ਨਾ ਗ਼ਰਕ ਹੋ ਜਾਣ ਦਾ ਖੌਫ। ਮੇਰੀਆਂ ਅੱਖਾਂ ਵਿਚ ਇਕ ਸੁਪਨਾ ਲਟਕ ਰਿਹਾ ਹੈ 'ਖਾਲਸੇ ਦਾ ਜਾਹੋ ਜਲਾਲ' ਇਸ ਲਈ ਤੁਹਾਡੀ ਕੋਈ ਸ਼ੁਅਦੀ ਹਰਕਤ ਏਥੇ ਬੇਮਾਹਨੀ ਹੈ ਤੇ ਉਂਜ ਵੀ ਮੈਂ ਵੈਨਕੂਵਰ ਤੋਂ ਮਾਨਟਰੀਅਲ ਤਕ ਸਿਦਕਵਾਨ ਸਿਖ ਸੰਗਤਾਂ ਤੇ ਕੈਨੇਡੀਅਨ ਲੋਕਾਂ ਤੋਂ ਬਤੌਰ ਸਿਖ ਪਰਚਾਰਕ ਏਨਾਂ ਮਾਣ ਸਤਿਕਾਰ ਤੇ ਪਿਆਰ ਆ ਚੁੱਕਾ ਹੈ ਕਿ ਮੇਰੀ ਆਪਣੀ ਝੋਲੀ ਬਹੁਤ ਤੰਗ ਜਾਪਣ ਲੱਗ ਪਈ ਹੈ।

ਕਿਉਂਕਿ :

ਅਬ ਤੋਂ ਨਜ਼ਰ ਮੇਂ ਸੂਰਤ ਜਚਤੀ ਨਹੀਂ ਕਿਸੀ ਕੀ
ਆਖੋਂ ਕੋ ਛੂ ਗਿਆ ਹੈ ਜਬ ਸੇ ਜਮਾਲ ਤੇਰਾ

ਦਿਲੀਂ ਦੁਆਵਾਂ ਤੇ ਸ਼ੁਭ ਇਛਾਵਾਂ ਨਾਲ
ਗੁਰੂ ਪੰਥ ਦੇ ਪੈਰਾਂ ਦੀ ਖਾਕ
ਮਹਿੰਦਰ ਪਾਲ ਸਿੰਘ

ਕੱਛ 'ਚ ਤੇਲ ਤੇ ਗੈਸ ਮਿਲੀ

ਕੱਛ ਜ਼ਿਲੇ ਦੇ ਪਿੰਡ ਲਖਪਤ ਨੇੜੇ ਤੇਲ ਤੇ ਕੁਦਰਤੀ ਗੈਸ ਦਾ ਭੰਡਾਰ ਮਿਲਿਆ ਹੈ। ਗੈਸ ਦਾ ਦਬਾ ਏਨਾ ਸੀ ਕਿ ਤੇਲ ਫੁਆਰੇ ਦੀ ਧਾਰ ਵਾਂਗ ਉਪਰ ਉਠਿਆ। ਤੇਲ ਦੇ ਨਮੂਨੇ ਦੇਹਰਾਦੂਨ ਲੈਬਾਰਟਰੀ ਭੇਜੇ ਗਏ ਹਨ।

(ਪੰਨਾ 12 ਦੀ ਬਾਕੀ)

ਕਿ ਬੁੱਧ ਧਰਮ ਦੇ ਬਾਨੀ ਬੁੱਧ ਨੂੰ ਭੀ ਵਿਸਾਖੀ ਵਾਲੇ ਦਿਨ ਗਿਆਨ ਹੋਇਆ ਸੀ। ਗੁਰੂ ਅਮਰਦਾਸ ਜੀ ਨੇ ਭਾਈ ਪਾਰੋ ਅਤੇ ਭਾਈ ਬਲੋ ਦੀ ਫਰਮਾਇਸ਼ ਤੇ ਹਰ ਸਾਲ ਵਿਸਾਖੀ ਮਨਾਉਣ ਦਾ ਰਿਵਾਜ਼ ਆਰੰਭ ਕੀਤਾ ਸੀ। ਗੁਰੂ ਹਰ ਗੋਬਿੰਦ ਨੇ ਇਸ ਦਿਨ ਦੀ ਭੀ ਮਹਾਨਤਾ ਵਧਾਈ ਅਤੇ ਉਨ੍ਹਾਂ ਦਾ ਆਨੰਦ ਕਾਰਜ ਭੀ ਇਸ ਦਿਨ ਹੀ ਹੋਇਆ ਸੀ। ਭਾਈ ਮੱਖਣ ਸ਼ਾਹ ਨੇ ਭੀ ਨੌਵੇਂ ਗੁਰੂ ਤੇਗ ਬਹਾਦਰ ਜੀ ਨੂੰ ਵਿਸਾਖੀ ਵਾਲੇ ਦਿਨ ਹੀ 'ਗੁਰੂ ਲਦੋ ਕੀ' ਉਚੀ ਉਚ ਪੁਕਾਰਿਆ ਸੀ। ਗੁਰੂ ਗੋਬਿੰਦ ਸਿੰਘ ਜੀ ਨਾਲ ਤਾਂ ਖਾਲਸੇ ਦੇ ਸਾਜਣ ਬਾਰੇ ਆਮ ਹੀ ਪਤਾ ਹੈ।

ਯੂਰਪ ਬਾਰੇ ਐਂਗਲਜ਼ ਨੇ ਲਿਖਿਆ ਹੈ ਕਿ "ਪੁਰਾਣੇ ਅਤੇ ਮਧ ਕਾਲ ਵਿਚ ਧਰਮ ਨੇ ਵਾਰ ਵਾਰ ਸਮਾਜੀ ਲਹਿਰਾਂ ਦੀ ਵਿਚਾਰਧਾਰਾ ਜਾਂ ਵਿਚਾਰਧਾਰਕ ਝੰਡੇ ਦੇ ਤੌਰ ਤੇ ਕੰਮ ਕੀਤਾ" ਮਧ ਕਾਲ ਦੇ ਯੂਰਪੀ ਜਾਗੀਰਦਾਰਾਂ ਤੇ ਧਨਾਢ ਕਾਫਰਾਂ ਨੂੰ (ਜਿਹਨੇ ਪਾਖੰਡ ਦਾ ਤੇ ਸਰਟੀਫੀਕੇਟ ਵੇਚਣ ਦਾ ਬੁਰਕਾ ਪਾਇਆ ਹੋਇਆ ਸੀ) ਨਵੀਂ ਉਠ ਰਹੇ ਸਰਮਾਏਦਾਰ ਮਜਾਤ ਦਾ ਅਤੇ ਸਬੰਧ ਗ੍ਰੰਥਾਂ ਦਾ ਪ੍ਰੋਟੈਸਟ ਧਰਮ ਨੂੰ ਕੁਫਰ ਸਮਝਦੇ ਸਨ ਜਿਸ ਨੂੰ ਐਂਗਲਜ਼ ਨੇ ਸੁਧਾਰ ਲੋਕ ਇਕਲਾਬੀ ਨਾਸਤਿਕਤਾ ਆਖਿਆ। ਅੱਜ ਭੀ ਧਰਮ ਦੇ ਆਦਰਸ਼ਵਾਦੀ ਟੀਚਿਆਂ ਰਾਹੀਂ ਲੋਕਾਂ ਨੇ ਬਦੇਸ਼ੀ ਧਾੜਵੀਆਂ ਤੇ ਸਾਮਰਾਜੀਆਂ ਵਿਰੁਧ ਅਹਿਮ ਰੋਲ ਅਦਾ ਕੀਤਾ ਹੈ ਜਿਵੇਂ ਈਰਾਨ ਵਿਚ। ਲਾਤੀਨੀ ਅਮਰੀਕਾ ਵਿਚ ਅਤੇ ਵੀਅਤਨਾਮ ਵਿਚ ਭੀ ਆਜ਼ਾਦੀ ਦੀਆਂ ਲਹਿਰਾਂ ਵਿਚ ਅਥਾਹ ਹਿੱਸਾ ਪਾਇਆ ਹੈ। ਭਾਰਤ ਵਿਚ ਗੁਰਦੁਆਰਾ ਆਜ਼ਾਦੀ ਲਹਿਰ ਅਤੇ ਅਕਾਲੀ ਮੋਰਚਿਆਂ ਨੇ ਅੰਗਰੇਜ਼ ਸਾਮਰਾਜ ਵਿਰੁਧ ਭਾਰਤੀ ਆਜ਼ਾਦੀ ਵਿਚ ਵੱਡਾ ਹਿੱਸਾ ਪਾਇਆ। ਸਿੱਖ ਧਰਮ ਅਤੇ ਗੁਰੂ ਦਾ ਖਾਲਸਾ ਤਾਂ ਹੈ ਹੀ ਵਿਤਕਰੇ, ਲੁੱਟ ਅਤੇ ਜਬਰ ਦੇ ਵਿਰੁਧ। ਇਸ ਨੇ ਹਰ ਜਾਬਰ ਹਕੂਮਤ ਅਤੇ ਧਾੜਵੀ ਨਾਲ ਸਫਲਤਾ ਨਾਲ ਮੱਥਾ ਲਾਇਆ।

ਉਸ ਵਿਸਾਖੀ ਵਾਲੇ ਦਿਨ ਖਾਲਸਾ ਸਾਜ ਕੇ ਨਵਾਂ ਦੌਰ ਆਰੰਭਿਆ। ਜਿਥੇ ਗੁਰਬਾਣੀ ਵਿਚ "ਸਬਰ" ਦਾ ਸਬਕ ਸਿਖਾਇਆ ਹੈ ਉਥੇ ਨਾਲ ਹੀ ਖਾਲਸੇ ਨੂੰ ਇਹ ਭੀ ਦਸਿਆ ਕਿ ਕਿਸੇ ਅਤਿਆਚਾਰ ਅਤੇ ਜਬਰ ਦੇ ਵਿਰੁਧ ਸਿਰ ਸੁੱਟ ਕੇ ਅਟੱਲ ਹੋਣੀ ਮੰਨ ਲੈਣਾ ਅਤੇ ਕੋਈ ਹਿੰਮਤ ਨਾ ਕਰਨਾ, ਬੁਜ਼ਦਿਲੀ ਬਣ ਜਾਏਗੀ। ਖਾਲਸੇ ਦਾ ਧੜਾ ਗੁਰੂ ਦਾ ਅਤੇ ਨਾਮ ਦਾ ਧੜਾ ਹੈ ਅਤੇ ਹਰ ਕੁਕਰਮ ਤੇ ਅਨਿਆਂ ਵਿਰੁਧ ਹੈ। ਜਿਥੇ ਗੁਰੂ ਨਾਨਕ ਦੇਵ ਜੀ ਨੇ ਫਰਮਾਇਆ ਸੀ —

ਜਉ ਤਉ ਪਰੇਮ ਖੇਲਣ ਕਾ ਚਾਉ। ਸਿਰੁ ਧਰਿ ਤਲੀ ਗਲੀ ਮੇਰੀ ਆਉ
ਇਤੁ ਮਾਰਗਿ ਪੈਰੁ ਧਰੀਜੈ। ਸਿਰ ਦੀਜੈ ਕਾਣਿ ਨਾ ਕੀਜੈ ॥

ਉਥੇ ਗੁਰੂ ਗੋਬਿੰਦ ਸਿੰਘ ਜੀ ਨੇ ਜੀਵਨ ਦਾ ਆਦਰਸ਼ ਨੀਯਤ ਕੀਤਾ ਕਿ ਚੰਗੇ ਕੰਮ ਕਰਦਿਆਂ ਅਤੇ ਸੱਚੇ ਮਾਰਗ ਤੇ ਚਲਦਿਆਂ ਆਪਣੇ ਆਦਰਸ਼ ਤੇ ਫਰਜ਼ਾਂ ਦੀ ਪੂਰਤੀ ਕਰਨ ਲਈ ਹਰ ਕੁਰਬਾਨੀ ਕਰਨ ਲਈ ਤਿਆਰ ਰਹਿਣਾ ਚਾਹੀਦਾ ਹੈ।

(ਬਾਕੀ ਅਗਲੇ ਅੰਕ ਵਿਚ)

ਗਰੀਮੀਕੋ ਡਿਪਟੀ ਪ੍ਰੀਮੀਅਰ

ਮਾਸਕੋ :—ਸੋਵੀਅਤ ਵਿਦੇਸ਼ ਮੰਤਰੀ ਐਂਡਰੀ ਗਰੀਮੀਕੋ ਰੂਸ ਦੇ ਪਹਿਲੇ ਡਿਪਟੀ ਪ੍ਰੀਮੀਅਰ ਨਿਯੁਕਤ ਹੋਏ ਹਨ। ਯਾਦ ਰਹੇ ਕਿ ਗਰੀਮੀਕੋ 1957 ਤੋਂ ਵਿਦੇਸ਼ ਮੰਤਰੀ ਚਲੇ ਆ ਰਹੇ ਹਨ। 1973 ਵਿਚ ਉਹ ਪੋਲਿਟ ਬਿਓਰੋ ਦੇ ਮੈਂਬਰ ਬਣੇ ਸਨ।



ਬਨਾਮ 'ਜਥੇਦਾਰ' ਤਾਰਾ ਸਿੰਘ ਹੇਅਰ



ਨਾ ਜਿਨਕੀ ਦੋਸਤੀ ਅੱਛੀ
ਨਾ ਜਿਨਕੀ ਦੁਸ਼ਮਣੀ ਅੱਛੀ

ਲਿਖਤੁਮ ਮਹਿੰਦਰਪਾਲ ਸਿੰਘ, ਅੱਗੇ ਮਾਨਯੋਗ 'ਜਥੇਦਾਰ' ਤਾਰਾ ਸਿੰਘ ਹੇਅਰ ਦੇ ਨਾਂ ਖੁਲ੍ਹੀ ਚਿੱਠੀ (ਅੰਦਰ ਪੜ੍ਹੋ)

(ਮਾਰਚ 15 ਦੀ ਬਾਕੀ—ਲੜੀ ਜੋੜਨ ਲਈ)

ਖਾਲਸਾ ਐਡਵੋਕੇਟ — ਇਕ ਅਰਮਾਨ

ਸਿਖ ਟਾਈਮਜ਼ ਨਾਲ ਜੋ ਅਰਮਾਨ ਜਾਗੇ ਸਨ, ਮੈਗਜ਼ੀਨ ਦੀ ਡਗਮਾਂਗਾਂਦੀ ਲਾਟ ਨੇ ਉਹ ਹੋਰ ਵੀ ਭੜਕਾ ਦਿਤੇ। ਕੁਝ ਪੰਥ ਦਰਦੀ ਤੇ ਨਿਰਮਾਣ ਸਿੱਖਾਂ ਨੇ 'ਖਾਲਸਾ ਐਡਵੋਕੇਟ ਸੁਸਾਇਟੀ' ਰਜਿਸਟਰ ਕਰਵਾ ਕੇ ਗੁਰੂ ਆਸਰੇ ਮੈਗਜ਼ੀਨ ਸ਼ੁਰੂ ਕਰਨ ਦਾ ਉਪਰਾਲਾ ਕੀਤਾ। ਐਡਿਟਿੰਗ ਦੀ ਸੇਵਾ ਦਾਸ ਨੂੰ ਸੌਂਪ ਦਿਤੀ ਗਈ। ਸਬੱਬ ਨਾਲ ਉਸੇ ਬਿਲਡਿੰਗ ਵਿਚ ਇਕ ਦਫਤਰ ਸਸਤੇ ਕਿਰਾਏ ਤੇ ਖਾਲੀ ਮਿਲ ਗਿਆ। ਉਸ ਬਿਲਡਿੰਗ ਵਿਚੋਂ ਇਕ ਹੋਰ ਮੈਗਜ਼ੀਨ ਵੀ ਨਿਕਲਦਾ ਹੈ। ਤੁਸੀਂ ਕੁਫ਼ਰ ਤੋਲਦੇ ਹੋ ਜਦੋਂ 'ਖਾਲਸਾ ਐਡਵੋਕੇਟ' ਨੂੰ 'ਸਿਖ ਟਾਈਮਜ਼' ਨਾਲ ਮੁਕਾਬਲੇ ਵਜੋਂ ਪੇਸ਼ ਕਰਦੇ ਹੋ। ਸਿਖ ਟਾਈਮਜ਼ ਮੇਰਾ ਹੀ ਲਾਇਆ ਬੂਟਾ ਹੈ। ਮੇਰੇ ਮੁਰਸ਼ਦ ਦਾ ਕੌਲ ਹੈ, ਤਾਰਾ ਸਿੰਘ ਜੀ ਕਿ ਜਿਸ ਬੂਟੇ ਨੂੰ ਹੱਥੀਂ ਲਾਈਏ ਉਹਦੀ ਬਹਾਰ ਦੀ ਦੁਆ ਮੰਗੀਦੀ ਹੈ। ਮੁਕਾਬਲਾ ਕਿਸਦਾ? ਕਿਉਂ? ਅਸੀਂ ਪੰਥ ਦੇ ਫਕੀਰ ਹਾਂ ਹੇਅਰ ਸਾਹਿਬ! ਪਾਲਮ ਏਅਰ ਪੋਰਟ ਤੋਂ ਫਕੀਰੀ ਮੱਲ ਕੇ ਟੁਰੇ ਸਾਂ। ਫਕੀਰ ਬਣ ਕੇ ਵਿਚਰ ਰਹੇ ਹਾਂ। 'ਪੰਥ' ਦੀ ਸਦਾਅ ਦੇਂਦੇ ਆ ਰਹੇ ਹਾਂ, ਦੇਂਦੇ ਰਹਾਂਗੇ, ਪੰਥਕ ਨਿਸ਼ਾਨਾਂ ਦੀ ਖੈਰ ਮੰਗਦੇ ਕੈਨੇਡਾ ਨੂੰ ਜਦੋਂ ਗੁਰੂ ਨੇ ਚਾਹਿਆ, ਅਲਵਿਦਾਅ ਕਹਿ ਜਾਵਾਂਗੇ।

ਤੁਸੀਂ ਮੇਰੀ ਨਿਮਾਣੀ ਜ਼ਾਤ ਤੇ ਊਜਾਂ ਲਾਉਂਦਿਆਂ ਭੁੱਲ ਗਏ ਓ ਕਿ ਸਾਡਾ ਮਕਸਦ ਸਮੁੱਚੀ ਕੌਮ ਦੀ ਆਤਮਾ ਦੀ ਆਵਾਜ਼ ਬਣਕੇ ਪੰਥ ਅੰਦਰ ਏਕਤਾ ਤੇ ਇਤਫਾਕ ਦੀ ਦੁਆ ਮੰਗਣਾ ਹੈ! 'ਖਾਲਸਾ ਐਡਵੋਕੇਟ' ਦੇ ਉਦਘਾਟਨ ਸਮੇਂ ਤੁਸੀਂ ਇਹ ਦਿਲਫਰੇਬ ਦ੍ਰਿਸ਼ ਤੱਕਦੇ ਗੁ: ਸਾਹਿਬ ਰੌਸ ਸਟਰੀਟ ਤੇ ਗੁ: ਸਾਹਿਬ ਸਰੀ ਦੇ ਪ੍ਰਬੰਧਕ ਸਾਹਿਬਾਨ ਕੌਮ ਦੇ ਇਸ ਤਰਜਮਾਨ ਨੂੰ ਅਸੀਸ ਦੇਣ ਲਈ ਪਹੁੰਚੇ। ਪਾਤਸ਼ਾਹ ਦੀ ਰਹਿਮਤ ਸਦਕਾ ਪੁਨੀਤ ਆਤਮ ਭਾਈ ਵੀਰ ਸਿੰਘ ਜੀ ਦੇ ਬਾ ਬਰਕਤ ਨਾਂ ਨੂੰ ਸਮਰਪਤ 'ਖਾਲਸਾ ਐਡਵੋਕੇਟ' ਕੌਮ ਦੀ ਖਿਦਮਤ ਵਿਚ ਹਾਜ਼ਰ ਹੋ ਗਿਆ। ਇਸਦੀ ਦੱਖ, ਗੈਟਅੱਪ, ਮੈਟਰ ਤੇ ਪੇਸ਼ਕਾਰੀ ਦੀ ਕਦਰਦਾਨਾਂ ਵਲੋਂ ਭਰਪੂਰ ਦਾਦ ਮਿਲੀ ਜਿਸ ਵਿਚ ਤੁਸੀਂ ਵੀ ਸ਼ਰੀਕ ਹੋ, ਕਿਉਂਕਿ ਇਸ ਦੀ ਰੰਗਦਾਰ ਛਪਾਈ ਤੋਂ ਬਿਨਾਂ ਬਾਕੀ ਪ੍ਰਿੰਟਿੰਗ ਤੁਹਾਡੀ ਮਾਡਰਨ ਪ੍ਰੈਸ ਵਿਚ ਹੀ ਹੋਈ ਸੀ। ... ਤੁਸੀਂ ਛਪਾਈ ਦੀ ਪੇਸ਼ਕਸ਼ ਆਪ ਲੈ ਕੇ ਆਏ। ਤੁਸਾਂ ਬੜੀ ਮੁਹੱਬਤ ਤੇ ਦਿਲ-ਨਿਵਾਜ਼ੀ ਨਾਲ ਕਿਹਾ ਅਸੀਂ ਦੋਸਤ ਬਣ ਕੇ ਤੁਹਾਡੀ ਇਮਦਾਦ ਕਰਨ ਆਏ ਹਾਂ ਤੇ ਨਾਲ ਤੁਸਾਂ ਇਹ ਵੀ ਕਿਹਾ ਕਿ ਅੱਜ ਤੱਕ ਅਸੀਂ ਜਿੰਨਿਆਂ ਨਾਲ ਨੇਕੀ ਕੀਤੀ ਹੈ, ਬਦਲੇ ਵਿਚ ਬੁਰਾਈ ਹੀ ਮਿਲੀ ਹੈ। ਮੇਰਾ ਜੁਆਬ ਸੀ, ਖਾਤਰ ਜਮ੍ਹਾਂ ਰੱਖੋ, ਤੁਹਾਨੂੰ ਗਿਲਾ ਨਹੀਂ ਹੋਵੇਗਾ। ਖੈਰ—ਬੰਦਾ ਨਿਵਾਜ਼-ਤੁਸੀਂ ਦੋਸਤੀ ਦੇ ਜਿਹੜੇ ਫੁੱਲ ਇਸ ਲੇਖ ਵਿਚ ਖਿੜਾਏ ਹਨ, ਉਨ੍ਹਾਂ ਬਾਬਤ ਮੈਂ ਕੀ ਕਹਾਂ!

ਹਮ ਸੇ ਕਿਆ ਹੋ ਸਕਾ ਮੁਹੱਬਤ ਮੇਂ
ਤੁਮ ਨੇ ਤੋ ਖੈਰ ਬੇਵਫਾਈ ਕੀ ...

ਕਿੱਸਾ ਕਾਰੋਬਾਰ ਦਾ

ਆਉ ਰਤਾ ਕਾਰੋਬਾਰ ਦੀ ਗੱਲ ਕਰੀਏ। ਤੁਸੀਂ ਸੁਸਾਇਟੀ ਤੋਂ ਅੰਦਾਜ਼ਨ 2000 ਡਾਲਰਜ਼ ਲੈਣੇ ਸਨ ਮੈਗਜ਼ੀਨ ਦੀ ਮੁਕੰਮਲ ਡਿਲੀਵਰੀ ਤੋਂ ਬਾਅਦ! ਤੁਸੀਂ ਮੈਗਜ਼ੀਨ ਦੇ ਉਦਘਾਟਨ ਵਾਸਤੇ ਕੇਵਲ 250 ਕਾਪੀਆਂ ਦਿਤੀਆਂ! ਬਾਕੀ ਮਾਲ ਤੁਸੀਂ ਸਪਲਾਈ ਨਾ ਕਰ ਸਕੇ। ਤੁਹਾਡੀ ਚਲਾਕੀ ਤੇ ਵਫ਼ਾ ਪਰਸਤੀ ਤੋਂ ਫਿਦਾਅ ਹੋਣ ਨੂੰ ਦਿਲ ਕਰਦਾ ਹੈ ਕਿ ਤੁਸੀਂ ਦੋ ਚੈਕ 1000+700 ਡਾਲਰਜ਼ ਦੇ ਅਥਵਾ ਕੁੱਲ 1700 ਡਾਲਰਜ਼ ਦੇ ਕਰੀਬ ਰਕਮ ਲੈ ਕੇ ਵੀ ਢਾਈ ਸੌ ਤੋਂ ਸਿਵਾ ਇਕ ਮੈਗਜ਼ੀਨ ਵੀ ਸੁਸਾਇਟੀ ਨੂੰ ਨਾ ਦੇ ਸਕੇ। ਏਡਾ ਅਨ੍ਹੇਰ 1700 ਡਾਲਰਜ਼ ਲੈ ਕੇ ਤੇ ਉਹ ਵੀ ਇਸ ਲੇਖ ਦੇ ਛਪਣ ਤੋਂ ਕਈ ਮਹੀਨੇ ਪਹਿਲਾਂ ਲੈ ਕੇ ਅਜੇ ਮੁਕਰ ਰਹੇ ਓ ਸਾਨੂੰ ਕੁਝ ਨਹੀਂ ਮਿਲਿਆ! ਗਜ਼ਬ ਸਾਈਂ ਦਾ 1700 ਡਾਲਰਜ਼ ਵੀ ਤੁਸੀਂ ਡਕਾਰ ਗਏ ਤੇ ਅਜੇ ਤਕ ਸਾਰੇ ਦਾ ਸਾਰਾ ਮੈਗਜ਼ੀਨ ਤੁਸੀਂ ਅਗਵਾ ਕਰਕੇ ਆਪਣੇ ਕੋਲ ਰਖਿਆ ਹੋਇਆ ਹੈ ਕਿਸ ਖੁਸ਼ੀ ਵਿਚ! ਪੈਸੇ ਲੈ ਕੇ ਮੁਕਰਨ ਦੀ ਬੇਹਿਯਾਈ ਦੀ ਹੱਦ ਤੱਕ ਦੀਦਾ ਦਲੇਰੀ ਹੇਅਰ ਸਾਹਿਬ ਤੁਹਾਡੇ ਹਿੱਸੇ ਹੀ ਆ ਸਕਦੀ ਹੈ। ਤੁਸੀਂ ਤਾਂ ਸਗੋਂ ਸੁਸਾਇਟੀ ਦੀ ਬਦਨਾਮੀ ਦਾ ਕਾਰਨ ਵੀ ਬਣੇ ਤੇ ਆਰਥਕ ਸੱਟ ਦਾ ਵੀ! ਤੁਸੀਂ ਮੈਗਜ਼ੀਨ ਦੇਂਦੇ। ਸੰਗਤਾਂ ਕੋਲ ਪਹੁੰਚਦਾ। ਸੁਸਾਇਟੀ ਦੇ ਮੈਂਬਰ ਵਿਚਾਰੇ ਕਿਰਤੀ ਸਿੱਖ ਹਨ। ਕੰਮ ਦਾ ਦਰਦ ਰਖਦੇ ਹਨ। ਇਹ ਮੈਗਜ਼ੀਨ ਕੌਮ ਦੀ ਮਾਇਆ ਨਾਲ ਹੀ ਚਲਦਾ ਹੈ। ਇਹਨਾਂ ਵਿਚਾਰਿਆਂ ਕੋਲ ਕੋਈ ਕਾਰੂੰ ਦਾ ਖਜ਼ਾਨਾ ਤਾਂ ਹੈ ਨਹੀਂ! 1700 ਡਾਲਰਜ਼ ਵੀ ਤੁਹਾਡੇ ਕੋਲ ਤੇ ਸਾਰਾ ਮੈਗਜ਼ੀਨ ਵੀ ਜੇ ਤੁਸੀਂ ਵਾਇਦੇ ਮੁਤਾਬਕ ਦੇ ਨਹੀਂ ਸਕੇ! ਆਫ਼ਰੀਨ:

ਬੜੇ ਢੀਠ ਨਿਕਲੇ ਮੁਕਰ ਜਾਣੇ ਵਾਲੇ ....

ਟਰਾਂਟੋ ਮਾਨਟ੍ਰੀਅਲ ਤੱਕ

ਮੈਂ ਅਰਜ਼ ਕਰ ਚੁਕਾ ਹਾਂ, ਬੰਦਾ ਪਰਵਰ, ਕਿ ਮੇਰਾ ਫੀਲਡ ਧਰਮ ਪ੍ਰਚਾਰ ਹੈ। ਇਹ ਮੈਗਜ਼ੀਨ ਧਰਮ ਪਰਚਾਰ ਦਾ ਸਾਧਨ ਹੈ। ਅਰਜ਼ ਕੇਵਲ ਏਨੀ ਹੀ ਹੈ ਕਿ ਸਾਡੇ ਬੱਚੇ ਆਪਣੇ ਵਿਰਸੇ ਤੋਂ ਜਾਣੂ ਹੋ ਸਕਣ ਤੇ ਕੈਨੇਡੀਅਨ ਗੋਰੇ ਲੋਕ ਸਾਡੇ ਧਰਮ, ਇਤਿਹਾਸ ਦੀ ਝਲਕ ਪਾ ਲੈਣ ਅਤੇ ਇਹ ਮੈਗਜ਼ੀਨ ਇੰਟਰਨੈਸ਼ਨਲ ਪੱਧਰ ਤੇ ਕੌਮ ਦੀ ਰੰਗਲੀ ਤਸਵੀਰ ਪੇਸ਼ ਕਰ ਸਕੇ। ਮੈਨੂੰ ਹਰ ਮਹੀਨੇ ਚੀਫ਼ ਖਾਲਸਾ ਦੀਵਾਨ ਹੈਡ ਆਫ਼ਿਸ ਰੀਪੋਰਟ ਦੇਣੀ ਪੈਂਦੀ ਹੈ ਮੇਰੀ ਸਰਗਰਮੀ ਕੀ ਰਹੀ ਹੈ। ਸਾਰੇ ਕੈਨੇਡਾ ਵਿਚ ਜਿੱਥੇ ਸੰਗਤਾਂ ਯਾਦ ਕਰਦੀਆਂ ਹਨ, ਦਾਸ ਹਾਜ਼ਰ ਹੋ ਜਾਂਦਾ ਹੈ। ਗੁਰਦੁਆਰਾ ਸਾਹਿਬਾਨ, ਕ੍ਰਿਸਚੀਅਨ ਸੁਸਾਇਟੀਆਂ, ਵਿਦਿਅਕ ਅਦਾਰੇ, ਯੂਨੀਵਰਸਿਟੀਆਂ, ਟੀ. ਵੀ. ਤੇ ਪਰੈਸ ਮੇਰਾ ਖੇਤਰ ਹੈ। ਜਿਵੇਂ ਜਿਵੇਂ ਗੁਰੂ ਬਲ ਬਖਸ਼ਦਾ ਹੈ ਮੈਂ ਉਹਦੇ ਨਾਂ ਦਾ ਹੋਕਾ ਦੇਂਦਾ ਹਾਂ। ਸਤੰਬਰ ਵਿਚ ਮੈਂ ਟਰਾਂਟੋ, ਅਟਵਾ ਤੇ ਮਾਨਟ੍ਰੀਅਲ ਦੇ ਟੂਰ ਤੇ ਸਾਂ। **ਤੁਸੀਂ 6000 ਡਾਲਰਜ਼ ਲਿਖਿਆ ਹੈ, ਜੋ ਖਾਲਸਾ ਐਡਵੋਕੇਟ ਲਈ ਇਕੱਠਾ ਹੋਇਆ। ਤੁਹਾਡੇ ਮੂੰਹ ਵਿਚ ਘਿਉ ਸ਼ੱਕਰ ਜੇ 1500 ਡਾਲਰਜ਼ ਵੀ ਸਾਬਤ ਕਰ ਸਕੋ। ਸੁਸਾਇਟੀ ਤੁਹਾਡੀ ਅਹਿਸਾਨਮੰਦ ਹੋਵੇਗੀ। ਤੇ ਜਨਾਬ ਸੁਸਾਇਟੀ ਕੋਲ ਇਕ ਇਕ ਸੈਂਟ ਦਾ ਹਿਸਾਬ ਹੈ। ਬਾਕਾਇਦਾ ਅਕਾਊਂਟਿੰਗ ਹੈ ਅਤੇ ਸੁਸਾਇਟੀ ਆਪਣੇ ਹਮਦਰਦਾਂ, ਹਿਤੈਸ਼ੀਆਂ ਤੇ ਸਮੂਹ ਸੰਗਤਾਂ ਸਨਮੁੱਖ ਜਵਾਬ ਦੇਹ ਹੈ।**

ਕੁਨੈਲ ਦਾ ਜ਼ਿਕਰ

ਤੁਹਾਨੂੰ ਸ਼ਾਇਦ ਬੇਸਿਰ ਪੈਰ ਦੀਆਂ ਮਾਰੀ ਜਾਣ ਦੀ ਚੰਦਰੀ ਬੀਮਾਰੀ ਹੈ। ਤੁਸੀਂ ਕੁਨੈਲ ਬਾਬਤ ਲਿਖਿਆ ਹੈ ਜਿਥੇ ਮੈਂ ਨਬੰਵਰ ਦੇ ਮਹੀਨੇ ਸੰਗਤਾਂ ਦੇ ਸੱਦੇ ਤੇ ਗੁਰੂ ਨਾਨਕ ਪਾਤਸ਼ਾਹ ਦੇ ਪੁਰਬ ਤੇ ਦੀਵਾਨ ਵਿਚ ਹਾਜ਼ਰੀ ਭਰੀ ਕਿ ਉਥੋਂ 2000 ਡਾਲਰਜ਼ ਮੈਗਜ਼ੀਨ ਵਾਸਤੇ ਆਏ। ਜੀ ਨਹੀਂ ਹਜ਼ੂਰ ਕੇਵਲ 800 ਡਾਲਰਜ਼। ਮੈਨੂੰ ਜਾਪਦਾ ਹੈ ਕਿ ਤੁਹਾਡੇ ਮੁਖਬਰ ਠੀਕ ਡਾਇਰੀ ਦੇਣਾ ਨਹੀਂ ਜਾਣਦੇ। ਪਹਿਲਾਂ ਉਨ੍ਹਾਂ ਨੂੰ ਠੀਕ ਠਾਕ ਰੀਪੋਰਟਿੰਗ ਕਰਨ ਦਾ ਵੱਲ ਸਿਖਾਉ। 'ਖਾਲਸਾ ਐਡਵੋਕੇਟ ਸੁਸਾਇਟੀ' ਨੂੰ ਸੰਗਤਾਂ ਜਿੰਨਾਂ ਪਿਆਰ ਦੇਂਦੀਆਂ ਹਨ, ਸੁਸਾਇਟੀ ਲਈ ਓਹੋ ਵੱਡੀ ਕਮਾਈ ਹੈ। ਜੋ ਮਿਲੇ ਧੰਨਭਾਗ! ਇਹ ਤਾਂ ਪਿਆਰ ਦੇ ਨਜ਼ਰਾਨੇ ਹਨ ਕੋਈ ਜਜ਼ੀਆ ਨਹੀਂ! ਪਰ ਤੁਸੀਂ ਝੂਠੀਆਂ ਫ਼ਿਗਰਾਂ ਦੇ ਦੇ ਕੇ ਪੰਥਕ ਵਕਾਰ ਦਾ ਬੇੜਾ ਜ਼ਰੂਰ ਗਰਕ ਕਰ ਰਹੇ ਓ।

ਖਾਲਸਾ ਟਾਈਮਜ਼ :

ਸ੍ਰ. ਸੁਬੇਗ ਸਿੰਘ ਐਡਵੋਕੇਟ ਦਾ ਤੁਸਾਂ ਹਵਾਲਾ ਦਿਤਾ ਹੈ। ਸਰਦਾਰ ਸਾਹਿਬ ਪੁਰਾਣੇ ਪੰਥਕ ਮਹਾਂਰਥੀ ਹਨ ਤੇ ਸਿਖ ਸਟੂ: ਫੈਡਰੇਸ਼ਨ ਦੇ ਮੁਖੀ। ਮੇਰੀ, ਉਨ੍ਹਾਂ ਦੀ ਜ਼ਾਤ ਦਰਮਿਆਨ ਕਈ ਸਾਂਝਾਂ ਹਨ ਨਿਰੋਲ ਧਰਮ ਦੀਆਂ, ਪੰਥਕ ਦੀਆਂ। ਐਕਸ਼ਨ ਕਮੇਟੀ ਵਲੋਂ ਅਕਾਲੀ ਮੋਰਚੇ ਲਈ ਜਥੇ ਭੇਜੇ ਜਾਣੇ ਸਨ। ਪੰਥਕ ਮੁਹਾਜ਼ ਦੀਆਂ ਖਬਰਾਂ ਦੇਣ ਲਈ ਸੁਸਾਇਟੀ ਨੇ ਖਾਲਸਾ ਟਾਈਮਜ਼ ਨਾਮ ਦਾ ਨਿਊਜ਼ ਬੁਲਟਿਨ ਪ੍ਰਕਾਸ਼ਤ ਕੀਤਾ। ਸੁਸਾਇਟੀ ਦੇ ਮੈਂਬਰ ਹੋਣ ਦੇ ਨਾਤੇ ਤੇ ਕੁਝ ਮੇਰੀ ਨਿਮਾਣੀ ਜ਼ਾਤ ਤੇ ਤਰਸ ਖਾ ਕੇ ਉਨ੍ਹਾਂ ਜਿੰਨੀ ਕੁ ਮਦਦ ਕੀਤੀ, ਸੁਸਾਇਟੀ ਤੇ ਦਾਸ ਜ਼ਾਤੀ ਤੌਰ ਤੇ ਉਨ੍ਹਾਂ ਦੇ ਅਹਿਸਾਨਮੰਦ ਹਨ। ਤੁਸੀਂ ਗੁਰਦੁਆਰਾ ਸਾਹਿਬ ਸਰੀ ਨੂੰ ਵੀ ਲਪੇਟਣ ਦੀ ਕੋਸ਼ਿਸ਼ ਕੀਤੀ ਹੈ। ਕਿਉਂ? ਭਲਾ ਉਹ ਕਿਸ ਹੈਸੀਅਤ ਵਿਚ 'ਖਾਲਸਾ ਐਡਵੋਕੇਟ' ਦੇ ਲੈਣ ਦੇਣ ਦੇ ਜ਼ਿੰਮੇਵਾਰ ਹੋ ਸਕਦੇ ਹਨ! ਹਾਂ, ਕੌਮ ਦੇ ਪ੍ਰਚਾਰ ਲਈ ਕੁਝ ਸਹਾਇਤਾ, ਜੇ ਉਹ ਚਾਹੁਣ ਜਿਵੇਂ ਕੋਈ ਵੀ ਹੋਰ ਗੁਰਦੁਆਰਾ, ਸੁਸਾਇਟੀਆਂ ਮਰਜੀ ਨਾਲ ਕਰਨੀ ਚਾਹਵੇ ਤਾਂ ਕਰ ਸਕਦੇ ਹਨ ਪਰ ਉਹ 'ਖਾਲਸਾ ਐਡਵੋਕੇਟ' ਦੀ ਤਰਫੋਂ ਹਰਗਿਜ਼ ਹਰਗਿਜ਼ ਕਿਸੇ ਗੱਲ ਲਈ ਪਾਬੰਦ ਨਹੀਂ ਹਨ।

ਡਾਇਰੈਕਟਰਾਂ ਦਾ ਕਿੱਸਾ

ਪਤਾ ਨਹੀਂ ਤੁਹਾਡੇ ਕੋਲ ਅਲ੍ਹਾਦੀਨ ਦੇ ਚਰਾਗ ਵਾਲਾ ਕਿਹੜਾ ਜਿੰਨ ਹੈ ਜੋ ਤੁਹਾਨੂੰ ਗੈਬ ਦੀਆਂ ਖਬਰਾਂ ਦਿੰਦਾ ਹੈ ਕਿ 'ਖਾਲਸਾ ਐਡਵੋਕੇਟ' ਇਹ ਕਰ ਰਿਹਾ ਹੈ। 'ਖਾਲਸਾ ਐਡਵੋਕੇਟ' ਔਹ ਕਰ ਰਿਹਾ ਹੈ। ਕੀ ਤੁਸੀਂ ਬਰਾਹੇ ਕਰਮ ਦੱਸੋਗੇ ਲੋਅਰ ਮੇਨਲੈਂਡ ਵਿਚੋਂ ਕਿਹੜੇ ਕਿਹੜੇ ਸੱਜਣ 1000, 1000 ਡਾਲਰਜ਼ ਦੇ ਕੇ ਡਾਇਰੈਕਟਰ ਬਣੇ ਹਨ। ਘੱਟੋ ਘੱਟ ਤੁਹਾਨੂੰ ਇਤਲਾਹ ਦੇਣ ਵਾਲੇ ਮਿਹਰਬਾਨ ਕੋਲ ਇਕ ਅੱਧ ਨਾਂ ਤਾਂ ਜ਼ਰੂਰ ਹੋਵੇਗਾ। ਇਥੇ ਇਹ ਤੁਸੀਂ ਮਾਤ ਖਾ ਗਏ ਓ ਮਹੋਦੈ ਤਾਰਾ ਸਿੰਘ ਜੀ! ਸਾਰੇ ਬੀ. ਸੀ. ਵਿਚੋਂ ਇਕ ਨਾਂ ਵੀ ਸਾਬਤ ਕਰ ਸਕੋ, ਅਸੀਂ ਤੁਹਾਡੇ ਸਾਰੀ ਉਮਰ ਦੇ ਗੁਲਾਮ ਹੋਏ।

ਅਮਰੀਕਾ ਜਾਣ ਦੀ ਅਫਵਾਹ

ਖਬਰੇ ਤੁਸੀਂ ਢਾਕੇ ਦੀਆਂ ਬੰਗਾਲੇ ਤੇ ਬੰਗਾਲੇ ਦੀਆਂ ਢਾਕੇ ਮਾਰੀ ਜਾਣ ਨੂੰ ਹੀ ਪੱਤਰਕਾਰੀ ਸਮਝਦੇ ਓ। ਮੈਂ ਜਦੋਂ ਵੀ ਹਿੰਦੁਸਤਾਨ ਜਾਣਾ ਹੋਇਆ, ਅਮਰੀਕਾ, ਇੰਗਲੈਂਡ ਹੋ ਕੇ ਹੀ ਜਾਵਾਂਗਾਂ। ਦੋਸਤਾਂ ਮਿੱਤਰਾਂ ਨੂੰ ਮਿਲਕੇ ਸਿਖਇਜ਼ਮ ਬਾਬਤ ਲੈਕਚਰ ਦੇ ਕੇ ਜਿਸ ਸਬੰਧੀ ਮੇਰੇ ਕੋਲ, ਤੁਹਾਡੇ ਸਕੂਨ ਲਈ ਅਰਜ਼ ਕਰਾਂ, ਕਈ ਦਾਅਵਤ ਨਾਮੇ ਪਏ ਹੋਏ ਹਨ। ਹਾਂ, ਇਕ ਗੱਲ ਲਾਜ਼ਮੀ ਹੈ, ਮੈਂ ਜਦੋਂ ਵੀ ਜਾਣਾ ਹੋਇਆ, ਸਿਖ ਸੰਗਤਾਂ ਨੂੰ ਪ੍ਰੀਤ-ਭਿੱਜੀ ਫ਼ਤਹਿ ਬੁਲਾਕੇ, ਆਪਣੀ ਭੁੱਲ ਚੁਕ ਲਈ ਖਿਮਾ ਮੰਗ ਕੇ ਤੇ ਗੁਰੂ ਰੂਪ ਪੰਥ ਦੀਆਂ ਦੁਆਵਾਂ, ਅਸੀਸਾਂ ਦੇ ਫੁੱਲਾਂ ਨਾਲ ਝੋਲੀ ਭਰ ਕੇ ਜਾਵਾਂਗਾ। ਮੈਂ ਉਦੋਂ ਅਮਰੀਕਾ ਨਾ ਗਿਆ ਜਦੋਂ ਸ੍ਰ. ਦੀਦਾਰ ਸਿੰਘ ਬੈਂਸ ਮੈਨੂੰ ਏਡੀ ਨਿਘੀ ਦਾਅਵਤ ਦੇ ਰਹੇ ਸਨ ਤੇ ਅਮਰੀਕਾ ਦਾ ਵੀਜ਼ਾ ਵੀ ਮੇਰੇ ਕੋਲ ਸੀ। ਹੁਣ ਤਾਂ ਅਜੇ ਮੈਨੂੰ ਓਡੀ ਕਾਹਲ ਨਹੀਂ, ਕੋਈ ਇਸ਼ਤਿਆਕ ਨਹੀਂ! ਹੁਣ ਤਾਂ ਸੁਸਾਇਟੀ ਦੇ ਹੁਕਮ ਨਾਲ ਮੇਰੇ ਸਾਹਮਣੇ ਇਕ ਮੰਜ਼ਿਲ ਹੈ 'ਖਾਲਸਾ ਐਡਵੋਕੇਟ' ਨੂੰ ਕਾਮਯਾਬ ਤੇ ਜੋ ਮੰਜ਼ਿਲ, ਦਸ਼ਮੇਸ਼ ਦੀ ਰਹਿਮਤ ਦੀ ਬਦੌਲਤ, ਹੌਲੀ ਹੌਲੀ ਕਰੀਬ ਆ ਰਹੀ ਹੈ ਕਦਮ-ਬ-ਕਦਮ, ਪੜਾਅ-ਦਰ-ਪੜਾਅ!

ਚੰਨ ਚੜ੍ਹਿਆਂ ਕੁਲ ਆਲਮ ਵੇਖੇ ....

ਰੱਬ ਖੈਰ ਕਰੇ! ਮੈਨੂੰ ਤੁਹਾਡੇ ਦਿਮਾਗੀ ਤਵਾਜ਼ਨ ਤੇ ਸ਼ੱਕ ਹੋ ਰਿਹਾ ਹੈ! ਕਦੀ ਤੁਸੀਂ ਸਿੱਖ ਟਾਈਮਜ਼ ਤੇ 80000 ਡਾਲਰਜ਼ ਦੀ ਰਕਮ ਖਰਚ ਹੋਈ ਲਿਖਦੇ ਹੋ, ਬਿਨਾਂ ਤਫਸੀਲ ਜਾਂ ਸਬੂਤ ਦੇ, ਫਿਰ 6000, ਕਦੀ 2000 ਕਦੀ 1000, 1000 ਦੇ ਡਾਇਰੈਕਟਰਾਂ ਦੀਆਂ ਬੇਤੁਕੀਆਂ ਕਹਾਣੀਆਂ ਘੜ ਰਹੇ ਓ। ਤੇ ਕਦੀ 1700 ਡਾਲਰਜ਼ ਦੀ ਰਕਮ ਵਸੂਲ ਕਰਕੇ ਵੀ ਮੁਕਰ ਰਹੇ ਓ। ਖੈਰ ਇਹ ਤਾਂ ਤੁਸੀਂ ਹੁਣ ਸੰਗਤਾਂ ਨੂੰ ਦੱਸੋਗੇ ਹੀ ਕਿ ਇਸ ਊਲ ਜਲੂਲ ਦੀ ਅਸਲ ਵਜ੍ਹਾ ਕੀ ਹੈ ਪਰ ਇਕ ਮਸਤਾਨਾਪਣ ਤੁਸੀਂ ਹੋਰ ਕੀਤਾ ਹੈ।

ਤੁਸੀਂ ਲਿਖਦੇ ਓ ਕਿ ਅੱਜ ਕੱਲ੍ਹ ਮਾਬਦੌਲਤ ਅਥਵਾ ਮੇਰੀ ਸਵਾਰੀ Edmonton ਉਤਰੀ ਹੋਈ ਹੈ। ਫੌਰਨ ਬਾਅਦ ਲਿਖ ਰਹੇ ਓ ਕਿ ਪਤਾ ਨਹੀਂ ਲੱਗ ਰਿਹਾ ਉਹ ਕਿਥੇ ਹਨ! ਇਹ ਕੀ ਗੱਲ ਹੋਈ। ਕਿਧਰੇ ਸੁਖ-ਨਿਧਾਨ ਦੀ ਮੌਜ ਵਿਚ ਬਹਿਕੇ ਤਾਂ ਨਹੀਂ ਲਿਖਦੇ। ਹਾਲਾਂ ਕਿ ਸੁਖ ਨਿਧਾਨ ਅਥਵਾ ਸੁੱਖੇ ਜਾਂ ਭੰਗ ਦੀ ਏਥੇ ਕੋਈ ਸੰਭਾਵਨਾ ਨਹੀਂ। ਝੂਠੀਆਂ ਰਕਮਾਂ ਦੇ ਕਿੱਸੇ ਜੇ ਤੁਸੀਂ ਏਵੇਂ ਹੀ ਘੜਦੇ ਰਹੇ ਤਾਂ ਮੈਂ ਬੇਨਤੀ ਕਰਾਂ ਅਖਬਾਰ ਛੱਡ ਕੇ ਪਹਿਲਾਂ ਮੁਨੀਮੀ ਸਿੱਖੋ ਤਾਂ ਤੁਹਾਨੂੰ ਠੀਕ ਗਿਣਤੀ ਕਰਨੀ ਆ ਜਾਏ।

ਖੈਰ - ਇਤਮੀਨਾਨ ਰੱਖੋ ਜਥੇਦਾਰ ਹੇਅਰ, ਸਾਡੇ ਜਿਹੇ ਕੌਮੀ ਫਕੀਰ ਛੁਪਾਇਆਂ ਨਹੀਂ ਛੁਪਦੇ। ਇਹ ਤਾਂ ਸੌ ਪਰਦਿਆਂ ਵਿਚੋਂ ਵੀ ਆਪਣਾ ਜਲਵਾ ਵਿਖਾ ਜਾਂਦੇ ਹਨ। ਅਸੀਂ ਤਾਂ ਏਨੇ ਤੂਫਾਨ, ਏਨੇ ਝੱਖੜ ਝੱਲ ਕੇ ਵੀ ਪੰਜਾਬੀ ਮਾਰਕਿਟ ਦੇ ਐਨ ਦਿਲ ਵਿਚ ਸਿੱਖੀ ਦੀ ਅਲਖ ਜਗਾਈ ਬੈਠੇ ਹਾਂ। ਤੁਹਾਡੀਆਂ ਅੱਖਾਂ ਵਿਚ ਹੀ ਸ਼ਤੀਰ ਜਾਪਦਾ ਹੈ, ਜੋ ਸਚਾਈ ਦਾ ਸਾਹਮਣਾ ਨਹੀਂ ਕਰ ਸਕਦੀਆਂ। ਤੁਸੀਂ ਗੁਰਮਤਿ ਕਾਲਜ ਦੇ ਮੇਰੇ ਇਕ ਮਿਤਰ ਭਾਈ ਸਾਹਿਬ ਰਾਜਿੰਦਰ ਸਿੰਘ ਦੀ ਸ਼ਾਨ ਵਿਚ ਵੀ ਗੁਸਤਾਖੀ ਕੀਤੀ ਹੈ। ਗੁਰਮਤਿ ਕਾਲਜ ਪਟਿਆਲਾ ਜਿਹੀ ਪਵਿਤਰ ਸੰਸਥਾ ਵਿਚੋਂ ਨਿਕਲੇ ਕੌਮ ਦੇ ਖਿਦਮਤਗਾਰਾਂ ਨੂੰ ਭੰਡਣ ਤੋਂ ਪਹਿਲਾਂ ਤੁਸੀਂ ਉਸ ਮਹਾਨ ਧਰਮ-ਸੰਚਾਰ ਦੀ ਤਾਰੀਖ ਪਹਿਲਾਂ ਪੜ੍ਹ ਲਵੋ ਫਿਰ ਤੁਸੀਂ ਆਪਣਾ ਝਸ ਵੀ ਪੂਰਾ ਕਰ ਲੈਣਾ। ਮੇਰੇ ਤੋਂ ਇਲਾਵਾ ਇਕ ਸੱਜਣ ਹੋਰ ਵੀ ਕੈਲਗਿਰੀ ਵਿਚ ਹਨ ਭਾਈ ਸਾਹਿਬ ਪਸ਼ੌਰਾ ਸਿੰਘ ਜੀ! ਗੁਰੂ ਪੰਥ ਦੇ ਇਹ ਕੂਕਰ ਜੋ ਘਾਲ ਘਾਲ ਰਹੇ ਹਨ, ਤੁਹਾਡੀ ਨਹੀਂ, ਕਲਗੀਆਂ ਵਾਲੇ ਦੀ ਨਿਗਾਹੇ-ਕਰਮ ਵਿਚ ਵੀ ਉਹ ਥਾਇ ਪੈ ਰਹੀ ਹੈ।

ਸੰਗਤਾਂ ਦੀ ਕਚਹਿਰੀ ਵਿਚ

ਉਪਰੋਕਤ ਹਾਲਾਤ ਦੇ ਬਿਆਨ ਵਿਚ ਜੇ ਕਿਧਰੇ ਇਕ ਲਫਜ਼ ਦਾ ਹੇਰ ਫੇਰ ਵੀ ਹੋਵੇ ਤਾਂ ਗੁਰੂ ਇਸ ਗੁਨਾਹਗਾਰ ਨੂੰ ਦੋਹੀਂ ਜਹਾਨੀ ਢੋਈ ਨਾ ਦੇਵੇ। ਬਾਕੀ ਰਹੀ ਇਨਸਾਨੀ ਕਮਜ਼ੋਰੀਆਂ ਦੀ ਗੱਲ - ਅਜੇ ਤੱਕ ਤਾਂ ਇਜ਼ੱਤ ਪਤ ਦੇ ਰਾਖੇ ਵਾਹਿਗੁਰੂ ਨੇ ਇਖਲਾਕ ਦਾ ਮਨ ਬਿਲਕੁਲ ਬੇਦਾਗ਼ ਤੇ ਪਾਕ ਰੱਖਿਆ ਹੈ। ਉਂਜ ਵੀ ਜਥੇਦਾਰ ਹੇਅਰ ਸਾਹਿਬ, ਸ਼ੀਸ਼ੇ ਦੇ ਘਰ ਵਿਚ ਰਹਿਣ ਵਾਲੇ ਦੂਜਿਆਂ ਤੇ ਪੱਥਰ ਨਹੀਂ ਮਾਰਿਆਂ ਕਰਦੇ। ਉਸਦੇ ਦਰੇ ਨਿਆਜ਼ ਦੀ ਖਾਕ ਹਾਂ ਉਸਦੀਆਂ ਰਹਿਮਤਾਂ ਦੀ ਛਾਂ ਹੇਠ ਵਿਚਰਦੇ ਹਾਂ। ਕਿਸੇ ਗੁਣ, ਸਿਫਤ ਕਮਾਲ, ਖੂਬੀ ਜਾਂ ਜੌਹਰ ਦਾ ਮਾਸ ਗ਼ਰੂਰ ਨਹੀਂ। ਚੰਗੇ ਹਾਂ ਮੰਦੇ ਹਾਂ, ਮੋਮਨ ਹਾਂ ਕਾਫਰ ਹਾਂ, ਪਾਪੀ ਜਾਂ ਪੁੰਨੀ ਹਾਂ, ਕੋਈ ਦਾਅਵਾ ਨਹੀਂ ਕਰਦੇ, ਉਸਦੇ ਦਰ ਦੇ ਕੂਕਰ ਹਾਂ। ਹਾਂ ਇਸ ਗੱਲ ਦਾ ਨਾਜ਼ ਹੈ ਸੱਚੇ ਸ਼ਹਿਨਸ਼ਾਹ ਦੇ ਅਦਨੇ, ਨਿਮਾਣੇ ਗਰੀਬੜੇ ਸਿੱਖ ਜ਼ਰੂਰ ਹਾਂ। ਆਪਣੀ ਸਿੱਖੀ ਦਾ ਗੁਮਾਨ ਨਹੀਂ ਕਰਦੇ। ਕਿਸੇ ਦੀ ਸਿੱਖੀ ਵੱਲ ਉਂਗਲੀ ਨਹੀਂ ਕਰਦੇ। ਕਿਸੇ ਦੂਜੇ ਤੇ ਆਪਣੀ ਸਿਖੀ ਦੀ ਧੌਂਸ ਨਹੀਂ ਜਮਾਉਂਦੇ ਤੇ ਨਾ ਹੀ ਸਾਨੂੰ ਜਥੇਦਾਰ ਹੇਅਰ ਸਾਹਿਬ ਆਪਣੇ ਈਮਾਨ, ਅਕੀਦੇ ਤੇ ਸਿਖੀ ਸਿਦਕ ਬਾਰੇ ਤੁਹਾਡੇ ਕਿਸੇ ਫ਼ਤਵੇ ਦੀ ਲੋੜ ਹੈ ਜਾਂ ਪ੍ਰਵਾਹ! ਅਸੀਂ ਤਾਂ ਹਰ ਨਾਨਕ ਨਾਮ ਲੇਵਾ ਵਿਚ ਨਨਕਾਣੇ ਦੇ ਮਾਹੀ ਦਾ ਦੀਦਾਰ ਕਰਦੇ ਹਾਂ। ਹਰ ਸਿੱਖ ਵਿਚ ਕਲਗੀਆਂ ਵਾਲੇ ਦਾ ਸਰੂਪ ਵੇਖਦੇ ਹਾਂ ਤੇ ਹਰ ਇਨਸਾਨ ਵਿਚ ਉਸ ਮਾਲਕ ਦੇ ਨੂਰ ਦਾ ਜਲਵਾ ਤੱਕਦੇ ਹਾਂ।

ਦਸ਼ਮੇਸ਼ ਦੀ ਬਖਸ਼ਿਸ਼ ਤੇ ਰੱਬ ਸੱਚੇ ਦਾ ਫ਼ਜ਼ਲ ਹੀ ਸਾਡੀ ਓਟ ਆਸਰਾ ਹੈ ਤੁਹਾਡੀ ਕੋਈ ਊਜ ਜਾਂ ਇਲਜ਼ਾਮਤ੍ਰਾਸ਼ੀ ਯਕੀਨਨ ਸਾਡੇ ਲਈ ਕੋਈ ਅਰਥ ਨਹੀਂ ਰਖਦੀ। ਹਾਂ, ਇਕ ਇਲਤਿਜਾ ਜ਼ਰੂਰ ਕਰਦੇ ਹਾਂ, ਝੂਠੀਆਂ ਤੁਹਮਤਾਂ, ਬੇ-ਬੁਨਿਆਦ ਅਫ਼ਵਾਹਾਂ ਤੇ ਛੋਹਰ ਛਿੰਨਿਆਂ ਵਾਲੀਆਂ ਹਰਕਤਾਂ ਨਾਲ ਨਾ ਤੁਹਾਡੀ ਆਪਣੀ ਜ਼ਾਤ ਦਾ ਕੁਝ ਸੌਰਦਾ ਹੈ, ਨਾ ਇਹ ਸਿਖੀ ਦੀ ਹੀ ਕੋਈ ਸੇਵਾ ਹੈ ਤੇ ਨਾ ਹੀ ਇਸ ਨਾਲ ਪੰਜਾਬੀ ਪੱਤਰਕਾਰੀ ਨੂੰ ਹੀ ਚਾਰ ਚੰਨ ਲਗਦੇ ਹਨ।

ਇਸ ਕਿਸਮ ਦੇ ਲੇਖਾਂ ਨਾਲ ਤੁਸੀਂ ਕੀ ਖੱਟਣ ਦੀ ਆਸ਼ਾ ਰਖਦੇ ਹੋ, ਤੁਸੀਂ ਜਾਣੋ! ਪਰ ਜੇ ਤੁਸੀਂ 'ਖਾਲਸਾ ਐਡਵੋਕੇਟ' ਨਾਲ ਕੋਈ ਵੈਰ ਕਮਾਉਣਾ ਚਾਹੁੰਦੇ ਹੋ ਤਾਂ ਗੁਜ਼ਾਰਸ਼ ਹੈ ਕਿ ਕਾਵਾਂ ਦੇ ਆਖਿਆਂ ਢੱਗੇ ਨਹੀਂ ਮਰਦੇ ਤੇ ਜੇ ਤੁਸੀਂ ਸਿਰਫ ਤੇ ਸਿਰਫ ਇਸ ਨਿਮਾਣੀ ਜ਼ਾਤ ਨੂੰ ਆਪਣੀ

(ਬਾਕੀ ਪੰਨਾ ੨੨ ਤੇ)

ਜ਼ਰਾ ਆਪਣੀ ਪੀੜ੍ਹੀ ਹੇਠ ਸੋਟਾ ਫੇਰੋ: ਧਿਆਨ ਸਿੰਘ ਡੋਗਰੇ ਦੀ ਔਲਾਦ ਕੌਣ ...?

ਤੁਸੀਂ ਹਜ਼ੂਰੇਵਾਲਾ, ਆਪਣੇ ਆਪ ਨੂੰ 'ਘੜੰਮ ਚੌਧਰੀ' ਪੱਤਰਕਾਰ ਸਮਝਦੇ ਓ! ਸਾਡੀ ਦੁਆ ਹੈ, ਜ਼ਰੂਰ ਬਣੋ! ਪ੍ਰੌਢ ਸਿਆਣਾ ਸ਼ਿਕਾਰੀ ਉਹ ਹੁੰਦਾ ਹੈ ਜੋ ਚਾਰੇ ਕੰਨੀਆਂ ਨਾਪ ਤੋਲ ਕੇ ਸ਼ਿਕਾਰ ਤੇ ਨਿਸ਼ਾਨਾ ਕੱਸਦਾ ਹੈ ਤੇ ਜੇ ਸ਼ਿਕਾਰੀ ਖੁਦ ਸ਼ਿਕਾਰ ਦੀ ਮਾਰ ਹੇਠ ਹੀ ਆ ਜਾਏ ਤਾਂ ਦੁਰ ਫਿੱਟੇ ਮੂੰਹ ਇਹੋ ਜਿਹੇ ਸ਼ਿਕਾਰੀ ਤੇ ਉਸਦੇ ਸ਼ੌਕਿਸ਼ਿਕਾਰ ਦੇ! ਤੁਸੀਂ ਬੜਾ ਘਸਿਆ ਪਿਟਿਆ ਤੇ ਜੁਗਾਂ ਪੁਰਾਣਾ ਖੁੰਢਾ ਹਥਿਆਰ ਵਰਤ ਰਹੇ ਓ! 'ਗ਼ਦਾਰ', 'ਟਾਊਟ', 'ਝੋਲੀ ਚੁਕ' ਆਦਿ ਦੀ ਵਰਤੋਂ ਧਿਆਨ ਸਿੰਘ ਡੋਗਰਾ ਵੀ ਖੁਲ੍ਹ ਕੇ ਕੀਤਾ ਕਰਦਾ ਸੀ ਜਿਸਨੇ ਸਿਖ ਰਾਜ ਦਾ ਬੇੜਾ ਗਰਕ ਕੀਤਾ। ਉਸਦਾ ਸਭ ਤੋਂ ਵੱਡਾ ਤੇ ਕਾਰਗਰ ਹਥਿਆਰ ਹੀ ਇਹ ਸੀ ਕਿ ਰਾਜ ਦੇ ਸੱਚੇ ਹਿਤੂਆਂ, ਲਾਹੌਰ ਦਰਬਾਰ ਦੇ ਵਫਾਦਾਰਾਂ ਤੇ ਖਾਲਸਾ ਪੰਥ ਦੇ ਨਿਸ਼ਕਾਮ ਖਿਦਮਤਗਾਰਾਂ ਨੂੰ ਅੰਗਰੇਜ਼ ਦੇ ਸਾਂਝੀਦਾਰ ਦੱਸ ਕੇ ਪਰਜਾ ਵਿਚ ਬਦਨਾਮ ਕਰਨਾ ਤੇ ਵਾਰੀ ਵਾਰੀ ਬਾਜਵੇ, ਅਟਾਰੀਵਾਲੇ, ਮਜੀਠੀਏ ਤੇ ਸੰਧਾਵਾਲੀਏ ਸਰਦਾਰਾਂ ਨੂੰ ਗਦਾਰੀ ਦੇ ਫਤਵੇ ਸਾਦਰ ਕਰਕੇ ਰਾਹ ਵਿਚੋਂ ਪਾਸੇ ਹਟਾਉਣਾ ਤਾਂ ਜੁ ਉਹ ਸ਼ੇਰੇ ਪੰਜਾਬ ਦੇ ਪੁੱਤਰ ਪੋਤਰਿਆਂ ਤੇ ਨਮਕਹਲਾਲ ਸਰਦਾਰਾਂ ਦਾ ਖਾਤਮਾਂ ਕਰਕੇ ਆਪਣੇ ਪੁੱਤਰ ਰਾਜਾ ਹੀਰਾ ਸਿੰਘ ਨੂੰ ਪੰਜਾਬ ਦੇ ਤਖਤ ਤੇ ਬਿਠਾ ਸਕੇ। ਰਾਜਾ ਧਿਆਨ ਸਿੰਘ ਡੋਗਰਾ ਤੇ ਉਸਦੀ ਜੁੰਡੀ ਦੇ ਯਾਰ ਅੱਜ ਕੱਲ੍ਹ ਦੇ ਨਕਲੀ ਨਿਰੰਕਾਰੀਆਂ ਵਾਂਗੂੰ ਨਕਲੀ ਦਾੜ੍ਹੀਆਂ ਰਖਕੇ ਸਿਖੀ ਜਜ਼ਬਿਆਂ ਦੀ ਹੋਲੀ ਖੇਡਣ ਵਿਚ ਮਾਹਰ ਸਨ। ... ਸੁਖ ਨਾਲ ਤੁਸੀਂ ਵੀ ਅੱਜ ਕੱਲ੍ਹ ਓਸੇ ਰਾਹ ਪੈ ਰਹੇ ਓ। ... ਅਖੇ ਸ਼ਕਲ ਮੋਮਨਾਂ ਕਰਤੂਤ ਕਾਫ਼ਰਾਂ .... ।

ਤੁਹਾਡੇ ਈਮਾਨ ਦਾ ਕਿੱਸਾ .... ਪਤਾ ਨਹੀਂ ਕਿਥੋਂ ਸ਼ੁਰੂ ਹੁੰਦਾ ਹੈ ਤੇ ਕਿੱਥੇ ਖਤਮ। ਕਦੀ ਤੁਸੀਂ ਕਾਰਲ ਮਾਰਕਸ ਨੂੰ ਆਪਣਾ ਖਸਮ ਮੰਨਦੇ ਸਾਓ, ਹੁਣ ਤੁਹਾਨੂੰ ਉਸ ਮਹਾਨ ਚਿੰਤਕ ਦੀ ਤਸਵੀਰ ਬੁਰੀ ਲਗਦੀ ਹੈ। ਸਿੱਖੀ ਤੇ ਸਿਖ ਪਤਵੰਤਿਆਂ ਦਾ ਗੱਲ ਗੱਲ ਤੇ ਮੌਜੂ ਉਡਾਉਣਾ ਤੁਹਾਡੀ 'ਪੱਤਰਕਾਰੀ' ਦਾ ਅਦਭੁਤ ਚਮਤਕਾਰ ਹੈ।

ਜਿੱਥੇ ਵੇਖਾਂ ਤਵਾ ਪਰਾਤ
ਉਥੇ ਕੱਟਾਂ ਸਾਰੀ ਰਾਤ

.. ਸਾਡਾ ਨੇਕ ਨੀਯਤ ਮਸ਼ਵਰਾ ਹੈ, ਤੁਸੀਂ ਆਪਣੇ ਆਪ ਨੂੰ ਸ਼੍ਰੋਮਣੀ ਪੱਤਰਕਾਰ ਮੰਨਦੇ ਹੋ ਤਾਂ ਅਖਬਾਰ ਨਵੀਸੀ ਵਿਚ ਚੰਗੀਆਂ ਪਿਰਤਾਂ ਪਾਉ - ਕੋਈ ਸਿਧਾਂਤਕ ਬਹਿਸ ਛੇੜੋ ਤੁਹਾਨੂੰ ਵੀ ਮਜ਼ਾ ਆਵੇ, ਪਾਠਕ ਵੀ ਦੁਤਫ ਉਠਾਉਣ ਤੇ ਕੌਮ ਦੀ ਸੇਵਾ ਵੀ ਹੋ ਸਕੇ! ਤੇ ਜੇ ਤੁਸੀਂ ਆਦਤ ਤੋਂ ਮਜ਼ਬੂਰ ਗਾਲ੍ਹਾਂ ਕੱਢਣ ਤੇ ਬੇਹੂਦਾ ਇਲਜ਼ਾਮ ਤ੍ਰਾਸ਼ੀਆਂ ਵਿਚ ਹੀ ਖੱਚਤ ਰਹੇ ਤਾਂ 'ਈਸ ਬਗੋਲ ਕੁਝ ਨਾ ਫੋਲ ਵਾਲੀ ਗੱਲ ਹੀ ਹੋਵੇਗੀ'। ਹਾਂ ਅਸੀਂ ਤੁਹਾਨੂੰ ਏਨਾ ਯਕੀਨ ਦੁਆਂਦੇ ਹਾਂ ਕਿ ਤੁਹਾਡੇ ਹਰ ਸੁਆਲ ਦਾ ਢੁਕਵਾਂ ਜੁਆਬ ਜ਼ਰੂਰ ਮਿਲੇਗਾ:

ਬੈਠੇ ਹੈ ਮੁਕਾਬਿਲ ਮੇਂ ਹਮ ਤੀਰੇ ਨਜ਼ਰ ਠਾਨੇ ..

ਇਕ ਮੁਲਾਕਾਤ

ਉਚ ਕੋਟੀ ਦਾ ਗਾਇਕ ਜਗਜੀਤ ਸਿੰਘ ਜ਼ੀਰਵੀ

—ਮਨਜੀਤ ਸਿੰਘ ਰੱਤੂ

ਪੰਜਾਂ ਪਾਣੀਆਂ ਦੀ ਧਰਤੀ ਨੇ ਕਿਹੋ ਜਿਹੇ ਪੁਰਸ਼ ਪੇਸ਼ ਕੀਤੇ ਹਨ। ਇਕ ਵੇਲਾ ਸੀ ਜਦੋਂ ਪੰਜਾਬੀ ਪੰਜਾਬੀ ਗਾਇਕ ਵਾਰਿਸ ਦੀ ਹੀਰ ਨੂੰ ਕੰਨ ਤੇ ਹੱਥ ਰੱਖ ਕੇ ਗਾਉਂਦਾ ਹੈ ਤਾਂ ਪੰਜਾਬੀ ਦਾ ਸੀਨਾ ਗਰਮ ਹੋ ਜਾਂਦਾ ਹੈ।

ਪੱਛਮੀ ਪੰਜਾਬ ਦੇ ਪ੍ਰਸਿਧ ਗਾਇਕ ਮਹਿੰਦੀ ਹਸਨ ਜਾਂ ਗੁਲਾਮ ਅਲੀ ਆਲਮ ਲੁਹਾਰ ਦੇ ਨਾਂ ਆਉਂਦੇ ਨੇ-- ਪੰਜਾਬੀ ਵਿਚ ਇਸੇ ਵੇਲੇ ਉਚ ਕੋਟੀ ਦਾ ਗਾਇਕ ਕਲਾਕਾਰ ਜਗਜੀਤ ਸਿੰਘ ਜ਼ੀਰਵੀ ਹੈ। ਨਿਰਸੰਦੇਹ ਪੰਜਾਬੀਆਂ ਨੂੰ ਉਸ ਤੇ ਮਾਣ ਹੈ। ਜਿਥੇ ਉਸ ਨੇ ਚੰਚਲ ਨੂੰ ਪੰਜਾਬੀ ਵਿਚ ਗਾਇਆ ਉਥੇ ਉਸ ਨੇ ਪੰਜਾਬੀ ਹੋਣ ਦੇ ਨਾਤੇ ਉਰਦੂ ਵਿਚ ਵੀ ਗਜ਼ਲਾਂ ਦਾ ਵਧੇਰੇ ਆਨੰਦ ਮਾਣਿਆ।

ਦੁਨੀਆਂ ਵਿਚ ਗਜ਼ਲ ਦੇ ਦੋ ਨਾਂ ਆਉਂਦੇ ਹਨ। ਗੁਲਾਮ ਅਲੀ ਤੇ ਮਹਿੰਦੀ ਹਸਨ ਤੇ ਪੰਜਾਬੀ ਵਿਚ ਜਗਜੀਤ ਸਿੰਘ ਜੀਰਵੀ ਤੋਂ ਬਿਨਾਂ ਕਿਸੇ ਨੇ ਵੀ ਵੱਧ ਗਜ਼ਲਾਂ ਨਹੀਂ ਗਾਈਆਂ। ਉਹ ਅੱਜ ਦੇ ਗੀਤਾਕਾਰਾਂ ਤੇ ਗਾਇਕਾਂ ਨਾਲੋਂ ਨਿਵੇਕਲੀ ਸ਼ਾਨ ਨਾਲ ਗਾਉਂਦਾ ਹੈ। ਉਹ ਦੁਨੀਆਂ ਦੇ ਕੋਨੇ-ਕੋਨੇ ਵਿਚ ਘੁੰਮ ਆਇਆ ਹੈ। ਜਲੰਧਰ, ਕਲਕੱਤਾ, ਪਟਿਆਲਾ, ਨਿਊਯਾਰਕ, ਬੰਬਈ, ਬਰਮਿੰਘਮ, ਲੰਡਨ, ਟਰਾਂਟੋ, ਸਕਾਟਲੈਂਡ ਆਦਿ। ਪ੍ਰਸਿਧ ਸ਼ਹਿਰਾਂ ਵਿਚੋਂ ਉਸ ਨੂੰ ਕਾਫੀ ਮਾਣ ਪ੍ਰਾਪਤ ਹੋਇਆ ਹੈ।

ਇਕ ਮੁਲਾਕਾਤ ਦੌਰਾਨ ਜ਼ੀਰਵੀ ਨੇ ਦਸਿਆ ਕਿ ਮੈਂ ਗਾਉਂਦਾ ਹਾਂ ਤਾਂ ਸਿਰਫ ਸ਼ੌਕ ਲਈ, ਮੈਨੂੰ ਬਚਪਨ ਤੋਂ ਗਾਉਣ ਦਾ ਸ਼ੌਕ ਸੀ ਜਦੋਂ ਮੈਂ ਲਤਾ ਦੀ ਅਵਾਜ਼ ਨੂੰ ਬੜੇ ਗ੍ਹਹ ਨਾਲ ਸੁਣਿਆ ਕਰਦਾ ਸੀ। ਉਸ ਵਕਤ ਤੋਂ ਮੇਰੇ ਮਨ 'ਚ ਖਿਆਲ ਆਇਆ ਕਿ ਕਿਹੜਾ ਅਜਿਹਾ ਗਾਉਣ ਵਿਚ ਜਾਦੂ ਹੈ। ਤੇ ਉਸ ਵੇਲੇ ਤੋਂ ਬਾਅਦ ਮੈਨੂੰ "ਰਾਮਾ ਡਰਾਮਾਟਿਕ ਕਲੱਬ" ਜੀਰੇ ਵਾਲਿਆਂ ਨੇ ਕਈ ਵਾਰ ਸਟੇਜ ਤੇ ਗਾਉਣ ਦੇ ਮੌਕੇ ਦਿਤੇ।

1963 ਵਿਚ ਮੈਨੂੰ ਅਕਾਸ਼ਬਾਣੀ ਜਲੰਧਰ ਤੋਂ ਗਾਉਣ ਦੀ ਆਗਿਆ ਮਿਲ ਗਈ 1970-71 ਵਿਚ ਟੀ. ਵੀ. ਤੇ ਹੁਣ ਪੂਰੇ 18 ਵਰ੍ਹੇ ਹੋ ਗਏ ਨੇ ਲਗਾਤਾਰ ਰਡੀਓ, ਟੈਲੀਵੀਯਨ ਤੇ ਗਾ ਰਿਹਾ ਹਾਂ।

1967 ਵਿਚ ਹਿਜ਼ ਸਾਸਟਰ ਵਾਇਸ ਵਲੋਂ ਮੇਰਾ ਪਹਿਲਾ ਰਿਕਾਰਡ ਬਣਿਆਂ ਉਹਦੇ ਬੋਲ ਸਨ :

ਘੁੰਡ ਕੱਢ ਲੈ ਪਤਲੀਏ ਨਾਰੇ
—ਇਕ ਵਾਰੀ ਕਹਿ ਦੇ ਟੁੱਟ ਗਈ
—ਕਾਹਨੂੰ ਜਾਨ ਨੀ ਦੁੱਖਾਂ ਵਿਚ ਪਾਈ।
—ਮੈਂ ਵੀ ਛੱਡ ਤੇ ਗਲੀ ਦੇ ਗੇੜੇ।

ਇਹਨਾਂ ਤੋਂ ਇਲਾਵਾ ਬੁੱਲੇ ਸ਼ਾਹ ਦੀਆਂ ਕਾਫੀਆਂ ਨੂੰ ਰਿਕਾਰਡਾਂ ਵਿਚ ਬਦਲਿਆ।

1973 ਵਿਚ ਮੈਂ ਕੈਨੇਡਾ ਗਿਆ, ਫਿਰ ਲੰਡਨ ਤੇ ਹੋਰ ਯੂਰਪੀਨ ਦੇਸ਼ ਵਿਚ ਗਿਆ ਉਥੇ ਮੈਂ ਸ਼ਿਵ ਕੁਮਾਰ ਬਟਾਲਵੀ, ਗੁਲਾਮ ਫਰੀਦ, ਬੁਲ੍ਹੇ ਸ਼ਾਹ ਹਾਸਮ ਨੂੰ ਗਾਇਆ। ਲੰਡਨ ਦੀਆਂ ਪ੍ਰਸਿਧ ਅਖਬਾਰਾਂ ਵਿਚ ਇਹਨਾਂ ਗੀਤਾਂ ਬਾਰੇ ਕਾਫੀ ਚਰਚਾ ਰਹੀ।

ਜ਼ੀਰਵੀ ਦਾ ਜਨਮ 1950 ਵਿਚ ਇਕ ਪੰਜਾਬੀ ਪਰਵਾਰ ਵਿਚ ਹੋਇਆ। ਮੈਟ੍ਰਿਕ ਤੱਕ ਵਿਦਿਆ ਪ੍ਰਾਪਤ ਕੀਤੀ ਪੰਜਾਬੀ ਤੋਂ ਬਿਨਾਂ 7 ਸਾਲ ਘੋਰ ਤਪਸਿਆ ਤੇ ਬਾਅਦ ਉਰਦੂ ਵੀ ਜ਼ੀਰਵੀ ਨੇ ਸਿੱਖ ਲਿਆ। 1980 ਵਿਚ ਇਨਰੀਕੋ ਕੰਪਨੀ ਵਲੋਂ ਜ਼ੀਰਵੀ ਸਾਹਿਬ ਦਾ ਪਹਿਲਾਂ ਉਰਦੂ ਵਿਚ ਰਿਕਾਰਡ ਰਲੀਜ਼ ਕੀਤਾ ਗਿਆ। ਇਹ ਪਹਿਲਾਂ ਉਚ ਕੋਟੀ ਦਾ ਗਾਇਕ ਹੈ। ਜਿਸ ਨੇ ਪੰਜਾਬੀ ਹੁੰਦੇ ਹੋਏ ਵੀ ਉਰਦੂ ਵਿਚ ਵਧੇਰੇ ਗਾਇਆ।

ਲਤਾ ਬਾਰੇ ਮੈਂ ਗੱਲਬਾਤ ਕੀਤੀ ਤਾਂ ਜ਼ੀਰਵੀ ਹੁਣਾਂ ਦੱਸਿਆ ਰੱਤੂ ਜੀ, ਮੈਂ ਬਚਪਨ ਤੋਂ ਲਤਾ ਜੀ ਦੀ ਅਵਾਜ਼ ਸੁਣ ਰਿਹਾ ਹਾਂ, ਲਤਾ ਨੇ ਅੱਜ ਤੀਕ ਜਿੰਨੇ ਵੀ ਗੀਤ ਗਾਏ ਨੇ ਮੇਰੀ ਖਾਹਿਸ਼ ਸੀ ਕਿ ਮੈਂ ਜ਼ਿੰਦਗੀ ਵਿਚ ਕਿਤੇ ਲਤਾ ਜੀ ਨੂੰ ਮਿਲਾਂ। 1976 ਵਿਚ ਜਦੋਂ ਮੈਂ ਕਨੇਡਾ ਵਿਖੇ ਗਿਆ ਤਾਂ ਉਥੇ ਮੈਨੂੰ ਲਤਾ ਜੀ ਨੇ ਗੁਰਦਰਸ਼ਣ ਦਿਤੀ ਤੇ ਅਸ਼ੀਰਵਾਦ ਦਿਤਾ।

ਮੈਂ ਤੇ ਸੁਰਿੰਦਰ ਜੀ ਜਦੋਂ ਕਨੇਡਾ ਗਏ ਤਾਂ ਸਾਡੇ ਗਾਏ ਗੀਤ ਉਥੇ ਵਧੇਰੇ ਪੰਜਾਬੀਆਂ ਨੇ ਪਸੰਦ ਕੀਤੇ। ਇਹਨਾਂ ਤੋਂ ਬਿਨਾਂ ਮੈਂ ਨੀਲਮ ਸਾਹਨੀ ਤੇ ਹੋਰ ਪ੍ਰਸਿੱਧ ਗਾਇਕਾਂ ਨਾਲ ਗੀਤ ਰਿਕਾਰਡ ਕਰਵਾਏ ਨੇ।

ਭਾਵੇਂ ਜ਼ੀਰਵੀ ਦੇ ਰਿਕਾਰਡ ਘੱਟ ਵਿਕੇ ਹਨ ਜਾਂ ਉਸ ਨੇ ਲਚਰ ਗੀਤ ਨਹੀਂ ਗਾਏ। ਪਰ ਇਹ ਵੀ ਕਿਸੇ ਦਿਨ ਨੂੰ ਗਜ਼ਲਾਂ ਤੇ ਗੀਤਾਂ ਦੀ ਦੁਨੀਆਂ ਵਿਚ ਗੁਲਾਮ ਅਲੀ ਤੋਂ ਪਿਛੇ ਨਹੀਂ ਰਹੇਗਾ।


ਇਸ ਨਾਲ ਲਕਾਖ ਜਿਵੇਂ ਜ਼ੀਰਵੀ ਨੂੰ ਵਧੀਆ ਗਾਉਣ ਦਾ ਗੋਲਡ ਮੈਡਲ ਵੀ ਮਿਲਿਆ। ਅਨੇਕਾਂ ਯੂਨੀਵਰਸਿਟੀਆਂ ਦੇ ਕਾਲਜਾਂ ਵਿਚੋਂ ਇਨਾਮ ਪ੍ਰਾਪਤ ਕੀਤੇ। ਜਿਥੇ ਉਸ ਨੂੰ ਕੁਦਰਤ ਨੇ ਗਾਉਣ ਦਾ ਮਾਣ ਬਖਸ਼ਿਆ ਹੈ ਉਥੇ ਜ਼ੀਰਵੀ ਨੇ ਆਪਣੇ ਅਜੀਜ਼ ਦੋਸਤ ਸ਼ਿਵ ਕੁਮਾਰ ਬਟਾਲਵੀ ਨੂੰ ਵੀ ਵਧੇਰੇ ਗਾਇਆ ਹੈ।

ਉਸ ਦੇ ਬੋਲ ਨੇ ਗਾਉਣ ਤਾਂ ਇਕ ਸਾਧਨਾ ਹੈ। ਇਹ ਤਾਂ ਉਹੀ ਉਚ ਕੋਟੀ ਦਾ ਗਾਇਕ ਪੈਦਾ ਕਰ ਸਕਦਾ ਹੈ। ਜਿਸ ਨੂੰ ਪੈਸੇ ਦਾ ਲਾਲਚ ਨਾ ਹੋਵੇ ਹਾਂ ਸੱਚ ਮੁਚ ਗਾਉਣ ਤਾਂ ਇਕ ਰੱਬ ਦੀ ਭਗਤੀ ਹੈ।

ਅਵਲੋਕਨ

ਕੰਚਨੀ (ਕਾਵਿ ਸੰਗ੍ਰਹਿ)

ਗੁਰਚਰਨ ਰਾਮਪੁਰੀ (ਕੈਨੇਡਾ)



ਵਿਦੇਸ਼ੀ ਵਸਦੇ ਕਵੀਆਂ ਵਿਚੋਂ ਗੁਰਚਰਨ ਰਾਮਪੁਰੀ ਇਕ ਵਿਸ਼ੇਸ਼ ਤੇ ਵੱਖਰੀ ਪ੍ਰਤਿਭਾ ਦਾ ਸੁਆਮੀ ਹੈ ਜਿਸ ਨੇ ਭਾਰਤ ਰਹਿੰਦਿਆਂ 'ਕਣਕਾਂ ਦੀ ਖੁਸ਼ਬੋ' ਦੇ ਗੀਤ ਗਾਏ, ਗਜ਼ਲਾਂ ਰਾਹੀਂ ਜ਼ਿੰਦਗੀ ਨਾਲ 'ਕੌਲ ਕਰਾਰ' ਕੀਤੇ, ਕੌਮਾਂਤਰੀ ਸਮਸਿਆ ਦੇ ਸਨਮੁਖ 'ਕਿਰਨਾ ਦਾ ਆਲ੍ਹਣਾ' ਪਾਇਆ ਅਤੇ ਵਿਦੇਸ਼ ਪਹੁੰਚ 'ਅੰਨ੍ਹੀ ਗਲੀ' ਦਾ ਸਫ਼ਰ ਕੀਤਾ। ਇਸ ਤਰ੍ਹਾਂ ਇਹ ਯਾਤਰਾ ਸੱਚ ਦੇ ਸੁਪਨਿਆਂ ਨੂੰ ਉਲੀਕਦੀ ਵਰਤਮਾਨ ਦੇ ਦੰਭ ਦੇ ਕੱਚ ਤੇ ਤੁਰਦੀ, ਇਕ ਸੁਹਿਰਦ ਤੇ ਈਮਾਨ-ਭਰਪੂਰ ਕਾਵਿ-ਯਾਤਰਾ ਹੈ ਜੋ ਸਮੁੱਚੇ ਰੂਪ ਵਿਚ 'ਕੰਚਨੀ' ਵਿਚ ਮੂਰਤੀਮਾਨ ਹੈ। ਇਹ ਕਾਵਿ—ਯਾਤਰਾ ਨਿਰੰਤਰ ਤੋਰ ਵਾਲੀ ਹੈ ਜਿਸ ਵਿਚ ਠਹਿਰਾਅ ਜਾਂ ਖੜੋਤ ਲਈ ਕੋਈ ਥਾਂ ਨਹੀਂ ਤੇ ਨਾ ਆਪ ਨੂੰ ਦੁਹਰਾਓ ਵਾਲੀ ਸਮੱਸਿਆ ਹੈ।

ਰਾਮਪੁਰੀ ਨੇ ਮੁੱਹਬਤ, ਧਰਮ, ਕੌਮ, ਨਸਲੀ ਵਿਖੇਵੇਂ, ਰਾਜਨੀਤਕ ਤਿਕੜਮਬਾਜੀ, ਸਮੇ ਸਮੇਂ ਉਭਰਦੇ ਕੌਮੀ ਤੇ ਕੌਮਾਂਤਰੀ ਮਸਲਿਆਂ ਤੇ ਆਗੂਆਂ ਦੇ ਚਲਣ —ਗੱਲ ਕੀ ਜ਼ਿੰਦਗੀ ਦੇ ਹਰ ਪਹਿਲੂ ਨੂੰ ਕਵਿਤਾ ਦਾ ਵਿਸ਼ਾ ਬਣਾ ਕੇ, ਕਵਿਤਾ ਨੂੰ ਸੂਖਮ, ਗੰਭੀਰ ਤੇ ਚਿੰਤਨ ਵਿਚ ਢਾਲ ਕੇ ਪੇਸ਼ ਕੀਤਾ ਹੈ। ਉਸਦੀ ਕਲਮ ਸਾਧਨਾ ਦੀ ਉਮਰ ਤਿੰਨ ਦਹਾਕੇ ਤੋਂ ਉਪਰ ਹੈ ਪਰ ਇਸ ਦੌਰਾਨ ਕੇਵਲ ਪੰਜ ਕਾਵਿ-ਸੰਗ੍ਰਹਿ ਪੇਸ਼ ਕਰਨ ਦਾ ਸੰਕੋਚ ਉਸ ਦੇ ਠਰੰਮੇ ਦਾ ਸੂਚਕ ਹੈ ਤੇ ਇਸ ਗੱਲ ਦਾ ਸਾਖੀ ਹੈ ਕਿ ਉਹ ਸੱਚ ਤੇ ਸ਼ੰਕੇ ਵਿਚਲੀ ਪਤਲੀ ਲਕੀਰ ਨੂੰ ਸਮਝਣ ਵਿਚ ਕਾਵਿ ਦੀ ਨਵਿਰਤੀ ਢੂੰਡਦਾ ਆ ਰਿਹਾ ਹੈ। ਉਸ ਦੇ ਕੁਝ ਕਾਵਿ-ਟੋਟੇ ਇਸ ਸੱਚ ਦੀ ਸਾਖੀ ਭਰਦੇ ਹਨ :

ਕੱਲ੍ਹ ਜੋ ਆਖੇ
ਕਿ ਗੱਦੀ ਹੈ ਚਿੰਨ੍ਹ ਜਬਰ ਦਾ
ਅੱਜ ਗੱਦੀ ਨੂੰ ਪਾਕ, ਪਵਿੱਤਰ ਦੱਸੀ ਜਾਏ,
ਸੱਚ ਕੱਲ੍ਹ ਵੀ ਲਟਕ ਰਿਹਾ ਸੀ
ਅੱਜ ਵੀ ਲਟਕੇ।

ਯੁੱਗਾਂ ਤੋਂ ਸੁਣਦੇ ਰਹੇ
'ਪਰਤੱਖ ਨੂੰ ਪਰਮਾਣ ਕੀ'
ਪਰ
ਸੱਚ ਸਾਰੇ ਸ਼ੱਕ ਦੇ ਹੀ ਆਸਰੇ ਨੇ ਉਘੱੜੇ।

ਚੰਨ ਤੇ ਧਰਤੀ ਦੀ ਵਿੱਥ ਨੂੰ ਤਾਂ ਉਲੰਘ ਬੈਠਾ ਮਨੁੱਖ
ਲੀਕ ਦੇਸ਼ਾਂ ਦੀ ਅਜੇ ਨਾ ਟੱਪਿਆ।
ਨੂਰ ਚੰਨ ਦਾ ਨਿਰਤਕੀ ਦੀ ਮੁਸਕਰਾਹਟ
ਰਾਜਨੀਤੀ, ਧਰਮ ਤੇ ਤਹਿਜ਼ੀਬ ਸਾਡੇ ਯੁੱਗ ਦੀ
ਕੰਚਨੀ ਜਿਉਂ ਮੁਸਕਰਾਏ ;
ਵਿਕਣ ਵਾਲੀ ਸ਼ੈਅ 'ਚ ਕਿਥੇ ਹੈ ਵਫ਼ਾ ?

ਕੀ ਗੁਆਇਆ ਤੇ
ਕੀ ਪਾਇਆ ਮੈਂ ਤੇਰੇ ਤੋਂ,
ਮਨ ਸੋਚਾਂ ਦੀ ਤਾਣੀਂ
ਦੇ ਵਿਚ ਰੁਝਦਾ ਹੈ।

ਸੂਰਜ ਨੂੰ ਮੁੜ ਉਸ ਦਾ
ਚਾਨਣ ਲੱਭ ਜਾਂਦਾ।
ਤੇਰਾ ਮੁੱਖ ਗੁਆਚਾ
ਮੁੜ ਨਾ ਸੁਝਦਾ ਹੈ।

ਅੱਜ ਸੈਨਾ ਵਿਚ ਹਲਚਲ ਹੈ ਬੜੀ
ਹਰ ਕੁਈ ਸੈਨਾਪਤੀ
ਪਰ ਕੁਈ ਸੈਨਕ ਨਹੀਂ।

ਹਰ ਪਰਮ-ਮਾਨੁੱਖ ਬਾਗ਼ੀ ਸੀ ਪੁਰਾਣੇ ਦੀਨ ਦਾ
ਸਦਾ ਉਹਨੂੰ ਧਰਮੀਆਂ ਕਾਫ਼ਿਰ ਕਿਹਾ।

ਰਾਹੀ ਨੇ ਤਾਂ ਲੁਟਿਆ ਜਾਣੈਂ
ਏਸ ਇਲਾਕੇ ਹਰ ਡੰਡੀ 'ਤੇ ਚੋਰ ਖੜ੍ਹੇ ਹਨ।

ਬੰਦਾ ਸਿਰਜੇ ਧਰਮ, ਸਿਆਸਤ, ਰੱਬ, ਫ਼ਲਸਫਾ
ਪਰ ਇਹ ਘੋੜੇ ਅੱਜ ਉਸਦੀ ਪਿੱਠ ਉਤੇ ਕਾਠੀ ਪਾਈ
ਉਸਨੂੰ ਚਾਬਕ ਮਾਰ ਰਹੇ ਨੇ।

ਪੰਛੀ ਨੂੰ ਪਿੰਜਰੇ ਦੀ ਰੱਖਿਆ ਕਾਹਤੋਂ ਬਖਸ਼ੇਂ ?

ਕੋਈ ਸ੍ਵਾਂਗੀ ਜਾਂ ਪੋਪ
ਮੋਢੇ ਚੁੱਕ ਸਲੀਬ
ਨਹੀਂ ਬਣ ਜਾਂਦਾ ਈਸਾ।

ਉਪਰੋਕਤ ਕਾਵਿ-ਟੋਟੇ ਇਸੇ ਸੱਚ ਅਤੇ ਸ਼ੱਕ ਵਿਚਲੀ ਲਕੀਰ ਨੂੰ ਮੇਟਣ ਦਾ ਯਤਨ ਹਨ। 'ਚਿਕੜ' 'ਛਾਂਟਾ' 'ਲਹੂ ਦੀ ਸਾਂਝ' 'ਰੰਗ ਦੇ ਸੰਗਲ' 'ਪਰਦੇਸੀ' ਆਦਿ ਨਸਲੀ ਵਿਤਕਰੇ ਸਬੰਧੀ ਉਸਦੀਆਂ ਬਿਹਤਰੀਨ ਨਜ਼ਮਾਂ ਹਨ। ਵਿਦੇਸ਼ੀ ਵਸਦੇ ਸੂਖਮ-ਭਾਵੀ ਲੋਕਾਂ ਲਈ ਨਸਲਵਾਦ ਸੰਗੀਨ ਵਾਂਗ ਖੁਭਦਾ ਹੈ ਪਰ ਇਥੇ ਵੀ ਰਾਮਪੁਰੀ ਵਿਚਲਾ ਠਰੰਮੇ ਵਾਲਾ ਕਵੀ ਵਿਅੰਗ ਦੀ ਭਰਪੂਰ ਵਰਤੋਂ ਕਰਦਾ ਹੈ ਜਿਸਦਾ ਵਾਰ ਸੰਗੀਨ ਨਾਲੋਂ ਵੀ ਤੇਜ਼ ਹੈ। ਇਹੀ ਵਿਅੰਗ ਰਾਮਪੁਰੀ ਦੀ ਵਿਸ਼ੇਸ਼ ਕਾਵਿਕ ਵਿਧੀ ਹੈ ਜੋ ਉਸ ਨੂੰ ਅਜੋਕੇ ਠਰਕੀ ਤੇ ਬੰਦ ਕਮਰੇ ਦੀ ਕਵਿਤਾ ਲਿਖਣ ਵਾਲਿਆਂ ਨਾਲੋਂ ਵਖਰਿਆਉਂਦੀ ਹੈ ਤੇ ਉਸਦੇ ਚਿੰਤਨ ਦੀ ਪ੍ਰਮਾਣੀਕਤਾ ਨੂੰ ਸਿਧ ਕਰਦੀ ਹੈ। ਵਿਅੰਗਾਤਮਕ ਦੇ ਨਾਲ ਸੰਗੀਤਕ ਲੈਅ ਵਿਚ ਰਾਮਪੁਰੀ ਦਾ ਇਹ ਚਿੰਤਨ ਪੰਜਾਬੀ ਕਵਿਤਾ ਦੀ ਗੌਰਵਮਈ ਪ੍ਰਾਪਤੀ ਹੈ। ਇਸੇ ਲਈ ਰਾਮਪੁਰੀ ਕਹਿੰਦਾ ਹੈ :

ਮੇਰੇ ਰਾਹਾਂ ਦੇ ਨ੍ਹੇਰੇ ਮੋੜ ਕਿਸ ਨੇ ਜਗਮਗਾਏ ਨੇ ?
ਕਿਵੇਂ ਇਨਕਾਰ ਅੱਜ ਇਕਰਾਰ ਬਣ ਰਾਹਾਂ 'ਚ ਆਏ ਨੇ

ਮਿਰੇ ਗੀਤਾਂ 'ਚ ਹੰਝੂਆਂ ਦਾ ਵਾਹਣ ਧੜਕਣ ਦਾ ਤਾਲ ਆਇਆ
ਸਵੇਰਾਂ ਮਘਦੀਆਂ ਦੇ ਰਾਂਗਲੇ ਸੁਪਨੇ ਬਣਾਏ ਨੇ।

—ਦਰਸ਼ਨ ਗਿੱਲ

ਰਸਤਾ ਰੋਕੋ ਦੇ ਐਲਾਨ ਪਿਛੋਂ ਅਕਾਲੀ ਦਲ ਵਿਚ ਮਤਭੇਦ ਵਧੇ —ਬਾਦਲ ਸਮਝੋਤੇ ਦੇ ਰੌਂ ਵਿਚ

ਜਲੰਧਰ—ਅਕਾਲੀ ਦਲ ਦੇ ਸੱਤ ਵਿਧਾਇਕ ਇੰਦਰਾਂ ਕਾਂਗਰਸ ਨਾਲ ਅੰਦਰ ਖਾਤੇ ਸਬੰਧ ਰਖ ਰਹੇ ਹਨ। ਅਤੇ ਇਸਦਾ ਪੰਜਾਬ ਦੀ ਰਾਜਨੀਤਕ ਸਥਿਤੀ ਤੇ ਵੀ ਅਸਰ ਪੈ ਸਕਦਾ ਹੈ। ਇਹ ਸੱਤ ਅਕਾਲੀ ਵਿਧਾਇਕ ਹਨ ਰਵੀ ਇੰਦਰ ਸਿੰਘ, ਪਰਕਾਸ਼ ਸਿੰਘ ਮਜੀਠਾ, ਜੀਵਨ ਸਿੰਘ ਉਮਰਾਨੰਗਲ, ਸੰਤ ਸਿੰਘ ਧੂਰੀ, ਉਜਾਗਰ ਸਿੰਘ ਸੇਖਮਾਂ, ਨੱਥਾ ਸਿੰਘ ਦਾਲਮ ਅਤੇ ਹਰਚੰਦ ਸਿੰਘ ਫਤਣਵਾਲਾ। ਦਲ ਦਾ ਸਾਬਕ ਜਨਰਲ ਸਕੱਤਰ ਤੇ ਕੌਮੀ ਏਕਤਾ ਦਾ ਐਡੀਟਰ ਪਿਛਲੇ ਦਿਨਾਂ ਵਿਚ ਪ੍ਰਧਾਨ ਮੰਤਰੀ ਦੇ ਸਕੱਤਰ ਨੂੰ ਕਈ ਵਾਰ ਮਿਲਿਆ। ਸੰਤ ਲੌਂਗੋਵਾਲ ਨੇ ਬਾਦਲ ਗਰੁਪ ਦੀ ਸਲਾਹ ਲਏ ਬਿਨਾਂ ਹੀ 4 ਅਪਰੈਲ ਦਾ ਰਸਤਾ ਰੋਕੋ ਦਾ ਐਲਾਨ ਕਰ ਦਿਤਾ ਹੈ। ਅਤੇ ਕੇਂਦਰ ਨਾਲ ਗਲਬਾਤ ਕਰਨ ਵਾਲੀ ਤਿੰਨ ਮੈਂਬਰੀ ਟੀਮ ਵਿਚ ਬਰਨਾਲਾ ਨੂੰ ਪਾਏ ਜਾਣ ਤੇ ਉਸ ਵਲੋਂ ਬਾਦਲ ਦੇ ਮੁਕਾਬਲੇ ਤੇ ਬਰਨਾਲਾ ਨੂੰ ਲੀਡਰ ਦੇ ਤੌਰ ਤੇ ਉਭਾਰਣ ਦੇ ਜਤਨ ਜਾਰੀ ਹਨ। ਸੂਤਰਾਂ ਨੇ ਦਸਿਆ ਹੈ ਕਿ ਇੰਦਰਾਂ ਕਾਂਗਰਸ ਵਲੋਂ ਰਵੀਇੰਦਰ ਤੇ ਜ਼ੋਰ ਪਾਇਆ ਜਾ ਰਿਹਾ ਹੈ ਕਿ ਉਹ ਇੰਦਰਾਂ ਕਾਂਗਰਸ ਵਿਚ ਸ਼ਾਮਲ ਹੋ ਜਾਣ। ਪਰ ਸੇਖਵਾਂ ਤੇ ਉਮਰਾਨੰਗਲ ਇਸ ਗਲ ਲਈ ਸਹਿਮਤ ਨਹੀਂ ਹਨ। ਕੌਮੀ ਏਕਤਾ ਵਿਚ ਲਿਖੇ ਜਥੇਦਾਰ ਟੌਹੜਾ ਵਿਰੁਧ ਕੁਝ ਲੇਖਾਂ ਦਾ ਦਲ ਦੀ ਲੀਡਰਸ਼ਿਪ ਨੇ ਸਖਤ ਨੋਟਿਸ ਲਿਆ ਹੈ। ਦਲ ਦੇ ਨਜ਼ਦੀਕੀ ਸੂਤਰਾਂ ਅਨੁਸਾਰ ਬਰਨਾਲਾ ਅਤੇ ਬਲਵੰਤ ਸਿੰਘ ਅਜ ਕੱਲ੍ਹ ਬਾਦਲ ਦੇ ਮੁਕਾਬਲੇ ਉਤੇ ਲੌਂਗੋਵਾਲ ਦੇ ਵਧੇਰੇ ਨੇੜੇ ਹਨ।

ਦੋ ਨਿਰੰਕਾਰੀ ਹੋਰ ਕਤਲ

ਕਪੂਰਥਲਾ ਦੇ ਪਿੰਡ ਮੋਠਾਂ ਵਾਲਾ ਵਿਚ ਇਕ ਹੋਰ ਨਿਰੰਕਾਰੀ ਦੇ ਕਤਲ ਹੋ ਜਾਣ ਦੀ ਸੂਚਨਾ ਮਿਲੀ ਹੈ। ਉਸਦਾ ਨਾਂ ਜਰਨੈਲ ਸਿੰਘ ਦੱਸਿਆ ਜਾਂਦਾ ਹੈ ਤੇ ਕਿਹਾ ਜਾਂਦਾ ਹੈ ਕਿ ਉਹ ਸੱਠ ਸਾਲਾਂ ਦਾ ਬਜ਼ੁਰਗ ਸੀ। ਉਸਦੇ ਪੁੱਤਰ ਗੁਰਦੀਪ ਸਿੰਘ ਦੇ ਜ਼ਖਮੀ ਹੋਣ ਦੀ ਵੀ ਸੂਚਨਾ ਹੈ। ਜ਼ਿਲਾ ਗੁਰਦਾਸ ਪੁਰ ਵਿਚ ਇਕ ਪੁਜਾਰੀ ਨੂੰ ਗੋਲੀ ਮਾਰ ਦਿਤੀ ਗਈ। ਨਿਹੰਗਾਂ ਦੇ ਭੇਸ ਵਿਚ ਬੁਝਾਰਤ ਤੇ ਹਮਲਾ ਕੀਤਾ ਗਿਆ ਕਿਹਾ ਜਾਂਦਾ ਹੈ ਕਿ 12 ਦੁਕਾਨਦਾਰ ਬੰਬਾਂ ਅਤੇ ਗੋਲੀਆਂ ਨਾਲ ਜ਼ਖਮੀ ਹੋਏ।

ਕਹਾਣੀ

ਕੱਲਰਾਂ ਦੀ ਮਿੱਟੀ

—ਬਲਵਿੰਦਰ ਗਿੱਲ

ਜਗਬੀਰ ਅਜੇ ਪੰਜਵੀਂ ਜਮਾਤ ਵਿਚ ਹੀ ਪੜ੍ਹਦੀ ਸੀ ਕਿ ਜਦੋਂ ਉਸਦਾ ਬਾਪੂ ਜੀ ਕਿਸੇ ਬਿਮਾਰੀ ਦੇ ਕਾਰਨ ਸਦਾ ਲਈ ਇਸ ਜਹਾਨੋਂ ਵਿਛੋੜਾ ਦੇ ਗਿਆ। ਮਾਂ ਵਿਚਾਰੀ ਵਕਤ ਦੀ ਮਾਰੀ ਕੀ ਕਰਦੀ, ਘਰ ਦਾ ਸਾਰਾ ਕੰਮ ਕਾਰ, ਧੀ ਨੂੰ ਸਾਂਭਣਾ, ਖੇਤਾਂ ਦੀ ਨਿਗਰਾਨੀ ਰੱਖਣੀ ਉਸ ਲਈ ਬਹੁਤ ਕਠਨ ਹੋ ਗਈ ਸੀ। ਘਰ ਦੀ ਸਾਰੀ ਜਾਇਦਾਦ ਘਰ ਵਾਲਾ ਮਰਨ ਮਗਰੋਂ ਪ੍ਰੀਤੋਂ ਦੇ ਨਾਂ ਹੀ ਹੋ ਗਈ ਸੀ, ਪਰ ਸਾਂਭਣੀ ਬਹੁਤ ਹੀ ਮੁਸ਼ਕਲ ਹੋ ਗਈ। ਸਾਰਾ ਕੁਝ ਅੱਖਾਂ ਸਾਹਮਣੇ ਵਾਪਰਨ ਮਗਰੋਂ ਪ੍ਰੀਤੋ ਨੇ ਆਪਣੇ ਪਤੀ ਦੀ ਦਿਤੀ ਨਿਸ਼ਾਨੀ ਧੀ ਨੂੰ ਪਿਆਰ ਤੇ ਚਾਵਾਂ ਨਾਲ ਪਾਲਣਾ ਸ਼ੁਰੂ ਕਰ ਦਿਤਾ। ਧੀ ਦੀ ਹਰ ਉਮੰਗ ਨੂੰ ਬੜੀ ਖੁਸ਼ੀ ਖੁਸ਼ੀ ਮੰਨਦੀ। ਪਰ ਕਈ ਬਾਰ ਜਗਬੀਰ ਆਪਣੀ ਬੀਜੀ ਕੋਲੋਂ ਆਪਦੇ ਬਾਪੂ ਜੀ ਵਾਰੇ ਪੁੱਛਦੀ ਕਹਿੰਦੀ, ਜਦੋਂ ਦੇ ਬਾਪੂ ਜੀ ਹਸਪਤਾਲ ਗਏ ਹਨ, ਮੁੜਕੇ ਨਹੀਂ ਆਏ! ਉਹ ਕਦੋਂ ਆਉਣਗੇ? ਪ੍ਰੀਤੋ ਦੇ ਧੀ ਦੀਆਂ ਇਹ ਗੱਲਾਂ ਸੁਣ ਕੇ ਬੇ-ਮੁਹਾਰੇ ਅੱਥਰੂ ਅੱਖੋਂ ਵਰਨ ਲਗ ਪੈਂਦੇ ਤੇ ਕੋਈ ਜੁਆਬ ਨਾ ਆਉੜ੍ਹਦਾ। ਕਈ ਵਾਰ ਦਿਲ ਵਿਚ ਸੋਚਦੀ ਕਿ ਜਗਬੀਰ ਨੂੰ ਕਿਵੇਂ ਸਮਝਾਇਆ ਜਾਵੇ ਕਿ ਉਸਦਾ ਪਿਓ ਸਦਾ ਲਈ ਵਿਛੱੜ ਗਿਆ ਏ। ਪਰ ਪ੍ਰੀਤੋ ਦਿਲ ਤੇ ਪੱਥਰ ਧਰ ਕੇ ਆਪਣੀ ਧੀ ਦੀ ਮਮਤਾ ਨੂੰ ਦੁਖ ਮਹਿਸੂਸ ਨਾ ਹੋਣ ਦਿੰਦੀ। ਜਗਬੀਰ ਨੂੰ ਪ੍ਰੀਤੋ ਨੇ ਸਕੂਲੋਂ ਬਿਲਕੁਲ ਹੀ ਨਾ ਪੜਨੋਂ ਹਟਾਇਆ। ਪੰਜਵੀਂ ਜਮਾਤ ਤਕ ਜਗਬੀਰ ਸਾਰੇ ਸਕੂਲ ਚੋਂ ਪਹਿਲੇ ਨੰਬਰ ਤੇ ਆਉਂਦੀ ਰਹੀ। ਅੱਗੇ ਹੀ ਜਗਬੀਰ ਨੂੰ ਹਾਈ ਸਕੂਲ ਭੈਣੀ ਕਲਾਂ ਵਿਚ ਦਾਖਲ ਕਰਾ ਦਿਤਾ। ਜਗਬੀਰ ਪੜ੍ਹਨ ਨੂੰ ਬਹੁਤ ਹੁਸ਼ਿਆਰ ਸੀ। ਪ੍ਰੀਤੋ ਦਾ ਜੀਵਨ ਘਰੇਲੂ ਮਾਮਲਿਆਂ ਵਿਚ ਬਹੁਤ ਹੀ ਰੁੱਝਣ ਲੱਗ ਪਿਆ। ਸੋਚ ਸੋਚ ਕੇ ਉਸ ਨੇ ਮਹਿਰੀ ਚੰਦੀ ਦੀ ਧੀ ਬਾਲੋ ਨੂੰ ਘਰ ਦਾ ਕੰਮ ਸੰਭਾਲ ਦਿਤਾ ਤੇ ਉਸ ਨੂੰ ਹਰ ਮਹੀਨੇ 200 ਮਹੀਨੇ ਦੇ ਦਿੰਦੀ। ਪਹਿਲਾਂ ਧੀ ਨੂੰ ਸਕੂਲ ਤੋਰਨਾ, ਫੇਰ ਕਾਮਿਆਂ ਦੀ ਖੇਤਾਂ 'ਚ ਰੋਟੀ ਦੇ ਕੇ ਆਉਣੀ, ਮਗਰੋਂ ਪਸ਼ੂਆਂ ਨੂੰ ਸਾਂਭਣਾ ਪ੍ਰੀਤੋ ਦੇ ਇਹ ਜ਼ਰੂਰੀ ਕੰਮ ਸਨ। ਨਸੀਬਾਂ ਦੀ ਗੱਲ ਐ, ਜਦੋਂ ਸਿਰ ਦਾ ਸਾਈਂ ਜਹਾਨੋਂ ਤੁਰ ਜਾਏ ਤਾਂ ਸ਼ਰੀਕਾ ਨੇੜੇ ਨਹੀਂ ਲੱਗਦਾ, ਸਗੋਂ ਟਿੱਚਰਾਂ ਕਰਦਾ ਹੈ।

ਪ੍ਰੀਤੋ ਨੇ ਸੋਚ ਸੋਚ ਕੇ ਆਪਣੀ ਵੱਡੀ ਭੈਣ ਦਾ ਛੋਟਾ ਮੁੰਡਾ ਆਪਣੇ ਪਿੰਡ ਹੀ ਸੱਦ ਲਿਆ ਤੇ ਜਗਬੀਰ ਨਾਲ ਹੀ ਉਸੇ ਸਕੂਲ ਪੜ੍ਹਨੇ ਪਾ ਦਿਤਾ। ਉਸ ਨੇ ਇਕੱਲੀ ਧੀ ਨੂੰ ਸਕੂਲ ਭੇਜਣਾ ਠੀਕ ਨਾ ਸਮਝਿਆ। ਉਹ ਸ਼ਰੀਕਾਂ ਦੀਆਂ ਸਭ ਹਰਕਤਾਂ ਜਾਣਦੀ ਸੀ ਬਈ, ਲੋਕਾਂ ਦੇ ਮੂੰਹ ਨਹੀਂ ਫੜੇ ਜਾ ਸਕਦੇ, ਐਵੇਂ ਖੰਭਾਂ ਤੋਂ ਡਾਰਾਂ ਬਣਾਉਣਗੇ। ਕਹਿਣ ਦੀ ਗੱਲ ਨਹੀਂ ਸੀ, ਜਗਬੀਰ ਤੇ ਲੋਹੜੇ ਦਾ ਹੁਸਨ ਸੀ, ਪਿੰਡ ਦੀਆਂ ਸਾਰੀਆਂ ਕੁੜੀਆਂ ਨੂੰ ਮਾਤ ਪਾਉਂਦੀ ਸੀ। ਸਰੂ ਜਿਹਾ ਕੱਦ, ਤਿਖੇ ਤਿਖੇ ਨੈਣ ਨਕਸ਼ ਜਗਬੀਰ ਦੀ ਜਵਾਨੀ ਦਾ ਅੰਗ ਬਣ ਗਏ ਸਨ। ਜਗਬੀਰ ਤੇ ਉਸਦੀ ਮਾਸੀ ਦਾ ਪੁੱਤ ਭੋਲੂ ਹਰ ਰੋਜ਼ ਹੀ ਸਾਈਕਲ ਤੇ ਸਕੂਲ ਜਾਂਦੇ। ਸਕੂਲ ਦੇ ਮੁੰਡੇ ਜਗਬੀਰ ਤੋਂ ਇੰਨੀ ਭੈਅ ਮੰਨਦੇ ਸਨ ਕਿ ਉਹ ਜਗਬੀਰ ਦੀ ਘੂਰੀ ਤੋਂ ਹੀ ਪਾਸਾ ਵੱਟ ਲੈਂਦੇ ਸਨ। ਪਰ ਚੋਰੀ ਚੋਰੀ ਜਗਬੀਰ ਦੀ ਜੁਆਨੀ ਬਾਰੇ ਚਰਚਾ ਕਰਦੇ ਸਨ। ਜਗਬੀਰ ਦਸਵੀਂ ਵਿਚ ਪੜ੍ਹਦੀ ਸੀ ਤੇ ਭੋਲੂ ਅਜੇ ਨੌਵੀਂ ਜਮਾਤ ਵਿਚ ਹੀ ਪੜ੍ਹਦਾ ਸੀ। ਜਗਬੀਰ ਕਈ ਵਾਰ ਭੋਲੂ ਨੂੰ ਕਹਿੰਦੀ, ਵੀਰਾ ਜੇ ਤੂੰ ਮੇਰੇ ਨਾਲ ਦਸਵੀਂ ਜਮਾਤ ਵਿਚ ਹੁੰਦਾ ਤਾਂ ਆਪਾਂ ਇਕੱਠੇ ਹੀ ਦਸਵੀਂ ਪਾਸ ਕਰ ਲੈਣੀ ਸੀ। ਭੋਲੂ ਪੜ੍ਹਨ ਲਈ ਕੁਝ ਕਮਜ਼ੋਰ ਹੀ ਸੀ।

ਪ੍ਰੀਤੋ ਘਰ ਦੇ ਸਾਰੇ ਰੁਝੇਵਿਆਂ ਵਿਚ ਆਪਣਾ ਸਾਰਾ ਦਿਨ ਗੁਜ਼ਰਨ ਕਾਰਨ ਰਾਤ ਨੂੰ ਆਪਣੀ ਧੀ ਦੇ ਸਾਰੇ ਦੁੱਖ ਸੁੱਖ ਪੁੱਛ ਲੈਂਦੀ। ਜਗਬੀਰ ਆਪਦੇ ਬਾਪੂ ਜੀ ਵਾਲਾ ਪ੍ਰਸ਼ਨ ਪੁੱਛਣਾ ਨਾ ਭੁੱਲਦੀ। ਆਖਰ ਪ੍ਰੀਤੋ ਨੇ ਦਿਲ ਤੇ ਪੂਰੀ ਤਰਾਂ ਕਾਬੂ ਪਾ ਕੇ ਆਪਣੀ ਧੀ ਨੂੰ ਉਸ ਦੇ ਬਾਪੂ ਜੀ ਬਾਰੇ ਦੱਸ ਹੀ ਦਿਤਾ। ਦੋਵੇਂ ਮਾਂ ਧੀ ਇਕ ਦੂਜੀ ਦੇ ਗਲੇ ਲੱਗ ਕੇ ਰੋਣ ਲੱਗ ਗਈਆਂ। ਸਿਆਣਿਆਂ ਨੇ ਸੱਚ ਹੀ ਕਿਹਾ ਹੈ:—ਕਿ ਹੰਝੂ ਦੁੱਖ ਨੂੰ ਹੌਲਾ ਕਰ ਦਿੰਦੇ ਹਨ। ਕੁਝ ਚਿਰ ਮਗਰੋਂ ਹੀ ਚੰਦੀ ਮਹਿਰੀ ਦੀ ਧੀ ਬਾਲੋ ਭਾਂਡੇ ਮਾਂਜਣ ਆ ਗਈ। ਜੋ ਜਗਬੀਰ ਦੀ ਉਮਰ ਜਿੰਨੀ ਹੀ ਸੀ। ਉਹ ਇਹ ਸਾਰਾ ਕੁਝ ਦੇਖ ਕੇ ਘਬਰਾ ਗਈ, ਮਸਾਂ ਹੀ ਉਸ ਨੇ ਮਾਂ-ਧੀ ਨੂੰ ਚੁੱਪ ਕਰਾਇਆ। ਬੜੇ ਦਿਲਾਸੇ ਦਿੱਤੇ। ਭਾਵੇਂ ਲੱਖ ਹੀ ਦਿਲਾਸੇ ਮਨੁਖ ਨੂੰ ਦਿੱਤੇ ਜਾਣ ਪਰ ਜੋ ਦਿਲ ਤੇ ਸੱਟ ਇਕ ਵਾਰੀ ਵੱਜ ਜਾਏ ਉਸ ਦਾ ਦਾਗ਼ ਸਾਰੀ ਉਮਰ ਨਹੀਂ ਮਿਟਦਾ।

ਅੱਜ ਚੌਦਾ ਜੁਲਾਈ ਦਿਨ ਬੁੱਧਵਾਰ ਸੀ, ਜਗਬੀਰ ਦਾ ਦਸਵੀਂ ਦਾ ਨਤੀਜਾ ਨਿਕਲਣਾ ਸੀ। ਸਵੇਰੇ ਹੀ ਜਗਬੀਰ ਨੇ ਭੋਲੂ ਨੂੰ ਅਖਬਾਰ ਲੈਣ ਲਈ ਸ਼ਹਿਰ ਭੇਜ ਦਿਤਾ। ਭੋਲੂ ਨੇ ਨਤੀਜਾ ਪਹਿਲਾਂ ਹੀ ਦੇਖ ਲਿਆ ਤੇ ਜਲਦੀ ਹੀ ਖੁਸ਼ੀ ਖੁਸ਼ੀ ਘਰ ਆ ਗਿਆ। ਜਗਬੀਰ ਨਤੀਜਾ ਦੇਖ ਕੇ ਫੁੱਲੀ ਨਹੀਂ ਸੀ ਸਮਾਉਂਦੀ। ਜਦੋਂ ਉਸ ਨੇ ਨੰਬਰਾਂ ਵਾਲੀ ਲਿਸਟ ਪੜ੍ਹੀ ਤਾਂ ਜਗਬੀਰ ਦਾ ਨਾਂ ਸਭ ਤੋਂ ਉਪਰ ਸੀ ਤੇ ਨਾਲ ਹੀ ਫੋਟੋ ਛਪੀ ਹੋਈ ਸੀ। ਮਾਂ ਨੇ ਵੀ ਲੱਖ ਲੱਖ ਸ਼ੁਕਰ ਮਨਾਇਆ। ਸਾਰੇ ਸਕੂਲ ਦੇ ਅਧਿਆਪਕ ਜਗਬੀਰ ਨੂੰ ਵਧਾਈ ਦੇਣ ਆਏ। ਜਗਬੀਰ ਦਸ ਸਕੂਲਾਂ ਵਿਚੋਂ ਫਸਟ ਆਈ ਸੀ। ਸਾਰੇ ਰਿਸ਼ਤੇਦਾਰ ਇਹ ਹੀ ਕਹਿੰਦੇ ਸਨ ਕਿ ਇਸ ਕਰਮਾ ਵਾਲੀ ਧੀ ਨੇ ਸਾਡੇ ਖਾਨਦਾਨ ਦਾ ਨਾਂ ਉਚਾ ਕਰ ਦਿਤਾ ਹੈ। ਸਾਰੇ ਹੀ ਪ੍ਰੀਤੋ ਨੂੰ ਕਹਿੰਦੇ ਕਿ ਜਗਬੀਰ ਨੂੰ ਅੱਗੇ ਕਾਲਜ ਵਿਚ ਪੜ੍ਹਨ ਲਾ ਦੇ! ਪਰ ਪ੍ਰੀਤੋ ਸੋਚਦੀ ਰਹੀ। ਆਖਰ ਜਗਬੀਰ ਦੇ ਜ਼ੋਰ ਪਾਉਣ ਤੇ ਅੱਗੇ ਪੜ੍ਹਨ ਲਾ ਦਿਤਾ। ਮਾਂ ਤਾਂ ਸੋਚਦੀ ਸੀ ਕਿ ਅਗਲੇ ਸਾਲ ਭੋਲੂ ਨੇ ਦਸਵੀਂ ਪਾਸ ਕਰ ਲੈਣੀ ਏ ਤੁਸੀਂ ਦੋਵੇਂ ਭੈਣ ਭਰਾ ਕਾਲਜ ਪੜ੍ਹਨ ਲੱਗ ਜਾਇਓ, ਜਗਬੀਰ ਨੇ ਅੱਗੋਂ ਝੱਟ ਹੀ ਕਿਹਾ ਬੀਜੀ ਮੇਰੀ ਪੜ੍ਹਾਈ ਬਹੁਤ ਪਿਛੇ ਰਹਿ ਜਾਵੇਗੀ। ਵਾਰ ਵਾਰ ਕਹਿਣ ਤੇ ਪ੍ਰੀਤੋ ਨੇ ਜਗਬੀਰ ਦੇ ਮਾਮਾ ਜੀ ਨੂੰ ਨਾਲ ਭੇਜ ਕੇ ਮਾਲਵਾ ਬੌਂਦਲੀ ਕਾਲਜ ਵਿਚ ਦਾਖਲ ਕਰਵਾ ਦਿਤਾ, ਜੋ ਪਿੰਡ ਤੋਂ 4 ਮੀਲ ਦੂਰ ਪੈਂਦਾ ਸੀ। ਜੇਕਰ ਸਮਰਾਲੇ ਵੱਲ ਜਾਈਏ ਤਾਂ ਬੱਸ ਰਾਹੀਂ ਅੱਧਾ ਘੰਟਾ ਹੀ ਲੱਗਦਾ ਸੀ। ਜਗਬੀਰ ਮਾਲਵਾ ਬੌਂਦਲੀ ਕਾਲਜ ਵਿਚ ਬੜੀ ਸਾਵਧਾਨ ਹੋ ਕੇ ਰਹਿੰਦੀ, ਕਿਉਂਕਿ ਉਹ ਅਜੇ ਨਵੀਂ ਨਵੀਂ ਕਾਲਜ ਪੜ੍ਹਨ ਲੱਗੀ ਸੀ ਬਹੁਤਾ ਕੁਝ ਪਤਾ ਵੀ ਨਹੀਂ ਸੀ। ਅਜੇ ਉਸ ਨੇ ਕੋਈ ਸਹੇਲੀ ਨਹੀਂ ਸੀ ਬਣਾਈ। ਭਾਵੇਂ ਪਿੰਡ ਦੇ ਜਗੀਰਦਾਰਾਂ ਦੀ ਕੁੜੀ ਉਸ ਨਾਲ ਹੀ ਪੜ੍ਹਦੀ ਸੀ ਪਰ ਉਹ ਆਪਣੇ ਆਪ ਨੂੰ ਅਮੀਰ ਘਰਾਣੇ ਦੀ ਸਮਝਦੀ ਸੀ। ਜਗਬੀਰ ਤੇ ਜਾਗੀਰਦਾਰਾਂ ਦੀ ਕੁੜੀ ਜੋਲੀ ਇਕ ਪਿੰਡ ਦੀਆਂ ਹੀ ਇਕੋ ਕਲਾਸ ਵਿਚ ਸਨ। ਕਦੇ ਕਦੇ ਜੋਲੀ, ਜਗਬੀਰ ਨੂੰ ਉਸ ਦੇ ਬਾਪੂ ਜੀ ਵਾਰੇ ਚੰਗੇ ਮਾੜੇ ਸ਼ਬਦ ਬੋਲਦੀ, ਵਿਚਾਰੀ ਜਗਬੀਰ ਕੀ ਕਰਦੀ ਉਹ ਤਾਂ ਨਿੱਕੀ ਹੁੰਦੀ ਤੋਂ ਹੀ ਪਿਓ ਦੀ ਕਮੀ ਮਹਿਸੂਸ ਕਰਦੀ ਸੀ। ਘਰ ਆ ਕੇ ਜਗਬੀਰ ਸਾਰੀ ਦਰਦ ਕਹਾਣੀ ਆਪਣੀ ਮਾਂ ਨੂੰ ਦੱਸ ਦਿੰਦੀ। ਪ੍ਰੀਤੋ ਪਿੰਡ ਵਿਚ ਕਲੇਸ਼ ਆਦਿ ਨਹੀਂ ਸੀ ਰੱਖਣਾ ਚਾਹੁੰਦੀ ਕਿਉਂਕਿ ਉਹ ਵਿਧਵਾ ਔਰਤ ਸੀ ਸੋਚਦੀ !! ਖਬਰੇ ਲੋਕੀ ਕੀ ਕੀ ਤੂਤੀਆਂ ਬੋਲਣਗੇ। ਜਗਬੀਰ ਦੀ ਸਾਰੇ ਪਿੰਡ ਦੀਆਂ ਕੁੜੀਆਂ ਤੇ ਸਰਦਾਰੀ ਸੀ। ਸਭ ਕੁੜੀਆਂ ਉਸਦੀਆਂ ਅੱਖੀਆਂ ਦੀ ਹੀ ਘੂਰ ਤੋਂ ਡਰਦੀਆਂ ਸਨ। ਜਗਬੀਰ ਹਰ ਰੋਜ਼ ਹੀ ਘਰ ਤੋਂ ਕਾਲਜ ਤੇ ਕਾਲਜ ਤੋਂ ਬੱਸ ਚੜ੍ਹ ਕੇ ਸਿੱਧੀ ਘਰ ਪਹੁੰਚ ਦੀ ਸੀ। ਲੋਕੀ ਇਸ ਸਿਆਣੀ ਧੀ ਦੀਆਂ ਹਰਕਤਾਂ ਦੇਖ ਕੇ ਦੰਗ ਰਹਿੰਦੇ ਸਨ।

ਜਗਬੀਰ ਦਾ ਬੀ. ਏ. ਪਾਰਟ ਫਾਇਨਲ ਵਿਚ ਆਖਰੀ ਸਾਲ ਸੀ। ਉਹ ਦਿਨ ਰਾਤ ਦਿਲ ਲਾ ਕੇ ਖੂਬ ਮਿਹਨਤ ਕਰਦੀ ਸੀ। ਅੱਧੀ ਅੱਧੀ ਰਾਤ ਤਕ ਪੜ੍ਹਦੀ ਰਹਿੰਦੀ ਸੀ, ਮਾਂ ਕਈ ਵਾਰੀ ਕਹਿ ਹੀ ਦਿੰਦੀ ਧੀਏ ਹੁਣ ਸੌਂ ਜਾ ਸਵੇਰੇ ਉਠ ਕੇ ਪੜ੍ਹ ਲਈ ! ਪਰ ਜਗਬੀਰ ਆਪਣੀ ਪੜ੍ਹਾਈ ਨੂੰ ਜਾਰੀ ਰਖਦੀ। ਕਾਲਜ ਵਿਚ ਜਗਬੀਰ ਦੀ ਜੁਆਨੀ ਸਿਖਰਾਂ ਤੇ ਚਕਰ ਲਗਾ ਰਹੀ ਸੀ ਜਿਸ ਤਰਾਂ ਪਾਣੀ ਨਾਲ ਭਰੀ ਬੱਦਲੀ ਅਕਾਸ਼ ਵਿਚ ਹਿੱਕ ਤਾਣ ਖੜੀ ਹੋਵੇ। ਜਗਬੀਰ ਬਹੁਤ ਸਿਆਣੀ ਤੇ ਸਮਝਦਾਰ ਸੀ ਉਸ ਨੇ ਅੱਜ ਤਕ ਕੋਈ ਉਲਾਂਭਾ ਆਪਦੀ ਮਾਂ ਨੂੰ ਨਹੀਂ ਸੀ ਆਉਣ ਦਿਤਾ। ਪਿੰਡ ਦੇ ਲੋਕੀ ਤਾਂ ਕਹਿੰਦੇ ਪ੍ਰੀਤੋ !! ਅਸੀਂ ਪਿੰਡ ਦੀਆਂ ਕੁੜੀਆਂ ਤਾਂ ਹਰ ਰੋਜ਼ ਦੇਖਦੇ ਹਾਂ ਪਰ ਤੇਰੀ ਧੀ ਦੀ ਸ਼ਾਨ ਅਨੋਖੀ ਹੀ ਹੈ ਇਸ ਨੇ ਆਪਦੇ ਪਿਓ ਦੀ ਪੱਗ ਨੂੰ ਸਾਂਭ ਕੇ ਰੱਖਿਆ ਏ। ਜਗਬੀਰ ਸਾਰੇ ਕਾਲਜ ਵਿਚ ਸਿਰ ਕੱਢਵੀ ਜਵਾਨ ਸੀ। ਪਰ ਜਗਬੀਰ ਸਾਰੇ ਕਾਲਜ ਦੇ ਮੁੰਡਿਆਂ ਦੀ ਨਜ਼ਰਾਂ ਤੇ ਜਾਦੂ ਜਿਹਾ ਫੇਰ ਦਿੰਦੀ। ਕਾਲਜ ਦੀ ਕਨਟੀਨ ਵਿਚ ਵੀ ਮੁੰਡਿਆਂ ਚ' ਆਮ ਚਰਚਾ ਹੁੰਦੀ ਰਹਿੰਦੀ ਸੀ। ਮੁੰਡੇ ਤਾਂ ਇਥੇ ਤੱਕ ਕਹਿ ਚੁੱਕੇ ਸਨ ਕਿ ਇਸ ਕਾਲਜ ਵਿਚੋਂ ਕੋਈ ਕੁੜੀ ਸੁੱਕੀ .....ਪਰ ਇਸ ਨੇ ਸਾਰੇ ਕਾਲਜ ਦਾ ਨਹੋਰਾ ਤੋੜ ਦਿਤਾ ਏ। ਭਾਵੇਂ ਜਗਬੀਰ ਦੀ ਜਵਾਨੀ ਬੇ-ਬੱਸ ਹੁੰਦੀ ਜਾਂਦੀ ਪਰ ਫੇਰ ਵੀ ਉਹ ਸਾਂਭ ਸਾਂਭ ਰੱਖਦੀ।

ਕੋਟਲੇ ਦੇ ਸਰਪੰਚ ਦਾ ਮੁੰਡਾ ਸੁਖਦੀਪ ਪੂਰੇ ਤਿੰਨ ਸਾਲਾ ਮਗਰੋਂ ਕਨੇਡਾ ਤੋਂ ਇੰਡੀਆ ਗਿਆ ਸੀ। ਇਕੋ ਇਕ ਮੁੰਡਾ ਹੋਣ ਕਰਕੇ ਚੰਗੀ ਜਾਇਦਾਦ ਹਿੱਸੇ ਆਉਂਦੀ ਸੀ। ਕਨੇਡਾ ਤੋਂ ਜਾ ਕੇ ਇਕ ਹਫਤੇ ਮਗਰੋਂ ਹੀ ਉਹ ਲੁਧਿਆਣੇ ਤੋਂ ਇਨਫੀਲਡ ਇੰਡੀਆ ਮੋਟਰ ਸਾਈਕਲ ਲੈ ਆਇਆ। ਮੋਟਰ ਸਾਈਕਲ ਦੇ ਟਾਇਰ ਭੁੰਜੇ ਨਹੀਂ ਲੱਗਣ ਦਿੰਦਾ, ਸਾਰਾ ਦਿਨ ਸਮਰਾਲੇ ਦੇ ਬਜ਼ਾਰਾਂ ਤੇ ਗਲੀਆਂ ਵਿਚ ਘੁੰਮਦਾ ਰਹਿੰਦਾ। ਕਦੇ ਪੁਰਾਣੇ ਮਿੱਤਰਾਂ ਦੋਸਤਾਂ ਨਾਲ ਮਾਲਵੇ ਬੌਂਦਲੀ ਕਾਲਜ ਵਿਚ ਵੀ ਘੁੰਮ ਆਉਂਦਾ। ਉਹ ਇਸ ਕਾਲਜ ਵਿਚ ਪਹਿਲਾਂ ਪੜ੍ਹਦਾ ਹੋਣ ਕਰਕੇ ਸਾਰੇ ਹੀ ਪ੍ਰੋਫੈਸਰ ਜਾਣਦੇ ਸਨ। ਹੁਣ ਸੁਖਦੀਪ ਨੂੰ ਹਰ ਰੋਜ਼ ਹੀ ਕਾਲਜ ਜਾਣ ਦੀ ਆਦਤ ਜਹੀ ਪੈ ਗਈ। ਮਨੁੱਖ ਨੂੰ ਆਦਤ ਉਦੋਂ ਹੀ ਪੈਂਦੀ ਹੈ ਜਦੋਂ ਕਿਸੇ ਚੀਜ਼ ਦੀ ਆਸ ਹੋਵੇ। ਜਿਸ ਦਿਨ ਤੋਂ ਉਸਨੇ ਜਗਬੀਰ ਨੂੰ ਦੇਖ ਲਿਆ ਸੀ ਉਸ ਦਿਨ ਤੋਂ ਹੀ ਉਸਦਾ ਦਿਲ ਬੇਈਮਾਨ ਹੋ ਗਿਆ ਸੀ। ਸੋਚਦਾ ਸੀ ਇਸ ਪਟੋਲੇ ਨਾਲ ਹੀ ਵਿਆਹ ਕਰਾ ਕੇ ਜ਼ਿੰਦਗੀ ਕਨੇਡਾ ਵਿਚ ਕੱਟਾਂਗਾ। ਪਰ ਬੁਲਾਉਣ ਤੋਂ ਡਰਦਾ ਸੀ। ਇਕ ਦਿਨ ਸੁਖਦੀਪ ਨੇ ਮਨ ਹੀ ਬਣਾ ਲਿਆ ਕਿ ਕੱਲ੍ਹ ਨੂੰ ਬੁਲਾ ਹੀ ਲੈਣੀ ਏ ਭਾਵੇਂ ਕੁਝ ਵੀ ਹੋ ਜਾਵੇ। ਦੂਸਰੇ ਦਿਨ ਸਵੇਰੇ ਹੀ ਉਹ ਕਾਲੀ ਲੈਦਰ ਦੀ ਜੈਕਟ, ਤੇ ਜੀਨ ਦੀ ਪੈਂਟ ਪਾ ਕੇ ਘਰੋਂ ਨਿਕਲ ਗਿਆ। ਸ਼ਾਮ ਦੇ ਤਿੰਨ ਵਜ ਚੁੱਕੇ ਸਨ ਸੁਖਦੀਪ ਨੂੰ ਕੋਈ ਬੇਲੀ ਮਿੱਤਰ ਨਾ ਟਕਰਿਆ, ਸਾਰਾ ਸਮਰਾਲਾ ਸ਼ਹਿਰ ਉਸ ਨੂੰ ਓਪਰਾ ਓਪਰਾ ਲੱਗ ਰਿਹਾ ਸੀ। ਮਨ ਬਣਾ ਕੇ ਉਹ ਇਕੱਲਾ ਹੀ ਮੋਟਰ ਸਾਈਕਲ ਤੇ ਕਾਲਜ ਨੂੰ ਚਲਾ ਗਿਆ। ਕਾਲਜ ਪਹੁੰਚ ਕੇ ਉਹ ਮੁੰਡਿਆਂ ਤੋਂ ਗੱਲੀਬਾਤੀ ਜਗਬੀਰ ਬਾਰੇ ਪੁੱਛਦਾ, ਪਰ ਮੁੰਡੇ ਪਹਿਲਾਂ ਹੀ ਉਸ ਦੀ ਬੁਝਾਰਤ ਬੁਝ ਗਏ ਸਨ। ਜਗਬੀਰ ਆਖਰੀ ਪੀਰਡ ਖਤਮ ਕਰਕੇ ਆਪਦੀਆਂ ਸਹੇਲੀਆਂ ਨਾਲ ਕਲਾਸ ਵਿਚੋਂ ਆ ਰਹੀ ਸੀ ਅਚਾਨਕ ਹੀ ਸੁਖਦੀਪ ਦੀ ਨਜ਼ਰ ਜਗਦੀਪ ਉਤੇ ਪੈ ਗਈ। ਉਹ ਦਿਲ ਵਿਚ ਹੱਸੀ ਜਾ ਰਿਹਾ ਸੀ ਕਿ ਅੱਜ ਤਾਂ ਬੁਲਾ ਹੀ ਲੈਣੀ ਏ। ਸਾਰੀਆਂ ਸਰਕਾਰੀ ਬੱਸਾਂ ਬੌਂਦਲੀ ਕਾਲਜ ਮੂਹਰੇ ਰੁਕ ਕੇ ਜਾਂਦੀਆਂ ਸਨ। ਜਗਬੀਰ ਸਹੇਲੀਆਂ ਸਮੇਤ ਬੱਸ ਚੜ੍ਹੀ ਤੇ ਸਮਰਾਲੇ ਪਹੁੰਚ ਗਈ। ਨਾਲ ਹੀ ਸੁਖਦੀਪ ਮਜਨੂੰ ਵਾਂਗੂੰ ਮੋਟਰ ਸਾਈਕਲ ਤੇ ਬੱਸ ਤੋਂ ਪਹਿਲਾਂ ਪਹੁੰਚ ਗਿਆ। ਜਗਬੀਰ ਖੰਨੇ ਨੂੰ ਜਾਣ ਵਾਲੀ ਬੱਸ ਵਿਚ ਬੈਠ ਗਈ ਬੱਸ ਅਜੇ ਪੰਦਰਾਂ, ਵੀਹ ਮਿੰਟਾਂ ਤੱਕ ਚੱਲਣੀ ਸੀ। ਸੁਖਦੀਪ ਚੋਰ ਨਜ਼ਰਾਂ ਨਾਲ ਹੀ ਇਹ ਸਾਰਾ ਕੁਝ ਦੇਖਦਾ ਰਿਹਾ ਪਰ ਮੌਕਾ ਤਾੜ ਕੇ ਉਹ ਬੱਸ ਵਿਚ ਹੀ ਚੜ੍ਹ ਕੇ ਜਗਬੀਰ ਦੇ ਬਰਾਬਰ ਵਾਲੀ ਸੀਟ ਤੇ ਬੈਠ ਗਿਆ। ਭਾਵੇਂ ਬੱਸ ਵਿਚ ਲੋਕੀ ਬੈਠੇ ਸਨ ਪਰ ਫੇਰ ਵੀ ਸੁਖਦੀਪ ਨੇ ਜਗਦੀਪ ਨੂੰ ਬੁਲਾ ਹੀ ਲਿਆ :

ਤੁਹਾਡਾ ਪਿੰਡ ਕਿਹੜਾ ਏ ?

ਜਗਬੀਰ ਨੇ ਅੱਗੇ ਝੱਟ ਜੁਆਬ ਦਿਤਾ, ਤੂੰ ਪਿੰਡ ਤੋਂ ਕੀ ਲੈਣਾ ਏ? ਨਾਲ ਨੀਵੀਂ ਪਾ ਲਈ। ਸੁਖਦੀਪ ਨੇ ਆਪਣੀ ਬੇਇਜ਼ਤੀ ਸਮਝੀ ਤੇ ਬੋਲਿਆ, ਜੇ ਲੈਣਾ ਏ ਤਾਹੀਓ ਪੁੱਛਦਾ ਹਾਂ। ਇਥੋਂ ਤੱਕ ਬੋਲ ਚੁਕਿਆ ਸੀ "ਜੇ ਤੂੰ ਹੱਠ ਦੀ ਪੱਕੀ ਏ ਤਾਂ ਸਾਡੇ ਵੀ ਡੇਰੇ ਦੂਰ ਨੇ।"

ਪ੍ਰੀਤੋ ਸੋਚ ਹੀ ਰਹੀ ਸੀ ਕਿ ਆਪਣੀ ਧੀ ਦੇ ਹੱਥ ਪੀਲੇ ਕਰ ਦਿਆਂ ਸਿਰੋਂ ਭਾਰ ਲਹਿ ਜਾਏ ਪਰ ਅਚਾਨਕ ਹੀ ਜਗਬੀਰ ਦਾ ਮਾਮਾ ਜੀ ਖੁਸ਼ੀ ਦੀ ਖਬਰ ਲੈ ਆਇਆ ਕਿ ਮੈਂ ਜਗਬੀਰ ਲਈ ਮੁੰਡਾ ਦੇਖ ਆਇਆ ਹਾਂ। ਆਪਾ ਪਰਸੋਂ ਨੂੰ ਲੁਧਿਆਣੇ ਦੇਖਣ ਤੇ ਸ਼ਗਨ ਹੀ ਪਾ ਦੇਣਾ ਏ ਪਰ ਜਗਬੀਰ ਨੇ ਮਾਂ ਦੇ ਲੱਖ ਤਰਲੇ ਕੀਤੇ ਕਿ ਮੈਂ ਅਜੇ ਕੋਰਸ ਕਰਨਾ ਏ ਮਾਂ ਕਹਿੰਦੀ ਧੀਏ ਤੂੰ ਆਪ ਸਿਆਣੀ ਏ ਵਿਆਹ ਕਰਵਾ ਕੇ ਜੋ ਮਰਜੀ ਕਰ ਲਈਂ ਮੈਂ ਪੈਸੇ ਦਿਆਂਗੀ। ਇਹ ਗੱਲ ਜਗਬੀਰ ਦੇ ਮਨ ਨੂੰ ਭਾਅ ਗਈ। ਉਹ ਅੱਗੋਂ ਕੁਝ ਨਾ ਬੋਲੀ। ਐਤਵਾਰ 25 ਮਈ ਨੂੰ ਮੁੰਡਾ ਦੇਖਣ ਤੇ ਸ਼ਗਨ ਪਾਉਣ ਜਾਣਾ ਸੀ। ਜਗਬੀਰ ਦੇ ਮਾਮਾ ਜੀ ਨੇ ਪਹਿਲਾਂ ਹੀ ਗੱਲ ਕਰ ਲਈ ਸੀ ਕਿ ਤੁਸੀਂ ਕੁੜੀ ਬੇਸ਼ੱਕ ਦੇਖ ਲਓ ਇਤਰਾਜ ਵਾਲੀ ਕੋਈ ਗੱਲ ਨਹੀਂ ਕੁੜੀ ਮੁੰਡੇ ਨਾਲ ਬਿਲਕੁਲ ਮੇਲ ਖਾਂਦੀ ਐ। ਐਤਵਾਰ ਨੂੰ ਸਵੇਰੇ ਹੀ ਦਸ ਵਜੇ ਲੁਧਿਆਣੇ ਛਿੰਦੇ ਦੇ ਹੋਟਲ ਵਿਚ ਸਾਰੇ ਇਕੱਠੇ ਹੋ ਗਏ। ਜਗਬੀਰ ਨੂੰ ਕੋਈ ਪਤਾ ਨਹੀਂ ਸੀ ਕਿ ਮੇਰਾ ਰਿਸ਼ਤਾ ਸੁਖਦੀਪ ਨਾਲ ਹੋਣਾ ਏ। ਜਦੋਂ ਸਾਰੇ ਇਕੱਠੇ ਹੋਏ ਜਗਬੀਰ ਸੁਖਦੀਪ ਨੂੰ ਦੇਖ ਕੇ ਸ਼ਰਮਾ ਗਈ। ਚਾਹ ਆਦਿ ਪੀ ਕੇ ਜਗਬੀਰ ਦੇ ਮਾਮਾ ਜੀ ਨੇ ਸੁਖਦੀਪ ਦੀ ਝੋਲੀ ਵਿਚ 1100 ਰੁਪਏ ਪਾ ਦਿਤੇ। ਫੇਰ ਸੁਖਦੀਪ ਤੇ ਜਗਬੀਰ ਨੇ ਸੋਨੇ ਦੀਆਂ ਮੁੰਦੀਆਂ ਇਕ ਦੂਜੇ ਦੀਆਂ ਉਂਗਲੀਆਂ ਵਿਚ ਪਾ ਦਿਤੀਆਂ ਕੁੜਮਾਈ ਪੱਕੀ ਹੋ ਗਈ ਸੀ। ਵਿਆਹ ਦੋ ਹਫਤਿਆਂ ਵਿਚ ਹੀ ਕਰਨਾ ਸੀ ਕਿਉਂਕਿ ਜਗਬੀਰ ਨੇ ਜਲਦੀ ਵਾਪਸ ਕਨੇਡਾ ਮੁੜਨਾ ਸੀ।

ਜਗਬੀਰ ਦੇ ਵਿਆਹ ਦੀਆਂ ਤਿਆਰੀਆਂ ਖੂਬ ਹੋਣ ਲੱਗੀਆਂ। ਐਤਵਾਰ ਨੂੰ ਜੰਜ ਆਉਣੀ ਸੀ। ਐਤਵਾਰ ਵਾਲਾ ਦਿਨ ਆ ਗਿਆ। ਸਵੇਰੇ ਹੀ ਪਿੰਡ (ਜੱਬੋਵਾਲ) ਦੀ ਫਿਰਨੀ ਤੇ ਢੋਲ, ਵਾਜਿਆਂ ਦੀ ਅਵਾਜ਼ ਆਉਣੀ ਸ਼ੁਰੂ ਹੋ ਗਈ। ਸਾਰੀਆਂ ਕਾਰਾਂ ਟਰੱਕਾਂ ਤੇ ਇਹ ਲਿਖਿਆ ਹੋਇਆ ਸੀ :—

SUKHDEEP MANN
WEDDING WEDDING WEDDING
JAGVIR

ਸਾਰਾ ਕਾਰਜ ਬੜੀ ਧੂਮ ਧਾਮ ਨਾਲ ਰਚਾਇਆ ਗਿਆ। ਬੜੇ ਭੰਗੜੇ ਆਦਿ ਪਾਏ ਗਏ। ਜਗਬੀਰ ਦੀਆਂ ਸਹੇਲੀਆਂ ਨੇ ਸੁਖਦੀਪ ਨੂੰ ਖੂਬ ਮਖੌਲ ਕੀਤਾ। ਸ਼ਾਮ ਨੂੰ ਡੋਲੀ ਵਿਦਾ ਹੋਣ ਲੱਗੀ ਜਗਬੀਰ ਪਿਓ ਦੇ ਪਿਆਰ ਤੋਂ ਅਧੂਰੀ ਰੋਈ ਜਾ ਰਹੀ ਸੀ। ਮਾਂ ਨੇ ਦਿਲਾਸੇ ਦਿੱਤੇ। ਮਾਮਾ ਜੀ ਨੇ ਡੋਲੀ ਵਿਚ ਬਿਠਾ ਦਿਤਾ। ਦੂਜੇ ਪਾਸੇ ਸੁਖਦੀਪ ਦੀਆਂ ਭੈਣਾਂ ਨੂੰ ਚਾਅ ਚੜ੍ਹਿਆ ਹੋਇਆ ਕਿ ਵੱਡੀ ਭਾਬੀ ਦੇਖਣੀ ਏ। ਜਦੋਂ ਜਗਬੀਰ ਨੇ ਸੌਹਰੇ ਘਰ ਪੈਰ ਪਾਇਆ ਤਾਂ ਲੋਕੀ ਦੇਖ ਕੇ ਇਹ ਹੀ ਕਹਿੰਦੇ ਕਿ "ਜੋੜੀਆਂ ਜੱਗ ਥੋੜੀਆਂ, ਜੇ ਰੱਬ ਨਦਰ ਕਰੇ।" ਸ਼ਗਨਾਂ ਵਾਲੀ ਰਾਤ ਸੁਖਦੀਪ ਤੇ ਜਗਬੀਰ ਨੇ ਬੜੀ ਖੁਸ਼ੀਆਂ ਭਰੀ ਮਨਾਈ। ਸੁਖਦੀਪ ਨੇ ਜਗਬੀਰ ਨੂੰ ਲੱਖ ਵਾਹਦੇ ਕੀਤੇ ਕਿ ਮੈਂ ਤੇਰੀ ਜਾਂਦੇ ਨੇ ਹੀ ਟਿਕਟ ਰੱਖ ਦੇਣੀ ਐਂ ਤੂੰ ਜਹਾਜ਼ ਚੜ੍ਹ ਕੇ ਆ ਜਾਈਂ, ਜੇ ਜਹਾਜ਼ ਨਾ ਮਿਲਿਆ ਤਾਂ ਲੋਕਲ ਬੱਸ ਚੜ੍ਹ ਕੇ ਆ ਜਾਈਂ। ਜਗਬੀਰ ਅੱਗੋ ਹੱਸ ਕੇ ਬੋਲੀ, ਕਹਿੰਦੀ ਕਿਉਂ ਟਿੱਚਰਾਂ ਕਰਦੇ ਓ, ਜਦੋਂ ਕਨੇਡਾ ਮੰਗਾਓਗੇ ਤਾਂ ਦੇਖਾਂਗੀ।

ਸੁਖਦੀਪ ਨੂੰ ਅੱਜ ਗਏ ਨੂੰ ਪੂਰੇ ਦੋ ਸਾਲ ਹੋ ਗਏ ਸਨ ਕੋਈ ਚਿੱਠੀ ਤਾਂ ਕੀ ਪਾਉਣੀ ਸੀ ਪਤੰਦਰ ਨੇ ਟਿਕਟ ਵੀ ਨਹੀਂ ਭੇਜਿਆ। ਸੁਖਦੀਪ ਦੇ ਮਾਪੇ ਵੀ ਆਪਣੇ ਪੁੱਤ ਦੀ ਚਿੱਠੀ ਉਡੀਕ ਰਹੇ ਸਨ। ਆਖਰ ਕਾਰ ਇਕ ਦਿਨ ਡਾਕੀਆ ਪਿੰਡ ਕੋਟਲੇ ਦੇ ਸਰਪੰਚ ਦੇ ਦਰਵਾਜੇ ਤੇ ਖੜਾ ਸੀ ਸੁਖਦੀਪ ਦੀ ਚਿੱਠੀ ਜਗਬੀਰ ਨੂੰ ਫੜਾ ਹੀ ਗਿਆ। ਜਿਸ ਦੀ ਪਿਆਰੀ ਮਹਿਬੂਬ ਪਿਆਰ ਲਈ ਵਿਲਕ ਰਹੀ ਸੀ। ਪਿਛੇ ਸੁਖਦੀਪ ਨੇ ਝੂਠ ਹੀ ਸਿਰਨਾਵਾਂ ਲਿਖ ਦਿਤਾ ਸਾਰੀ ਚਿੱਠੀ ਜਗਬੀਰ ਨੇ ਪੜੀ ਤੇ ਫੁੱਟ ਫੁੱਟ ਕੇ ਰੋਣ ਲੱਗ ਪਈ। ਉਹ ਆਪਣੇ ਕੀਤੇ ਤੇ ਪਛਤਾ ਰਹੀ ਸੀ। ਚਿੱਠੀ ਪੜ੍ਹਦੀ ਸਾਰੀ ਹੀ ਪਾੜ ਦਿਤੀ ਸੀ। ਕਿਸੇ ਨੂੰ ਪਤਾ ਨਹੀਂ ਸੀ ਉਤੇ ਕੀ ਲਿਖਿਆ ਹੋਇਆ ਸੀ ਸਿਰਫ ਜਗਬੀਰ ਹੀ ਜਾਣਦੀ ਸੀ। ਉਹਨੇ ਉਸੇ ਹੀ ਐਡਰੈਸ ਤੇ ਚਿਠੀ ਲਿਖ ਦਿਤੀ। ਸਾਰੀ ਦਰਦ ਕਹਾਣੀ ਫੋਲ ਦਿਤੀ। ਨਾਲੇ ਲਿਖਦੀ ਐ ਮੈਨੂੰ ਆਪਣੇ ਪੈਰ ਦੀ ਜੁੱਤੀ ਸਮਝ ਕੇ ਮਾਫ ਕਰ ਦਈਂ, ਮਨੁੱਖ ਭੁੱਲਣਹਾਰ ਹੈ ਜੇ ਮੈਂ ਜਾਣਦੀ ਚੰਨਾ ਤੂੰ ਰੁੱਸ ਜਾਣਾ ਕਦੇ ਨਾ ਕਨੇਡਾ ਤੋਰਦੀ", ਅਤੇ ਅੰਤ ਵਿਚ ਲਿਖਦੀ ਐ

"ਵੇ ਕੱਲਰਾਂ ਦੀ ਮਿੱਟੀ ਵਾਗਰਾਂ,
ਤੇਰੀ ਨਾਰ ਵੇ ਸੋਹਣਿਆ ਢੋਲਾ।"

ਤੇਰੀ ਆਪਣੀ
ਜਗਬੀਰ

'ਬਾਹਰੋਂ ਆਇਆ ਆਦਮੀ'-ਇਕ ਅਧਿਐਨ

○

ਦਰਸ਼ਨ ਗਿੱਲ—

'ਬਾਹਰੋਂ ਆਇਆ ਆਦਮੀ' ਅਮਰਜੀਤ ਚਾਹਲ ਦਾ ਕੈਨੇਡਾ ਵਿਚ ਵਸਦੇ ਪੰਜਾਬੀਆਂ ਦੇ ਜੀਵਨ-ਸੱਚ ਨੂੰ ਰੂਪ-ਮਾਨ ਕਰਦਾ, ਪਹਿਲਾ ਕਹਾਣੀ-ਸੰਗ੍ਰਹਿ ਹੈ। ਇਹ ਕਹਾਣੀ-ਸੰਗ੍ਰਹਿ ਅਮਰਜੀਤ ਦਾ ਪਹਿਲਾ ਹੀ ਨਹੀਂ, ਸਗੋਂ ਕੈਨੇਡਾ ਵਿਚ ਪਹਿਲਾ ਪੰਜਾਬੀ ਕਹਾਣੀ-ਸੰਗ੍ਰਹਿ ਹੈ ਜੋ ਕੈਨੇਡਾ ਦੇ ਪੰਜਾਬੀ ਜੀਵਨ ਨੂੰ ਚਿਤਰਦਾ ਹੈ—ਇਸ ਲਈ ਇਹ ਉਚੇਚੀ ਪੇਖਣੀ ਦੀ ਮੰਗ ਕਰਦਾ ਹੈ। ਕੈਨੇਡਾ ਵਿਚ ਉਂਗਲਾਂ ਤੇ ਗਿਣੇ ਜਾਣ ਵਾਲੇ ਪੰਜਾਬੀ ਕਹਾਣੀਕਾਰ ਹਨ—ਜਿਨ੍ਹਾਂ ਵਿਚੋਂ ਕਈ ਕੈਨੇਡਾ ਵਿਚ ਬੈਠੇ ਵੀ ਪੰਜਾਬ ਦੀਆਂ ਸਮਾਜਕ ਤੇ ਆਰਥਕ ਸਮੱਸਿਆਵਾਂ ਬਾਰੇ ਲਿਖ ਰਹੇ ਹਨ—ਤੇ ਕਈ ਜੋ ਕੈਨੇਡਾ ਵਿਚਲੀਆਂ ਪੰਜਾਬੀਆਂ ਦੀਆਂ ਸਮੱਸਿਆਵਾਂ ਨੂੰ ਕਲਮ-ਬੱਧ ਕਰਦੇ ਵੀ ਹਨ ਤਾਂ ਉਨ੍ਹਾਂ ਦੀਆਂ ਰਚਨਾਵਾਂ ਅਜੇ ਏਨੀਆਂ ਸਤ੍ਹਈ ਪੱਧਰ ਦੀਆਂ ਤੇ ਕੱਚ-ਘਰੜ ਹਨ ਕਿ ਉਨ੍ਹਾਂ ਦੀ ਸਾਹਿਤਕ ਵਿਸ਼ੇਸ਼ਤਾ ਬਾਰੇ ਕੋਈ ਰਾਇ ਬਨਾਉਣਾ ਮੁਸ਼ਕਲ ਹੈ। ਇਸ ਲਈ ਅਮਰਜੀਤ ਦੇ ਕਹਾਣੀ-ਸੰਗ੍ਰਹਿ 'ਬਾਹਰੋਂ ਆਇਆ ਆਦਮੀ' ਦਾ ਅਧਿਐਨ ਹੋਰ ਵੀ ਦਿਲ-ਚਸਪ ਹੋ ਜਾਂਦਾ ਹੈ।

ਅਮਰਜੀਤ ਚਾਹਲ ਦੀਆਂ ਕਹਾਣੀਆਂ ਦਾ ਵਿਸ਼ਾ-ਵਸਤੂ ਕੈਨੇਡਾ ਵਿਚ ਵਿਚਰ ਰਿਹਾ ਪੰਜਾਬੀ ਹੈ। ਜਰਨੈਲ ਸਿੰਘ ਦੇ ਕਥਨ ਅਨੁਸਾਰ 'ਜਦ ਤਕ ਕੈਨੇਡਾ ਅੰਦਰ ਰਚਿਆ ਜਾਂਦਾ ਪੰਜਾਬੀ ਸਾਹਿਤ ਇਥੋਂ ਦੀ ਸਮੁਚੀ ਜ਼ਿੰਦਗੀ ਨੂੰ ਕਲਾਵੇ ਵਿਚ ਨਹੀਂ ਲੈਂਦਾ ਤਦ ਤਕ ਇਹ ਕੈਨੇਡਾ ਵਿਚ ਪੰਜਾਬੀਆਂ ਦਾ ਸਾਹਿਤ ਹੀ ਰਹੇਗਾ'—ਮੈਨੂੰ ਜਰਨੈਲ ਸਿੰਘ ਦੇ ਇਸ ਕਥਨ ਤੇ ਕੋਈ ਆਪੱਤੀ ਨਹੀਂ ਪਰ ਵੇਖਣ ਵਾਲੀ ਗੱਲ ਇਹ ਹੈ ਕਿ ਜਿਸ ਸਮਾਜਕ, ਆਰਥਕ ਤੇ ਸਭਿਆਚਾਰਕ ਪਿਛੋਕੜ ਵਿਚੋਂ ਪੰਜਾਬੀ ਕੈਨੇਡਾ ਵਿਚ ਆਏ ਹਨ—ਕੀ ਉਹ ਪਿਛੋਕੜ ਏਡੇ ਸਹਿਜ ਢੰਗ ਨਾਲ ਤਿਆਗਿਆ ਜਾ ਸਕਦਾ ਹੈ ਜਾਂ ਜਦੋਂ ਅਸੀਂ ਆਪਣੇ ਪੰਜਾਬੀ ਵਿਰਸੇ ਦੀ ਗੱਲ ਕਰਦੇ ਹਾਂ ਤਾਂ ਕੀ ਉਨ੍ਹਾਂ ਭਾਵਨਾਵਾਂ ਤੋਂ ਮੁਕਤੀ ਪ੍ਰਾਪਤ ਕੀਤੀ ਜਾ ਸਕਦੀ ਹੈ ਜੋ ਸਾਡੀ ਰਗ ਰਗ ਵਿਚ ਸਮਾਈਆਂ ਹਨ। ਮੈਨੂੰ ਅਮਰਜੀਤ ਦੀ ਇਹ ਸਭ ਤੋਂ ਵੱਡੀ ਪ੍ਰਾਪਤੀ ਦਿਸਦੀ ਹੈ ਕਿ ਉਹ ਇਸ ਪਿਛੋਕੜ ਦੀ ਧਰਾਤਲ ਉਤੇ ਆਪਣੀ ਕਹਾਣੀ ਦੀ ਸਿਰਜਣਾ ਕਰਦਾ ਹੈ। ਜਿਸ ਮਧ-ਵਰਗੀ ਜੀਵਨ ਵਿਚੋਂ ਉਹ ਆਪਣਾ ਵਿਸ਼ਾ ਵਸਤੂ ਲੈਂਦਾ ਹੈ, ਉਹ ਉਸਦੇ ਜੀਵਨ-ਅਨੁਭਵ ਦਾ ਅਟੁੱਟ ਅੰਗ ਹੈ। ਤੇ ਕੋਈ ਵੀ ਸਾਹਿਤਕਾਰ ਜਦੋਂ ਆਪਣੇ ਜੀਵਨ-ਅਨੁਭਵ ਨੂੰ ਤਿਆਗ ਕੇ ਪਰਾਈ ਐਨਕ ਨਾਲ ਵੇਖਦਾ ਹੈ ਤਾਂ ਉਹ ਜੀਵਨ ਦੇ ਸੱਚ ਨੂੰ ਰੂਪਮਾਨ ਨਹੀਂ ਕਰ ਰਿਹਾ ਹੁੰਦਾ। ਵਿਸ਼ੇ ਵਸਤੂ ਦੀ ਚੋਣ ਸਾਹਿਤਕਾਰ ਦੀ ਆਪਣੀ ਹੁੰਦੀ ਹੈ। ਰਸੂਲ ਹਮਜ਼ਾਤੋਵ ਦੇ ਸ਼ਬਦਾਂ ਵਿਚ 'ਹਰ ਪੰਛੀ ਦੀ ਆਪਣੀ ਜਨਮ-ਭੂਮੀ ਹੁੰਦੀ ਹੈ, ਆਪਣਾ ਵਿਸ਼ਾ ਹੁੰਦਾ ਹੈ। ਹਰ ਲੇਖਕ ਦਾ ਆਪਣਾ ਖੇਤ ਹੁੰਦਾ ਹੈ ਤੇ ਆਪਣਾ ਹੀ ਸਿਆੜ ਹੁੰਦਾ ਹੈ, ਭਾਵੇਂ ਇਹ ਕਿੰਨਾ ਵੀ ਤੰਗ ਕਿਉਂ ਨਾ ਹੋਵੇ।' ਅਮਰਜੀਤ ਦੀਆਂ ਕਹਾਣੀਆਂ ਦਾ ਵਿਸ਼ਾ ਵਸਤੂ ਉਹ ਮਧ-ਵਰਗੀ ਕਿਰਸਾਨੀ ਹੈ—ਜੋ ਪੰਜਾਬ ਵਿਚ ਦਿਨੋਂ ਦਿਨ ਟੁੱਟ ਭਜ ਰਹੀ ਹੈ ਤੇ ਆਪਣੀ ਨਿਜਾਤ ਇਸ ਵਿਚ ਲੱਭਦੀ ਹੈ ਕਿ ਕਿਵੇਂ ਨਾ ਕਿਵੇਂ ਖੁਸ਼ਹਾਲ ਦੇਸ਼ਾਂ ਵਿਚ ਪੁਜ ਕੇ ਆਪਣੀ ਆਰਥਕ ਦਸ਼ਾ ਨੂੰ ਠੁਮਣਾ ਦੇ ਸਕੇ—ਤੇ ਜਦੋਂ ਉਹ ਖੁਸ਼ਹਾਲ ਦੇਸ਼ਾਂ ਵਿਚ ਆਰਥਕ ਪੱਖੋਂ ਤਾਂ ਸੁਰਖਿਅਤ ਹੋ ਜਾਂਦੀ ਹੈ ਪਰ ਪਿਛਲੀਆਂ ਸਮਾਜਕ ਤੇ ਸਭਿਆ-ਚਾਰਕ ਕੀਮਤਾਂ ਨਾਲੋਂ ਟੁਟਣ ਦੀ ਪ੍ਰਕਿਰਿਆ ਵਿਚ ਉਹ ਵਿਚ ਵਿਚਕਾਰ ਡੋਲੇ ਖਾਣ ਲਗਦੀ ਹੈ। ਫਿਰ ਉਸਦੀ ਹੈਮਲੇਟ ਵਰਗੀ ਹਾਲਤ ਹੁੰਦੀ ਹੈ—'To be or not to be' ਤੇ ਕੈਨੇਡਾ ਵਿਚ ਅਜੋਕੇ ਪੰਜਾਬੀਆਂ ਦੇ ਜੀਵਨ ਦੀ ਸਭ ਤੋਂ ਵੱਡੀ ਸਮੱਸਿਆ ਬਣ ਖਲੋਂਦੀ ਹੈ।

ਦੂਜੀ ਸਮੱਸਿਆ ਇਕ ਅਜਨਬੀ ਸਭਿਆਚਾਰ ਨੂੰ ਅਪਨਾਉਣ ਦੀ ਹੈ। ਪੰਜਾਬ ਵਿਚੋਂ ਆਈ ਮਧ-ਵਰਗੀ ਕਿਰਸਾਨੀ ਵਿਚ ਬਹੁਤੀ ਗਿਣਤੀ ਅਨਪੜ੍ਹ ਜਾਂ ਅਧ-ਪੜ੍ਹੇ ਲੋਕਾਂ ਦੀ ਹੈ। ਉਹ ਜਿਹੋ ਜਿਹਾ ਸਭਿਆਚਾਰ ਹੰਢਾਉਂਦੇ ਆਏ ਹਨ, ਜੋ ਸਦਾਚਾਰਕ ਨੈਤਿਕ ਕੀਮਤਾਂ ਉਨ੍ਹਾਂ ਦੇ ਮਨਾਂ ਵਿਚ ਘਰ ਕਰ ਚੁਕੀਆਂ ਹਨ—ਜਦੋਂ ਉਹ ਉਨ੍ਹਾਂ ਨੂੰ ਟੁਟਦੇ ਭੱਜਦੇ, ਡੋਲਦੇ ਤੇ ਖੁਰਦੇ ਤੱਕਦੇ ਹਨ ਤਾਂ ਉਨ੍ਹਾਂ ਦੀ ਮਾਨਸਕ ਦਸ਼ਾ ਹੋਰ ਵੀ ਡਾਵਾਂ ਡੋਲ ਹੁੰਦੀ ਹੈ। ਕੈਨੇਡਾ ਵਿਚ ਵਿਚਰਦੇ ਬਹੁ-ਗਿਣਤੀ ਪੰਜਾਬੀਆਂ ਦੀ ਮਾਨਸਕ ਹਾਲਤ ਤਰਸਯੋਗ ਹੈ। ਇਸ ਨੂੰ ਤਰਸਯੋਗ ਕਹਿਣਾ ਭਾਵੇਂ ਆਪਣੇ ਆਪ ਨਾਲ ਅਨਿਆਂ ਕਰਨ ਵਾਲੀ ਗੱਲ ਜਾਪਦੀ ਹੈ—ਪਰ ਇਹ ਪਰਤੱਖ ਸਚਾਈ ਹੈ।

ਅਮਰਜੀਤ ਦੀਆਂ ਕਹਾਣੀਆਂ 'ਅਹਿਸਾਸ' ਤੇ 'ਆਖ਼ਰੀ ਦਿਨ' ਵਿਸ਼ੇ ਵਸਤੂ ਦੀ ਚੋਣ ਪੱਖੋਂ ਉਤੱਮ ਕਹਾਣੀਆਂ ਵਿਚ ਗਿਣੀਆਂ ਜਾਣ ਵਾਲੀਆਂ ਹਨ। ਸਰਦੂਲ ਸਿੰਘ ਤੇ ਨਸੀਬ ਕੌਰ ਅਜਿਹੇ ਪਾਤਰ ਹਨ ਜੋ ਕੈਨੇਡਾ ਵਿਚ ਆਰਥਕ ਪੱਖੋਂ ਮਜ਼ਬੂਤ ਹੋਣ ਦੀ ਲਾਲਸਾ ਵਿਚ ਆਪਣੀ ਬਲੀ ਦਿੰਦੇ ਹਨ—ਆਪਣੀ ਉਲਾਦ ਨੂੰ ਆਰਥਕ ਪੱਖੋਂ ਸੁਰਖ਼ਿਅਤ ਕਰਨ ਲਈ ਕੁਰਬਾਨੀ ਦੇ ਬੱਕਰੇ ਬਣਦੇ ਹਨ। ਅਜਿਹੇ ਪਾਤਰ ਫ਼ਾਰਮਾਂ ਵਿਚ ਆਮ ਮਿਲਦੇ ਹਨ। 'ਅਹਿਸਾਸ' ਦਾ ਵਿਸ਼ਾ ਵਸਤੂ ਇਸ ਤੋਂ ਵੀ ਤੀਖਣ, ਸੂਝ ਭਰਪੂਰ ਅਤੇ ਬੋਧਿਕ ਹੈ। ਇਹ ਕਹਾਣੀ ਤਿੰਨਾਂ ਪੀੜ੍ਹੀਆਂ ਦੇ ਸੰਕਟ ਨੂੰ ਆਪਣੇ ਆਪ ਵਿਚ ਸਮੇਟੀ ਬੈਠੀ ਹੈ ਤੇ ਇਸ ਕਹਾਣੀ ਦਾ ਅੰਤ ਤੀਜੀ ਪੀੜ੍ਹੀ ਦੀ ਵਿਦਰੋਹੀ ਸੁਰ ਵਿਚ ਮੂਰਤੀਮਾਨ ਹੁੰਦਾ ਹੈ। ਇਹ ਕਹਾਣੀ ਇਸ ਸੰਗ੍ਰਹਿ ਦੀ ਸਭ ਤੋਂ ਸ਼ਕਤੀ-ਸ਼ਾਲੀ ਕਹਾਣੀ ਹੈ। 'ਦੋ ਰਫ਼ਲਾਂ ਦਾ ਕਰਾਸ' ਆਪਣੀ ਕਿਸਮ ਦੀ ਕਹਾਣੀ ਹੈ ਜਿਸ ਵਿਚ ਪੜ੍ਹਿਆ ਲਿਖਿਆ ਪਾਤਰ ਗੁਰਪ੍ਰੀਤ ਕੈਨੇਡੀਅਨ ਸਭਿਆਚਾਰ ਦੀ ਨਕਲ ਕਰਨਾ ਚਾਹੁੰਦਾ ਹੈ ਤੇ ਆਪਣੇ ਆਪ ਨੂੰ ਅਨਪੜ੍ਹ ਪਾਤਰਾਂ ਨਾਲੋਂ ਵਧੇਰੇ ਸੂਝ-ਭਰਪੂਰ ਸਮਝਦਾ ਹੈ ਪਰ ਜਦੋਂ ਬਿਪਤਾ ਪੈਂਦੀ ਹੈ ਤਾਂ ਉਹ ਅਨਪੜ੍ਹ ਪਾਤਰ ਹੀ ਉਸਦੀ ਸਹਾਇਤਾ ਲਈ ਬਹੁੜਦਾ ਹੈ।

'ਜ਼ਮੀਰ', 'ਮੁਖੜਾ ਚੰਨ ਵਰਗਾ', ਉਲ੍ਹੀ ਵਾਲੇ ਲੱਡੂ', 'ਬਾਹਰੋਂ ਆਇਆ ਆਦਮੀ'—ਚਾਰ ਕਹਾਣੀਆਂ ਕੈਨੇਡਾ-ਪੰਜਾਬ ਦੀਆਂ ਧਰਤੀਆਂ ਤੇ ਵਾਪਰਦੀਆਂ ਹਨ। ਆਰਥਕ ਸਬੰਧ ਸਮਾਜਕ ਰਿਸ਼ਤਿਆਂ ਵਿਚ ਕਿਸ ਤਰ੍ਹਾਂ ਦੀਆਂ ਤਬਦੀਲੀਆਂ ਲਿਆਉਂਦੇ ਹਨ--ਇਹ ਹੀ ਇਨ੍ਹਾਂ ਕਹਾਣੀਆਂ ਦਾ ਵਿਸ਼ਾ ਵਸਤੂ ਹੈ। ਇਹ ਚਾਰੇ ਕਹਾਣੀਆਂ ਆਪਣੇ ਆਪਣੇ ਮੰਤਵ ਵਿਚ ਸਫ਼ਲ ਤੇ ਸਰੇਸ਼ਟ ਹਨ।

ਪਰ 'ਅਜ਼ਾਦੀ ਦਾ ਦਿਨ', 'ਸੋਨਚਿੜੀ ਜਾਂ ਮੱਖੀ' ਤੇ 'ਅਗਲੀ ਕਹਾਣੀ' ਇਸ ਸੰਗ੍ਰਹਿ ਦੀਆਂ ਅਤਿ ਕਮਜ਼ੋਰ ਕਹਾਣੀਆਂ ਹਨ। ਇਨ੍ਹਾਂ ਦਾ ਵਿਸ਼ਾ ਵਸਤੂ ਤੇ ਨਿਭਾਅ ਕਾਫ਼ੀ ਹੱਦ ਤਕ ਕਮਜ਼ੋਰ ਹੈ।

ਕਲਾਤਮਕ ਪੱਖੋਂ ਅਮਰਜੀਤ ਦੀਆਂ ਕਹਾਣੀਆਂ ਦਾ ਅਧਿਐਣ ਸਾਨੂੰ ਇਸ ਸਿੱਟੇ ਤੇ ਲੈ ਆਉਂਦਾ ਹੈ ਕਿ ਅਜੇ ਉਸਨੇ ਕਹਾਣੀ-ਕਲਾ ਆਰੰਭੀ ਹੈ ਤੇ ਕਿਸੇ ਵੀ ਕਲਾ ਵਿਚ ਨਿਪੁਨਤਾ ਪ੍ਰਾਪਤ ਕਰਨ ਲਈ ਲੰਮੀ ਘਾਲਣਾ, ਘਾਲਣੀ ਪੈਂਦੀ ਹੈ। ਨਿੱਕੀ ਕਹਾਣੀ ਦੀਆਂ ਵਿਸ਼ੇਸ਼ਤਾਵਾਂ ਜਿਵੇਂ ਸੰਖੇਪਤਾ, ਨਾਟਕੀਅਤਾ, ਸੁਭਾਵਿਕਤਾ ਰੌਚਕਤਾ ਤੇ ਇਕਾ-ਗਰਤਾ ਆਦਿ ਵਿਸ਼ਾਲ ਅਨੁਭਵ ਨਾਲ ਆਉਂਦੀਆਂ ਹਨ। ਫਿਰ ਵੀ ਅਮਰਜੀਤ ਤੋਂ ਇਹ ਆਸ ਕੀਤੀ ਜਾ ਸਕਦੀ ਹੈ ਕਿ ਉਹ ਡੂੰਘੇ ਅਧਿਐਨ ਤੇ ਵਿਸ਼ਾਲ ਅਨੁਭਵ ਨੂੰ ਅਪਣਾ ਕੇ ਕਲਾਤਮਕ ਕਚਿਆਈਆਂ ਤੇ ਕਾਬੂ ਪਾ ਸਕਣ ਦੀ ਸਮਰੱਥਾ ਰਖਦਾ ਹੈ। 'ਅਹਿਸਾਸ' ਤੇ 'ਆਖ਼ਰੀ ਦਿਨ' ਇਸ ਦੀ ਸਾਖੀ ਭਰਦੀਆਂ ਹਨ।

○

'ਕੈਨੇਡਾ ਦਰਪਣ' ਦੇ ਚੰਦੇ ਦਾ ਫ਼ਾਰਮ

SUBSCRIPTION FORM

To


The Canada Darpan
P.O.Box. 67344,STN.'O'
VANCOUVER,B.C.
CANADA V5W 3T1

Phone.(604) 324-6111

I am enclosing a □ cheque □ M.O. □ Draft as my Subscription for the year(s).......I may be sent the newspaper at the following adress:

Name...
Address...
City...
Province..
Postal code..
PHONE.

One Year..........................15 dollars
Two Year..........................25 dollars
Three year........................35 dollars
Life membership.............200 dollars
ASIA.............................40 dollars(a year)
U.S.A............................20 dollars(a year)
Europe..........................35 dollars(a year)
Africa............................35 dollars(a year)



First double the Number then add So, It is 189


ਪੰਜਾਬੀ ਫਿਲਮਾਂ



ਦਲਜੀਤ ਕੌਰ : ਪਾਹਲ ਪ੍ਰੋਡੈਕਸ਼ਨਜ਼ ਦੀ ਫਿਲਮ 'ਰੂਪ ਸ਼ਕੀਨਣ ਦਾ' ਵਿਚ



ਸ਼ੋਮਾ ਆਨੰਦ : ਪੰਜਾਬੀ ਫਿਲਮਾਂ ਵਿਖੇ ਸਥਾਪਤ ਹੋਣਾ ਲੋਚਦੀ ਹੈ।



'ਖਲਨਾਇਕਾਂ' ਦਾ ਸਰਤਾਜ : ਅਮਰੀਸ਼ ਪੁਰੀ

ਵਿਸ਼ੇਸ਼ ਲੇਖ

ਪੰਜਾਬ ਦੇ ਮੇਲਿਆਂ ਦਾ ਸਭਿਆਚਾਰ

(ਵਿਸ਼ੇਸ਼ ਪ੍ਰਤੀਨਿਧ) ਮਨਜੀਤ ਸਿੰਘ ਰੱਤੂ

ਸਿਆਣਿਆਂ ਦਾ ਕਥਨ ਹੈ ਕਿ ਪਿੰਡ ਗਹੀਰਿਆਂ ਤੋਂ ਹੀ ਪਛਾਣਿਆਂ ਜਾ ਸਕਦਾ ਹੈ ਤੇ ਕਿਸੇ ਘਰ ਦੇ ਭਾਗਾਂ ਦਾ ਪਤਾ ਉਸਦੀ ਡਿਊਢੀ ਤੋਂ ਹੀ ਲੱਗ ਜਾਂਦਾ ਹੈ। ਠੀਕ ਇਵੇਂ ਹੀ ਕਿਸੇ ਖਿੱਤੇ ਦੇ ਲੋਕਾਂ ਦੀ ਸਭਿਆਚਾਰਕ ਅਮੀਰੀ ਦਾ ਅਨੁਮਾਨ ਇਸ ਦੇ ਮੇਲਿਆਂ ਤੋਂ ਸਹਿਜੇ ਹੀ ਲਾਇਆ ਜਾ ਸਕਦਾ ਹੈ। ਪੰਜਾਬ ਨੂੰ ਸਭਿਅਤਾ ਦਾ ਪੰਘੂੜਾ ਅਤੇ ਨਾਇਕਾਂ, ਸੰਤਾਂ, ਤੇ ਵਿਦਵਾਨਾਂ ਦੀ ਨਰਸਰੀ ਕਿਹਾ ਗਿਆ ਹੈ। ਬੇਅੰਤ ਬਾਹਰੀ ਹਮਲਿਆਂ ਕਾਰਨ ਇਹ ਕਈ ਸਭਿਆਤਵਾਂ ਦਾ ਸੰਗਮ-ਸਥਾਨ ਕਿਹਾ ਗਿਆ ਹੈ। ਗੁਰੂਆਂ-ਅਵਤਾਰਾਂ ਪੀਰਾਂ, ਸੰਗਤਾਂ-ਭਗਤਾਂ ਤੇ ਬਲਕਾਰੀ ਯੋਧਿਆਂ ਦੀ ਇਸ ਰੰਗੀਲੀ ਧਰਤ ਉਤੇ ਬੇਸ਼ੁਮਾਰ ਮੇਲੇ ਭਰਦੇ ਰਹੇ ਹਨ। ਇਕ ਅਨੁਮਾਨ ਅਨੁਸਾਰ 1947 ਤੋਂ ਪਹਿਲਾਂ ਸਾਂਝੇ ਪੰਜਾਬ ਵਿਚ 7000 ਦੇ ਲਗਪਗ ਮੇਲੇ ਲਗਦੇ ਸਨ। ਵੰਡ ਉਪਰੰਤ ਭਾਰਤੀ ਪੰਜਾਬ ਵਿਚ ਇਹਨਾਂ ਦੀ ਗਿਣਤੀ 4000 ਦੇ ਕਰੀਬ ਰਹਿ ਗਈ। 1961 ਦੇ ਇਕ ਸਰਵੇਖਣ ਅਨੁਸਾਰ ਉਸ ਸਮੇਂ ਇਹ ਗਿਣਤੀ 3961 ਸੀ ਜਿਹਨਾਂ ਵਿਚੋਂ 2027 ਮੇਲੇ ਸਾਡੇ ਵਰਤਮਾਨ ਪੰਜਾਬ ਦੀਆਂ ਹੱਦਾਂ ਅੰਦਰ ਲਗਦੇ ਹਨ। ਪਰ ਬਦਲੀਆਂ ਸਮਾਜਿਕ-ਪ੍ਰਸਥਿਤੀਆਂ ਕਾਰਨ ਅਜੋਕੇ ਪੰਜਾਬ ਵਿਚ ਲਗਦੇ ਮੇਲਿਆਂ ਦੀ ਗਿਣਤੀ ਘੱਟ ਕੇ 1100 ਦੇ ਕਰੀਬ ਹੀ ਰਹਿ ਗਈ ਹੈ।

ਸਾਡੇ ਇਹ ਮੇਲੇ ਕਿਸੇ ਤਿਉਹਾਰ ਜਾਂ ਗੁਰੂ-ਪੀਰ, ਦੇਵੀ ਦੇਵਤੇ, ਜਾਤ-ਗੋਤ ਦੇ ਵੱਡੇ ਵਡੇਰੇ ਜਾਂ ਸ਼ਹੀਦ ਦੇ ਜਨਮ-ਮਰਨ ਦਿਵਸ ਜਾਂ ਉਸਦੇ ਜੀਵਨ ਦੀ ਕਿਸੇ ਘਟਨਾ ਨਾਲ ਸਬੰਧਤ ਸਮੇਂ ਅਤੇ ਸਥਾਨ ਤੇ ਲਗਦੇ ਹਨ।

ਸਾਡਾ ਸਮਾਜ ਭਿੰਨ ਭਿੰਨ ਸੁਮਦਾਵਾਂ, ਫਿਰਕਿਆਂ, ਜਾਤਾਂ, ਗੋਤਾਂ ਦੇ ਫੁੱਲਾਂ ਵਾਲਾ ਉਹ ਗੁਲਦਸਤਾ ਹੈ ਜਿਸਦੀ ਅਨੇਕਤਾ ਵਿਚ ਵੀ ਏਕਤਾ ਦੀ ਮਹਿਕ ਆਉਂਦੀ ਹੈ। ਇਹੀ ਕਾਰਨ ਹੈ ਕਿ ਇਥੇ ਮੇਲਾ ਭਾਵੇਂ ਹਜ਼ਰਤ ਮੁਹਕਮਦੀਨ ਦੀ ਰੌਸ਼ਨੀ ਦਾ ਹੋਵੇ ਜਾਂ ਛਪਾਰ ਦਾ ਗੁੱਗੇ ਦਾ ਮੇਲਾ, ਹਿੰਦੂ, ਮੁਸਲਮਾਨ, ਸਿੱਖ ਬਿਨਾਂ ਕਿਸੇ ਭੇਦ ਭਾਵ, ਰੰਗ, ਨਸਲ, ਜਾਤ ਗੋਤ ਦੇ ਹੁੰਮ ਹੁਮਾ ਕੇ ਉਸਦੇ ਪੁੱਜਦੇ ਹਨ। ਕਈ ਮੇਲੇ ਤਾਂ ਸਾਡੇ ਸਾਂਝੇ ਸਭਿਆਚਾਰ ਦੇ ਪਰਤੀਕ ਹੀ ਬਣ ਨਿਬੜੇ ਹਨ। ਜ਼ਿਲਾ ਲੁਧਿਆਣਾ ਦੇ ਬਲਾਕ ਸਿਧਵਾਂ ਬੇਟ ਵਿਚ ਸ਼ੇਖ ਅਤੇ ਤਲਵਾੜਾ ਪਿੰਡ ਵਿਚਕਾਰ ਲਗਦਾ 'ਸ਼ਾਹ ਕਤਾਰ ਦਾ ਮੇਲਾ' ਇਸ ਗੱਲ ਦੀ ਜਿਉਂਦੀ ਜਾਗਦੀ ਉਦਾਹਰਣ ਹੈ। ਇਹ ਮੇਲਾ ਲਗਦਾ ਇਕ ਮੁਸਲਮਾਨ ਸਾਂਈ ਦੇ ਮਜ਼ਾਰ ਤੇ ਹੈ, ਹਿੰਦੂ ਰੁਹ-ਰੀਤ ਅਨੁਸਾਰ ਮੇਲੇ ਦੇ ਦਿਨ ਪੈਂਦਾ ਇਥੇ ਹਵਨ ਹੈ ਤੇ ਅਜੋਕੇ ਸਮੇਂ ਸਿੱਖ ਢਾਡੀ ਗੁਰੂ ਸਾਹਿਬਾਨ ਤੇ ਸਿੱਖ ਸ਼ਹੀਦਾਂ ਦੀਆਂ ਵਾਰਾਂ ਗਾਉਂਦੇ ਹਨ। ਸਾਡੀ ਇਸ ਸਭਿਆਚਾਰਕ ਸਾਂਝ ਦੇ ਸਿੱਟੇ ਵਜੋਂ ਮੇਲਿਆਂ ਨਾਲ ਸਬੰਧਤ ਮਹਾਂ ਪੁਰਸ਼ਾਂ ਲਈ ਵਰਤੇ ਜਾਣ ਵਾਲੇ ਵਿਸ਼ੇਸ਼ਣੀ ਸ਼ਬਦ ਪੀਰ ਅਤੇ ਵੀਰ ਆਪਸ ਵਿਚ ਏਨੇ ਖਲਤ-ਮਲਤ ਹੋ ਗਏ ਹਨ ਕਿ ਕਈ ਵਾਰ ਤਾਂ ਇਹ ਨਿਰਣਾ ਕਰਨਾ ਹੀ ਕਠਨ ਹੋ ਜਾਂਦਾ ਹੈ ਕਿ ਸਬੰਧਤ ਮਹਾਂ ਪੁਰਸ਼ ਕੋਈ ਹਿੰਦੂ ਸੀ ਸਿੱਖ ਜਾਂ ਮੁਸਲਮਾਨ। ਲੋਕ-ਮਨਾ ਵਿਚ ਵਿਚਰਦੀ ਇਸ ਸਾਝੀ ਸਭਿਆਚਾਰਕ ਰੌ ਕਾਰਨ ਕਈ ਮੇਲਿਆਂ ਨਾਲ ਸਬੰਧਤ ਕਥਾਵਾਂ ਇਕ ਦੂਜੇ ਨਾਲ ਘੁਲ ਮਿਲ ਹੀ ਜਾਂਦੀਆਂ ਹਨ। ਮਿਸਾਲ ਵਜੋਂ ਰਾਇਕੋਟ ਜ਼ਿਲਾ ਲੁਧਿਆਣਾ ਵਿਚ ਲਗਦੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਟਾਹਲੀਆਣਾ ਸਾਹਿਬ ਤੇ ਮੇਲੇ ਵਾਂਗ ਲੁਹਾਰਾ(ਜ਼ਿਲਾ ਹੁਸ਼ਿਆਰਪੁਰ) ਵਿਚ ਲਗਦੇ 'ਮਾਹੀਸਿਧ' ਦੇ ਮੇਲੇ, ਸ਼ਾਹਪੁਰ(ਜ਼ਿਲਾ ਗੁਰਦਾਸਪੁਰ) ਵਿਚ ਲਗਦੇ ਬਾਬਾ ਸਿਰੀ ਚੰਦ ਦੇ 'ਸਾਰ ਦੇ ਮੇਲੇ' ਤੇ ਕਾਲਾ ਸਿੰਘ ਉਰਫ ਕਾਲਾ ਮਹਿਰ ਦੇ ਕੋਟ ਕਪੂਰੇ ਵਿਚ ਲਗਦੇ ਮਹਿਰਾਨ ਦੇ ਮੇਲੇ ਨਾਲ ਸਬੰਧਤ ਮਹਾਂ ਪੁਰਸ਼ਾਂ ਵਲੋਂ ਕਿਸੇ ਔਸਰ ਝੋਟੀ ਜਾਂ ਤੋਕੜ ਮੱਝ ਨੂੰ ਚੋਣ ਦੀਆਂ ਕਥਾਵਾਂ ਇਕੋ ਕਥਾ ਦੇ ਹੀ ਪਰਤਵੇਂ ਰੂਪ ਹਨ। ਇਵੇਂ ਹੀ ਪਿੰਡ ਸ਼ਹੀਦ(ਜ਼ਿਲਾ ਅੰਮ੍ਰਿਤਸਰ) ਵਿਚ ਲਗਦੇ ਬਾਬਾ ਦੀਪ ਸਿੰਘ ਸ਼ਹੀਦ ਦੇ ਮੇਲੇ ਵਾਂਗੂ ਮਾਮਨ ਸ਼ਾਹ ਦੀ ਯਾਦ 'ਚ ਲਗਦੇ ਗਾਲਿਬ ਕਲਾਂ(ਜ਼ਿਲਾ ਲੁਧਿਆਣਾ) ਦੇ ਮੇਲੇ, ਪਿੰਡ ਕਪੂਰੇ(ਫਰੀਦਕੋਟ) ਵਿਚ ਲਗਦੇ ਸੱਯਦ ਕਬੀਰ ਦੇ ਮੇਲੇ, ਕੋਦੋਂ(ਜ਼ਿਲਾ ਪਟਿਆਲਾ) ਵਿਚ ਲਗਦੇ ਬਾਰਾ ਸਿੱਧ ਦੇ ਮੇਲੇ, ਟੁੱਟ(ਜ਼ਿਲਾ ਜਲੰਧਰ) ਵਿਚ ਭਰਦੇ ਬਾਣਾ 'ਹਰੀਏ ਦੇ ਮੇਲੇ' ਪਿੰਡ ਰੋਲਾ(ਜ਼ਿਲਾ ਬਠਿੰਡਾ) ਵਿਚ ਲਗਦੇ ਚਾਹਲ ਗੋਤ ਦੇ ਵਡੇਰੇ ਜੋਗੀ ਪੀਰ ਦੇ ਮੇਲੇ ਤੇ ਮਾੜੀ(ਜ਼ਿਲਾ ਫਰੀਦਕੋਟ) ਵਿਚ ਲਗਦੇ ਮਲ੍ਹੀ ਜੱਟਾਂ ਦੇ ਵਡੇਰੇ ਲਛਕਣ ਸਿੱਧ ਦੇ ਮੇਲਿਆਂ ਦੇ ਬਜ਼ੁਰਗਾਂ ਦੀਆਂ ਸਿਰ ਵੱਢੇ ਉਪਰੰਤ ਵੀ ਦੁਸ਼ਮਣਾਂ ਨਾਲ ਜੂਝਣ ਦੀਆਂ ਕਥਾਵਾਂ ਲਗਪਗ ਇਕੋ ਜਿਹੀਆਂ ਹਨ।

ਮੇਲਿਆਂ ਦੇ ਸਭਿਆਚਾਰ ਤੇ ਝਾਤ ਮਾਰਦਿਆਂ, ਲੋਕ ਮਨ ਵਿਚ ਧੁਰ ਡੂੰਘੇ ਉਤਰੇ ਵਿਸ਼ਵਾਸ਼ਾਂ, ਕਰਮ ਕਾਂਡਾਂ, ਰਹੁ ਰੀਤਾਂ, ਮੰਨ ਮਨੌਤਾਂ ਦੇ ਵਿਭਿੰਨ ਤੇ ਅਜੀਬੋ-ਗਰੀਬ ਤੱਥ ਸਾਡੇ ਦ੍ਰਿਸ਼ਟੀ ਗੋਚਰ ਹੁੰਦੇ ਹਨ। ਜਿਨਾਂ ਤੋਂ ਸਾਡੇ ਸਮਾਜ ਤੇ ਧਰਮ ਦੀ ਪੀਢਾ ਪਕੜ ਦਾ ਪਤਾ ਲਗਦਾ ਹੈ। ਕਈ ਵੇਰ ਤਾਂ ਇਹ ਵਿਸ਼ਵਾਸ਼ ਵਹਿਮਾਂ-ਭਰਮਾਂ ਦੇ ਪਾਲਨ -ਪਰੀਚਾਲਨ ਦਾ ਕਾਰਨ ਬਣ ਜਾਂਦੇ ਹਨ। ਕਿਸੇ ਮੇਲੇ ਵਿਚ ਲੋਕ ਜਿਥੇ ਆਪਣੇ ਇਸ਼ਟ ਜਾਂ ਵੱਡੇ ਵਡੇਰੇ ਨੂੰ ਮੱਥਾ ਟੇਕਦੇ ਹਨ ਜਾਂ ਸਿਜਦਾ ਕਰਦੇ ਹਨ। ਉਥੇ ਕਈ ਮਿੱਟੀ ਕੱਢਦੇ, ਮੁੱਠੀਆਂ ਭਰਦੇ, ਜੰਡਾਂ ਕਰੀਰਾਂ ਨੂੰ ਧਾਂਗੇ ਪਰਾਂ ਦੀਆਂ ਚੁੰਨੀਆਂ ਸਿਹਰੇ ਤੇ ਪੰਘੂੜੇ ਆਦਿ ਬੰਨਦੇ, ਚੌਕੀਆਂ ਭਰਦੇ ਤੇ ਚਿਰਾਗ ਕਰਦੇ ਹਨ ਤੇ ਕਈ ਵੇਰ ਕੁਝ 'ਚੇਲਾ' ਬਣ ਚਿਮਟਿਆਂ ਸੰਗਲਾਂ ਨਾਲ ਆਪਣੇ ਸਰੀਰ ਨੂੰ ਕੁਟਦੇ ਹਨ, ਖੇਡਦੇ ਹਨ। ਸੁੱਖਣਾਂ ਵਜੋਂ ਉਹ ਇਹਨਾਂ ਸਥਾਨਾਂ ਤੇ ਪ੍ਰਸ਼ਾਦ,ਸੀਰਨੀ, ਚੌਲ, ਬੱਕਰੇ ਮੀਢੇ, ਗਿਲਾਫ, ਚੁੰਨੀਆਂ, ਕਣਕ, ਕਪਾਹ, ਲੂਣ, ਬਹੁਕਰਾਂ, ਕਪੜੇ ਤੇ ਕਾਗਜ਼ ਦੇ ਫੁੱਲ ਬੂਟੇ ਅਤੇ ਘੋੜੇ, ਗੇਂਦਾ ਜੋੜੇ ਚਾਂਦੀ ਦੇ ਸੱਪ, ਚਾਂਦੀ ਦੀਆਂ ਜੂੰਆਂ, ਲੱਡੂ, ਦੁੱਧ ਖੀਰ ਤੇ ਕੁਝ ਥਾਈਂ ਸ਼ਰਾਬ ਵੀ ਚੜ੍ਹਾਉਂਦੇ ਹਨ ਇਹਨਾ ਮੇਲਿਆਂ ਨਾਲ ਕੰਧਾਂ ਦੇ ਤੁਰਨ, ਜ਼ੀਂਦੇ ਜੀ ਧਰਤੀ ਵਿਚ ਸਮਾਣ, ਮੋਏ ਜਿਵਾਉਣ, ਔਲਾਦ ਬਖਸ਼ਣ ਮੀਂਹ ਪਵਾਣ, ਸੱਪ ਕੱਟਿਆਂ ਦੇ ਇਲਾਜ ਕਰਨ ਦੀਆਂ ਬੇਅੰਤ ਦੰਦ-ਕਥਾਵਾਂ ਜੁੜੀਆਂ ਹੋਈਆਂ ਹਨ। ਪਰ ਦਿਨੋ ਦਿਨ ਇਸ ਮੁਹਾਣ ਵਿਚ ਮੋੜ ਪੈ ਰਿਹਾ ਹੈ। ਗਿਆਨ ਵਿਗਿਆਨ ਦੇ ਵਧਦੇ ਚਾਨਣ ਸਦਕਾ ਨਵੀਂ ਪੀੜ੍ਹੀ ਦੇ ਲੋਕ ਧਰਮ ਵਿਚ ਆਸਥਾ ਰਖਦੇ ਹੋਏ ਵੀ ਮੇਲਿਆਂ ਨਾਲ ਜੁੜੀਆਂ ਕਰਾਮਾਤਾਂ ਤੇ ਰਸਮਾਂ ਨੂੰ ਸ਼ੰਕਾਂ ਦੀ ਨਜ਼ਰ ਨਾਲ ਦੇਖਦੇ ਤੇ ਹਰ ਗੱਲ ਨੂੰ ਵਿਗਿਆਨ ਦੀ ਕਸਵੱਟੀ ਤੋਂ ਪਰਖ ਰਹੇ ਹਨ। ਇੰਝ ਅੱਜ ਪੁਰਾਣੇ ਵਿਸ਼ਵਾਸ਼ ਤੇ ਵਹਿਮ ਭਰਮ ਥਿੜਕ-ਭੱਜ ਰਹੇ ਹਨ।

ਵੰਡ ਤੋਂ ਪਹਿਲਾਂ ਪੰਜਾਬ ਦੇ ਅਲਬੇਲੇ ਗੱਭਰੂ ਮਹੀਨਿਆਂ ਬੱਧੀ ਕਿਸੇ ਮੇਲੇ ਦੀ ਉਡੀਕ ਕਰਕੇ ਸਨ ਤੇ ਜਦ ਮੇਲੇ ਦਾ ਦਿਨ ਢੁਕਦਾ ਤਾਂ ਉਹ ਆਪਣੇ ਖੇਤ-ਫਸਲਾਂ ਦੇ ਸਾਰੇ ਕੰਮ ਸਮੇਟ ਕੇ ਆਪਣੇ ਊਠਾਂ ਘੋੜਿਆਂ ਨੂੰ ਸ਼ਿੰਗਾਰ, ਟੌਰਾਂ ਖਿੱਚ, ਤੇਲ ਭਿੱਜੀਆਂ, ਕੋਕੇ ਜੜ੍ਹੀਆਂ, ਸੰਮਾਂ ਵਾਲੀਆਂ ਡਾਗਾਂ ਨੂੰ ਕੱਛੇ ਮਾਰ ਟੋਲੀਆਂ ਢਾਣੀਆਂ ਵਿਚ ਮੂੰਹ-ਝਾਖਰੇ ਮੇਲੇ ਲਈ ਤਿਆਰੀ ਬੰਨ੍ਹ ਲੈਂਦੇ। ਮੇਲੇ ਨਾਲ ਸਬੰਧਤ ਸਥਾਨ ਦੇ ਬਾਹਰ ਗਭਰੂਆਂ ਦੀਆਂ ਢਾਣੀਆਂ, ਢੋਲਾਂ, ਚਿਮਟੀਆਂ, ਸੱਪਾਂ ਤੇ ਕਾਟੋਆਂ ਨਾਲ ਬੋਲੀਆਂ ਪਾਉਂਦੀਆਂ, ਲਲਕਾਰੇ ਮਾਰਦੀਆਂ, ਖਰੂਦ ਕਰਦੀਆਂ, ਨਚਦੀਆਂ ਟੱਪਦੀਆਂ, ਇਧਰੋ ਉਧਰ ਤੇ ਉਧਰੋਂ ਇਧਰ ਘੁੰਮਦੀਆਂ ਰਹਿੰਦੀਆਂ ਤੇ ਇਨ੍ਹਾਂ ਦੇ ਮੂੰਹੋਂ ਬੋਲੀਆਂ ਮੀਂਹ ਵਾਂਗ ਵਰ੍ਹਦੀਆਂ। ਕਈਆਂ ਬੋਲੀਆਂ ਵਿਚ ਮੀਂਹ ਵਾਂਗ ਰਸ ਵਰਸਦਾ। ਕਈ ਬੋਲੀਆਂ ਵਿਚ ਤਾਂ ਮੇਲੇ ਦਾ ਪੂਰਾ ਹੀ ਨਕਸ਼ਾ ਖਿਚਿਆਂ ਹੁੰਦਾ ਹੈ ਜਿਵੇਂ :—

ਸੁਣ ਲਓ ਵਈ ਮੁੰਡਿਓ ਭਾਈ
ਕਾਕਾ ਬੋਲੀਆਂ ਪਾਵੇ।
ਚੋਬਰ ਫਿਟ ਜੰਮਿਆਂ ਜਿਹੜਾ
ਨਾ ਰੌਸ਼ਨੀ ਤੇ ਆਵੇ।
ਜੰਮਣੋ ਕੀ ਬੁੜਿਆ
ਜੇ ਨਾ ਦੱਸ ਕੇ ਗੰਡਾਸੀ ਵਾਹਵੇ।
ਆਹੁ ਢਾਣੀ ਭੱਜ ਨਿਕਲੀ,
ਪੱਗਾਂ ਲੱਥੀਆਂ ਚਾਦਰੇਸਾਵੇ,
ਸਾਬਤੀ ਸਰਾਂ ਗੂੰਜਦੀ।
ਜਦੋਂ ਬਲੀ ਬੱਸੀਆਂ ਦਾ ਗਾਵੇ।
ਬਚਨਾ ਮਸਤ ਗਿਆ
ਜਿਹੜਾ ਊਠ ਨੂੰ ਜੱਫੀਆਂ ਪਾਵੇ
ਠੇਕੇਦਾਰ ਭਾਨ ਗਿਣਦਾ
ਉਹਨੂੰ ਭਾਨ ਗਿਣਨੀ ਨਾ ਆਵੇ
ਠੇਕੇ ਦਾ ਬਾਰ ਭੱਜਿਆਂ
ਉਹਦਾ ਰੋਣ ਨਿਕਲਦਾ ਜਾਵੇ
ਠਾਣੇਦਾਰ ਝੱਗ ਸਿੱਟਦਾ
ਪਰ ਡਰਦਾ ਪਿਛਾਹ ਨੂੰ ਜਾਵੇ
ਬੋਤਲ ਵਰ੍ਹਦੀ ਤੋਂ ਵਈ
ਭੱਜ ਕੇ ਜਾਨ ਬਚਾਵੇ
ਮੇਲਣ ਸੱਪ ਵਰਗੀ
ਛੜਾ ਘੜੀਸੀ ਜਾਵੇ

ਜਿਸ ਗੱਭਰੂ ਦੀ ਡੱਬ ਵਿਚ ਬੋਤਲ ਤੇ ਹੱਥ ਡਾਂਗ ਨਾ ਹੋਵੇ ਉਹ ਨਿੱਜ ਨੂੰ ਮੇਲੇ ਆਇਆ। ਅਜਿਹੀ ਕੋਈ ਢਾਣੀ ਕਿਸੇ ਹੋਰ ਨਾਲ ਉਲਝ ਪੈਂਦੀ ਤਾ ਮੇਲੇ ਵਿਚ ਡਾਂਗ ਵਰਨ ਲਗ ਪੈਂਦੀ ਤੇ ਸਾਰਾ ਮੇਲਾ ਹੀ ਹਿੱਲ ਤੁਰਦਾ ਕਿਧਰੇ ਕਿਸੇ ਸੰਘਣੇ ਬੋਹੜ, ਪਿੱਪਲ ਹੇਠਾਂ ਗਲਾਂ ਵਿਚ ਕੈਂਠੇ ਪਾਈ ਚਿੱਟੇ ਕੁੜਤਿਆਂ ਚਿੱਟੇ ਚਾਦਰਿਆਂ ਤੇ ਉਚੇ ਸਮੂਲਿਆਂ ਵਾਲੇ ਅਲਗੋਜਿਆਂ, ਪੂਰਨ ਭਗਤ, ਕੌਲਾਂ, ਦਹੁਦ ਬਾਦਸ਼ਾਹ ਤੇ ਮਿਰਜ਼ਾ ਸਾਹਿਬਾਂ ਗਾਉਂਦੇ। ਗੇੜੇ ਲੇਟ ਗਾਉਂਦਿਆਂ ਉਨ੍ਹਾਂ ਚੋਂ ਖੱਦਰ ਦੇ ਗਿਲਾਸਾਂ 'ਚ ਹਾੜਾ ਪਾ, ਗਟਾ ਗਟ ਪੀ, ਮੁੱਛਾਂ ਤੇ ਹੱਥ ਫੇਰ ਕੇ ਆਪਣੇ ਨਾਲ ਦਿਆਂ ਨਾਲ ਫੇਰ ਫਾਜ ਜਾਂ ਚੁਕਾਉਂਦੇ। ਗੱਵਈਆਂ ਦੇ ਬੋਲ ਲਾਊਡਸਪੀਕਰਾਂ ਦੇ ਮੁਥਾਜ ਨਹੀਂ ਸਨ ਹੁੰਦੇ। ਲੋਭ ਮਜਾਲ ਕਿਸੇ ਗਵਾਈਏ ਦੇ ਨੇੜਦੀ ਲੰਘਿਆਂ ਹੋਵੇ। ਜੇ ਅਖਾੜੇ ਚੋਂ ਕਿਸੇ ਨੇ ਦੂਜੀ ਵੇਰ ਰੁਪਿਆ ਦੇਣ ਲਗਣਾ ਤਾਂ ਗੱਵਈਏ ਨੇ ਹੱਥ ਬੰਨ ਝੁਕਿਆਂ ਇਕੋ ਤੇਰਾ ਲੱਖ ਵਰਗਾ ਦੂਜਾ ਮੋੜ ਕੇ ਜੇਬ੍ਹ ਵਿਚ ਪਾ ਲੈ। "ਆਖ ਉਸ ਦਾ ਸ਼ੁਕਰੀਆ ਅਦਾ ਕਰਨਾ ਪਹਿਰਾ" ਬੱਧੀ ਇਹ ਸਾਡੇ ਪੁਰਾਣੇ ਨਿਰਲੋਭੀ ਆਪਣੇ ਸਰੋਤਿਆਂ ਤੇ ਪ੍ਰਸੰਸਕਾਂ ਦੀ ਫਰਮਾਇਸ਼ ਤੇ ਖੁਸ਼ੀ ਲਈ ਗਾਉਂਦੇ।

ਮੁਸਲਮਾਨਾਂ ਦੇ ਨਕਸ਼ਬੰਦੀ ਸਿਲਸਿਲੇ ਦੇ ਮਹਾਂਪੁਰਸ਼ ਸ਼ੇਖ ਅਹਿਮਦ ਮੁਜੱਦਦ ਅਲਫਸਾਨੀ ਹੋਣ ਕਾਰਨ ਮਾਹੌਲ ਸ਼ਾਂਤ ਤੇ ਗੰਭੀਰ ਹੁੰਦਾ, ਲਗਪਗ ਹੋਰ ਸਭਨਾਂ ਮੇਲਿਆਂ ਤੇ ਕਿਸੇ ਨਾ ਕਿਸੇ ਰੂਪ ਵਿਚ ਗਪਤ-ਸੰਗੀਤ ਹੀ ਨਹੀਂ ਸਗੋਂ ਖੂਬ ਢੋਲ-ਢਮੱਕਾ, ਭੀੜ-ਭੜੱਕਾ ਹੁੰਦਾ। ਵੱਡੇ ਮੇਲਿਆਂ ਉਤੇ ਸਰਕੂਸਾਂ, ਜਿੰਦਾਂ ਡਾਨਸ, ਖੇਤ ਦੇ ਖੂਹ ਤੇ ਚੰਡੋਲਾਂ ਆਦਿ ਵੀ ਆਉਂਦੀਆਂ ਜ਼ਿੰਦਾਂ ਡਾਨਸ ਤੇ ਨੌਟੰਕੀਆਂ ਦੀ ਤੰਬੂਆਂ ਦੇ ਬਾਹਰ ਮਰਦ ਨਚਾਰਾਂ ਨੇ ਜਦ ਔਰਤਾਂ ਦੇ ਕੱਪੜੇ ਪਾ ਕੇ ਨੱਚਣਾ ਤੇ ਚੋਬਰਾਂ ਦੀਆਂ ਢਾਣੀਆਂ ਨੇ ਘੰਟਿਆਂ ਬੱਧੀ ਤੰਬੂਆਂ ਦੇ ਬਾਹਰ ਅੰਦਰ ਨਾਲੋਂ ਬਹੁਤੀ ਭੀੜ ਕਰ ਰੱਖਦੀ। ਮੇਲੇ ਤੋਂ ਪਹਿਲਾਂ ਗੱਭਰੂਆਂ ਨੇ ਪਿੰਡਾਂ ਵਿਚ ਜ਼ੋਰ ਕਰਨੇ ਤੇ ਮੇਲੇ ਉਤੇ ਕੁਸ਼ਤੀਆਂ, ਕਬੱਡੀ ਅਤੇ ਮੁਗਧਰ-ਬੋਰੀ ਚੁਕਣ, ਜਾਂ ਗੱਡੀਆਂ ਭਜਾਉਣ ਦੀਆਂ ਖੇਡਾਂ ਹੋਣੀਆਂ ਤਾਂ ਸਾਰੇ ਮੇਲੇ ਨੇ ਉਧਰ ਉਲਟ ਪੈਣਾ। ਮੇਲੇ ਤੋਂ ਪਹਿਲਾਂ ਮੇਲੇ ਵਾਲੇ ਸ਼ਹਿਰ ਜਾਂ ਪਿੰਡ ਦੇ ਲੋਕਾਂ ਨੇ ਮਣਾਂ ਮੂੰਹੀ ਆਟਾ ਪੀਹ, ਮੰਜੇ ਠੁਕਵਾ ਬਿਸਤਰੇ ਧੋ ਬਣਾ ਕੇ ਨੀਰਾ-ਪੱਠਾ ਲਿਆ ਰਖਣਾ ਤੇ ਦਰਜਨ ਦਰਜਨ ਪ੍ਰਾਹੁਣਿਆਂ ਨੇ ਮੇਲੇ ਦੇ ਤਿੰਨ ਤਿੰਨ ਦਿਨ ਇਨ੍ਹਾਂ ਸਕੀਰੀਦਾਰਾਂ ਦੇ ਘਰੀਂ ਸਣੇ ਊਠਾਂ ਘੋੜਿਆਂ ਡੇਰੇ ਲਾਈ ਰਖਣੇ।

ਪਰ ਸਮੇਂ ਦੇ ਨਾਲ ਨਾਲ ਸਾਡਾ ਸਭਿਆਚਾਰ ਬੜੀ ਤੇਜ਼ੀ ਨਾਲ ਬਦਲ ਰਿਹਾ ਹੈ। ਖਾਸ ਕਰ 1947 ਤੋਂ ਮਗਰੋਂ ਮੇਲਿਆਂ ਦੇ ਸਭਿਆਚਾਰ ਵਿਚ ਢੇਰ ਪ੍ਰੀਵਰਤਨ ਆਇਆ ਹੈ। ਅੱਜ ਸ਼ਹਿਰਾਂ ਤੋਂ ਪਿੰਡਾਂ ਤਕ ਸੜਕਾਂ ਦੇ ਜਾਲ ਵਿਛੇ ਪਏ ਹਨ। ਟੈਲੀਵੀਯਨ ਤੇ ਰੇਡੀਓ ਨੇ ਜਿਥੇ ਪੁਰਾਣੇ ਭਰਮਜਾਲ ਨੂੰ ਤਾਰ ਕੇ ਰਖ ਦਿਤਾ ਹੈ ਉਥੇ ਪੰਜਾਬੀਆਂ ਨੂੰ ਰਜਵਾ ਮਨ ਪਰਚਾਵਾ ਵੀ ਦਿਤਾ ਹੈ। ਅੱਜ ਸਾਡੇ ਲੋਕ ਮੇਲਿਆਂ ਨੂੰ ਉਤਸੁਕਤਾ ਨਾਲ ਨਹੀਂ ਉਡੀਕਦੇ। ਪਿੰਡਾਂ ਦੇ ਸ਼ਹਿਰੀ ਪੜ੍ਹਦੇ ਪਾਹੜੇ ਜਿਦਣ ਜੀਅ ਕਰੇ ਜਦੋਂ ਦਾਅ ਲੱਗੇ ਸਿਨਮੇ ਜਾ ਵੜਦੇ ਹਨ ਨਵੇਂ ਗਾਣਿਆਂ ਗੀਤਾ ਦੇ ਹਰ ਸਮੇਂ ਬਦਲਦੇ ਦੌਰਾ ਨੇ ਪੁਰਾਣੇ ਗੌਣਾਂ ਨਾਲੋਂ ਪੰਜਾਬੀਆਂ ਦਾ ਨਾਤਾ ਤੋੜ ਦਿਤਾ। ਹੈ। ਮੇਲੇ ਜਾਣ ਲਈ ਹੁਣ ਕੋਈ ਉਚੇਚੀ ਤਿਆਰੀ ਨਹੀਂ ਕਰਦਾ। ਪੜ੍ਹ ਲਿਖ ਜਾਣ ਕਾਰਨ ਲੋਕ ਆਮ ਦਿਨਾਂ ਵਿਚ ਵੀ ਮੇਲੇ ਵਾਂਗ ਹੀ ਤਿਆਰ ਬਰ

(ਬਾਕੀ ਪੰਨਾ 18 ਤੇ)

GOYAL : THE VIDEO KING

4160 & 4156 FRASER ST., VANCOUVER, B.C. V5V 4E8

Special Baisakhi Sale On Video Machines



Panasonic PV-5500K
Now for only $1249.95



PV-1310K
Now for only $775.00

220V Electrical Appliances Available

We Sell Panasonic, Toshiba, Sanyo, Fisher, Mitsubush Video Machines

Special Baisakhi Sale All Video Films (Hindi, Punjabi, Gujarati) Are Available at

99¢ A Day (24 hrs)

Released or Releasing :

ARPAN
* Raj Babbar * Jeetendra
* Reena Rai * Parveen Babi

* Rajinder Kumar & Mala Sinha in
GEET

Dharmendra & Sharmila Tagore in
YAKEEN

Kishore Sahu's
HARE KAANCH KI CHUDIYAN

Baisakhi Special
PREMI GANGARAM
(Punjabi)

Manoj Kumar in
SAAWAN KI GHATA

* Sunil Dutt * Waheeda Rehman in
EK PHOOL CHAR KANTE

AMITABH is coming with Zeenat, Hema In
NASTIK

Hit Punjabi Film
BHARJAEE

We 've the biggest Selection of Hindi/Punjabi new and old Video films.

Mail Orders Accepted

For more information, please phone at (604)873-8308